Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 33
November 22, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁਤੀ ਸ਼ਹਾਦਤ
(ਜਸਵੰਤ ਸਿੰਘ ਅਜੀਤ ਦਾ ਵਿਸ਼ੇਸ਼ ਲੇਖ ਦੇਖੋ ਸਫਾ 16 'ਤੇ)

# ਟਰੰਪ ਪ੍ਰਸ਼ਾਸਨ ਪ੍ਰਵਾਸੀਆਂ 'ਤੇ ਪਾਬੰਦੀ ਲਾਉਣ ਲਈ ਕਾਹਲਾ



**ਵਾਸ਼ਿਗਟਨ (ਬਿਊਰੋ)–** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਪਰਵਾਸੀਆਂ ਦੀ ਆਮਦ 'ਤੇ ਪਾਬੰਦੀ ਨੂੰ ਪੂਰੀ ਤਰ੍ਹਾਂ ਅਮਲ 'ਚ ਲਿਆਉਣ ਦੀ ਇਜਾਜ਼ਤ ਦਿੱਤੀ ਜਾਵੇ। ਫੈਡਰਲ ਅਪੀਲੀ ਅਦਾਲਤ ਨੇ ਪਿਛਲੇ ਹਫ਼ਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਵੇਂ ਪਾਬੰਦੀ ਨਿਯਮਾਂ ਨੂੰ ਕੁਝ ਹੱਦ ਤੱਕ ਅਮਲ 'ਚ ਲਿਆਉਣ ਦੀ ਇਜਾਜ਼ਤ ਦਿੱਤੀ ਸੀ।

ਪਿਛਲੇ ਮਹੀਨੇ ਹਵਾਈ ਦੀ ਫੈਡਰਲ ਅਦਾਲਤ ਨੇ ਟਰੰਪ ਵੱਲੋਂ ਪਰਵਾਸੀਆਂ ਦੀ ਆਮਦ ਰੋਕਣ ਲਈ ਲਾਈ ਜਾ ਰਹੀ ਤੀਜੀ ਪਾਬੰਦੀ ਨੂੰ ਅਮਲ 'ਚ ਲਿਆਉਣ ਤੋਂ ਤੁਰੰਤ ਪਹਿਲਾਂ ਹੀ ਰੋਕ ਦਿੱਤਾ ਸੀ।

ਮੈਰੀਲੈਂਡ ਦੀ ਜੱਜ ਨੇ ਇਸ ਪਾਬੰਦੀ ਨੂੰ ਵੱਖਰੇ ਤੌਰ 'ਤੇ ਘਟਾ ਕੇ ਰੋਕ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਇਰਾਨ, ਲਿਬੀਆ, ਸੋਮਾਲੀਆ, ਸਿਰੀਆ, ਯਮਨ ਤੇ ਚਾਡ ਦੇ ਲੋਕਾਂ ਨੂੰ ਟਰੰਪ ਪ੍ਰਸ਼ਾਸਨ ਤਾਂ ਹੀ ਰੋਕ ਸਕਦਾ ਹੈ ਜੇ ਉਨ੍ਹਾਂ ਦਾ ਅਮਰੀਕਾ 'ਚ ਕੋਈ ਰਿਸ਼ਤੇਦਾਰ ਨਹੀਂ ਹੈ। ਅਮਰੀਕਾ ਦੇ ਨਿਆ ਵਿਭਾਗ ਨੇ ਸੋਮਵਾਰ ਨੂੰ ਅਰਜ਼ੀ ਦਾਇਰ ਕਰਕੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਹਵਾਈ ਦੇ ਜੱਜ ਦੇ ਹੁਕਮਾਂ 'ਤੇ ਰੋਕ ਲਾਈ ਜਾਵੇ।

### ਕ੍ਰਿਸਮਸ ਮੌਕੇ ਟੈਕਸ ਘਟਾਉਣ ਦਾ ਵਾਅਦਾ

ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਅਦਾ ਕੀਤਾ ਕ੍ਰਿਸਮਸ ਮੌਕੇ ਵੱਡੇ ਪੱਧਰ 'ਤੇ ਟੈਕਸ ਘਟਾਏ ਜਾਣਗੇ। ਕੈਬਨਿਟ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਕ੍ਰਿਸਮਸ ਮੌਕੇ ਟੈਕਸ ਨੂੰ ਵੱਡੇ ਪੱਧਰ 'ਤੇ ਘਟਾਉਣ ਜਾ ਰਹੇ ਹਨ ਤੇ ਅਮਰੀਕਾ ਦੇ ਲੋਕਾਂ ਲਈ ਇਹ ਕ੍ਰਿਸਮਸ ਦਾ ਵੱਡਾ ਤੋਹਫ਼ਾ ਹੋਵੇਗਾ।



ਭਾਰਤ ਦੀ ਮਨੂਸ਼ੀ ਛਿਲਰ ਬਣੀ ਮਿਸ ਵਰਲਡ
*(ਭਾਰਤ ਦੀ ਦਲਿਤ ਬੇਟੀ ਨੇ ਰਚਿਆ ਇਤਿਹਾਸ)*
(ਹੁਣ ਤੱਕ ਮਿਸ ਵਰਲਡ ਰਹਿ ਚੁੱਕੀਆਂ ਭਾਰਤੀ ਸੁੰਦਰੀਆਂ ਬਾਰੇ ਜਾਣਕਾਰੀ ਲਈ ਦੇਖੋ ਸਫਾ 5)

# ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਕਾਰਨ ਜਾਗਿਆ ਰੋਹ





**ਨਵੀਂ ਦਿੱਲੀ (ਬਿਊਰੋ)–** ਦਿੱਲੀ ਯੂਨੀਵਰਸਿਟੀ ਦੇ ਪਹਿਲੇ ਈਵਨਿੰਗ ਕਾਲਜ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ 'ਵੰਦੇ ਮਾਤਰਮ ਮਹਾਵਿਦਿਆਲਾ' ਰੱਖਣ ਦਾ ਭਾਜਪਾ ਗੱਠਜੋੜ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਸਣੇ ਦਿੱਲੀ ਦੇ ਸਿੱਖਾਂ ਦੀ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਤੇ ਹੋਰ ਧਿਰਾਂ ਵੱਲੋਂ ਕੀਤਾ ਜਾ ਰਿਹਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਤੇ ਭਾਜਪਾ ਦੇ ਰਾਜੌਰੀ ਗਾਰਡਨ ਤੋਂ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਾਲਜ ਦੇ ਨਾਂ ਦੀ ਇਹ ਤਬਦੀਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਲੋੜ ਪਈ ਤਾਂ ਹਰ ਪੱਧਰ 'ਤੇ ਇਸ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵੰਦੇ ਮਾਤਰਮ ਨਾਂ ਦਾ ਵਿਰੋਧ ਨਹੀਂ ਹੈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿਆਲ ਸਿੰਘ ਵੱਲੋਂ ਸਮਾਜ ਨੂੰ ਦਿੱਤੀ ਦੇਣ ਨੂੰ ਯਾਦ

**(ਬਾਕੀ ਸਫਾ 3 'ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288
Jaspreet Singh
Email : jaspreetsinghlawoffice@gmail.com

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,.com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
2081 Arena Blvd # 100 Sacramento, CA 95834

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ







ਰਿਪੋਰਟ ਅਤੇ ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)













**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤਾਂ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 19 ਨਵੰਬਰ ਦਿਨ ਐਤਵਾਰ ਨੂੰ ਮਨਾਇਆ, ਜਿਸ ਵਿਚ ਵੱਡੀ ਗਿਣਤੀ ਸੰਗਤਾਂ ਨੇ ਹਾਜਰੀਆਂ ਭਰ ਕੇ ਇਲਾਹੀ ਬਾਣੀ ਨੂੰ ਸਰਵਣ ਕੀਤਾ। ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਸਾਹਿਬ ਭਾਈ ਜਸਪਾਲ ਸਿੰਘ ਜੰਡੂਸਿੰਘਾ ਵਾਲੇ ਅਤੇ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਨੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਜਸਪਾਲ ਸਿੰਘ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਗੁਰਬਾਣੀ ਸ਼ਬਦਾਂ ਦੀ ਓਟ ਲੈਂਦਿਆਂ ਕੁਝ ਸ਼ਬਦਾਂ ਦੀ ਵਿਆਖਿਆ ਵੀ ਕੀਤੀ।

ਗੁਰੂ ਨਾਨਕ ਪਾਤਸ਼ਾਹ ਜੀ ਦੇ ਗੁਰਪੁਰਬ ਸਬੰਧਤ ਸ੍ਰੀ ਅਖੰਡ ਪਾਠ ਦਿਨ ਸ਼ੁੱਕਰਵਾਰ 17 ਨਵੰਬਰ ਨੂੰ ਆਰੰਭ ਹੋਏ ਅਤੇ ਦਿਨ ਐਤਵਾਰ 19 ਨਵੰਬਰ ਨੂੰ ਭੋਗ ਪਾਏ ਗਏ, ਜਿਸ ਦੀ ਸੇਵਾ ਗੁਰਮੁਖ ਪਿਆਰੇ ਗੁਰੂ ਘਰ ਦੇ ਅਨਿਨ ਸੇਵਕ ਸ. ਅਵਤਾਰ ਸਿੰਘ ਪਲਾਹੀ, ਉਹਨਾਂ ਦੀ ਧਰਮ ਪਤਨੀ ਬੀਬੀ ਜਸਵੀਰ ਕੌਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ ਅਤੇ ਇਸ ਦੇ ਨਾਲ ਹੀ ਉਹਨਾਂ ਸੰਗਤਾਂ ਦੇ ਨਾਲ ਮਿਲ ਕੇ ਲੰਗਰ ਦੀ ਸੇਵਾ ਦਾ ਵੀ ਮਾਣ ਹਾਸਲ ਕੀਤਾ।।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਜਸਪਾਲ ਸਿੰਘ ਜੰਡੂਸਿੰਘਾ ਨੇ ਪਲਾਹੀ ਪਰਿਵਾਰ ਨੂੰ ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਵਜੋਂ ਸਿਰੋਪਾਓ ਨਾਲ ਨਿਵਾਜਿਆ, ਜਿਸ ਨੂੰ ਸ. ਅਵਤਾਰ ਸਿੰਘ ਪਲਾਹੀ ਦੇ ਨਾਲ ਉਹਨਾਂ ਦੀ ਬੇਟੀ ਨੇ ਬੜੀ ਨਿਮਰਤਾ ਨਾਲ ਸਵੀਕਾਰ ਕਰਦਿਆਂ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ।

ਅੱਜ ਦੇ ਵਿਸ਼ੇਸ਼ ਦੀਵਾਨ ਦੌਰਾਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਅਤੇ ਸ੍ਰੀ ਰਾਜ ਸੂਦ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਜਿੱਥੇ ਆਪ ਨੇ ਗੁਰੂ ਨਾਨਕ ਦੇਵ ਜੀ ਬਾਰੇ ਦੋ ਸ਼ਬਦ ਵਧਾਈ ਦੇ ਸਾਂਝੇ ਕੀਤੇ, ਉਥੇ ਉਹਨਾਂ ਹੋਰਨਾਂ ਬੁਲਾਰਿਆਂ ਨੂੰ ਵੀ ਨਿਮਰਤਾ ਪੂਰਵਕ ਸੱਦਾ ਦਿੱਤਾ, ਜਿਹਨਾਂ ਵਿਚ ਸਰਵਸ੍ਰੀ ਸੰਤੋਖ ਸਿੰਘ, ਫੱਗਣ ਸਿੰਘ ਧਾਮੀ ਅਤੇ ਸ਼ਾਇਰ ਕਮਲ ਬੰਗਾ ਆਦਿ ਦੇ ਨਾਂ ਵਰਣਨਯੋਗ ਹਨ।

ਇਹਨਾਂ ਵਿਚ ਸ੍ਰੀ ਸੰਤੋਖ ਸਿੰਘ ਨੇ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਪੁਜੀ ਸਾਹਿਬ ਜੇਕਰ ਪੜ੍ਹਿਆਂ ਕਿਸੇ ਵਿਅਕਤੀ ਨੂੰ ਅਰਥ ਨਾ ਵੀ ਸਮਝ ਆਉਣ ਪਰ ਪੜ੍ਹਨ ਨਾਲ ਇਨਸਾਨ ਨੂੰ ਆਤਮਕ ਸ਼ਕਤੀ ਜ਼ਰੂਰ ਪ੍ਰਦਾਨ ਹੁੰਦੀ ਹੈ। ਇਸ ਦੇ ਨਾਲ ਹੀ ਉਹਨਾਂ ਕੁਝ ਵਿਦਵਾਨਾਂ ਦੇ ਗੁਰੂ ਜੀ ਪ੍ਰਤੀ ਦਿੱਤੇ ਵਿਚਾਰਾਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਸ੍ਰੀ ਫੱਗਣ ਸਿੰਘ ਧਾਮੀ ਨੇ ਤਿੰਨ ਕਵਿਤਾਵਾਂ ਨਾਲ ਆਪਣੀ ਸਾਂਝ ਪਾਈ ਅਤੇ ਸ੍ਰੀ ਕਮਲ ਬੰਗਾ ਨੇ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਵਧਾਈ ਦਿੰਦਿਆਂ ਸ. ਅਵਤਾਰ ਸਿੰਘ ਪਲਾਹੀ ਪਰਿਵਾਰ ਦੀ ਵੀ ਸਰਾਹਨਾ ਕੀਤੀ, ਜਿਹਨਾਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਗੁਰਪੁਰਬ ਮਨਾਏ ਜਾਣ ਤੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਕੀਤੀ। ਇਸ ਦੇ ਨਾਲ ਇਕ ਧਾਰਮਿਕ ਸ਼ੇਅਰ ਵੀ ਸਾਂਝਾ ਕੀਤਾ।

ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਪ੍ਰਧਾਨ ਸ੍ਰੀ ਰਮੇਸ਼ ਬੰਗੜ ਜੀ ਨੇ ਸਮੂਹ ਸੰਗਤਾਂ ਦਾ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ, ਜਿਹਨਾਂ ਆਪਣਾ ਕੀਮਤੀ ਸਮਾਂ ਕੱਢਦਿਆਂ ਗੁਰੂ ਘਰ ਹਾਜ਼ਰੀਆਂ ਭਰੀਆਂ।

ਉਹਨਾਂ ਸ. ਅਵਤਾਰ ਸਿੰਘ ਪਲਾਹੀ ਤੇ ਉਹਨਾਂ ਦੇ ਪਰਿਵਾਰ ਨਾਲ ਉਹਨਾਂ ਸੰਗਤਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜਿਹਨਾਂ ਨੇ ਅਖੰਡ ਪਾਠ ਦੇ ਨਾਲ ਲੰਗਰ ਦੀ ਸੇਵਾ ਕੀਤੀ ਅਤੇ ਉਹਨਾਂ ਦਾ ਵੀ ਸ਼ੁਕਰੀਆ ਅਦਾ ਕੀਤਾ, ਜਿਹਨਾਂ ਰਸੋਈ ਅਤੇ ਹੋਰ ਸੇਵਾ ਕੀਤੀ।

# ਸ਼ਹੀਦੀ ਕਰਤਾਰ ਸਿੰਘ ਸਰਾਭਾ ਦਾ 102ਵਾਂ ਸ਼ਹੀਦੀ ਦਿਨ ਗਦਰ ਮੈਮੋਰੀਅਲ ਸਾਨਫਰਾਂਸਿਸਕੋ ਵਿਚ ਮਨਾਇਆ ਗਿਆ

## ਕੌਂਸਲੇਟ ਜਨਰਲ ਸ੍ਰੀ ਵੈਂਕਟੇਸ਼ਨ ਅਸ਼ੋਕ ਨੇ ਦਿੱਤੀ ਸ਼ਰਧਾਂਜਲੀ







**ਸਾਨਫਰਾਂਸਿਸਕੋ –** ਅੱਜ ਤੋਂ ਲੱਗਭੱਗ 102 ਸਾਲ ਪਹਿਲਾਂ ਸਰਦਾਰ ਕਰਤਾਰ ਸਿੰਘ ਸਰਾਭਾ ਨੇ 19 ਸਾਲ ਦੀ ਚੜਦੀ ਜਵਾਨੀ ਦੀ ਉਮਰੇ ਆਪਣੇ 6 ਹੋਰ ਸਾਥੀਆ ਨਾਲ ਫਾਂਸੀ ਦਾ ਰੱਸਾ ਚੁੰਮ ਕੇ ਦੇਸ਼ ਲਈ ਕੁਰਬਾਨੀ ਦਿਤੀ ਸੀ। 16 ਨਵੰਬਰ 1915, ਨੂੰ ਲਾਹੌਰ ਜੇਲ ਵਿਚ ਉਨਾਂ ਦੇ ਨਾਲ ਫਾਸ਼ੀ ਚੜਣ ਵਾਲੇ ਸ਼ਹੀਦ ਸ੍ਰ ਬਖਸ਼ੀਸ ਸਿੰਘ, ਸ੍ਰ ਸਰੈਣ ਸਿੰਘ (ਛੋਟਾ), ਸ੍ਰ ਸਰੈਣ ਸਿੰਘ (ਵੱਡਾ), ਸ੍ਰ ਹਰਨਾਮ ਸਿੰਘ, ਸ੍ਰ ਜਗਤ ਸਿੰਘ ਅਤੇ ਸ੍ਰੀ ਵਿਸ਼ਣੂ ਗਿਣੇਸ਼ ਪਿੰਗਲੇ ਸਨ। ਇਨਾਂ ਮਹਾਨ ਸ਼ਹੀਦਾ ਨੂੰ ਯਾਦ ਕਰਨ ਲਈ ਅਤੇ ਉਨਾਂ ਦੀ ਉਸ ਦੇਸ਼ ਭਗਤੀ ਅਤੇ ਲੋਕ ਪੱਖੀ ਸੋਚ ਪ੍ਰਤੀ ਵਚਨ ਵੱਧਦਾ ਦਰਸਾਉਣ ਲਈ ਇਕ ਸਮਾਗਮ 18 ਨਵੰਬਰ ਨੂੰ ਗਦਰ ਮੈਮੋਰੀਅਲ ਸਾਂਨ ਫਰਾਂਸਿਸਕੋ ਵਿਚ ਕੀਤਾ ਗਿਆ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੇ ਸੱਦੇ ਤੇ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਕੈਲੇਫੋਰਨੀਆ ਦੇ ਵੱਖ ਵੱਖ ਸ਼ਹਿਰਾ ਤੋਂ ਲੋਕਾਂ ਨੇ ਭਾਰੀ ਗਿਣਤੀ ਵਿਚ ਹਿਸਾ ਲਿਆ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀਆ ਸਹਿਯੋਗੀ ਸੰਸਥਾਵਾ ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਟੋ ਵਲੋਂ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਹਰਪਾਲ ਸਿੰਘ ਮਾਨ, ਸਤਬੀਰ ਸਿੰਘ ਬਾਜਵਾ ਅਤੇ ਰਵਿੰਦਰ ਸਿੰਘ ਮਾਨ ਨੇ ਹਿਸਾ ਲਿਆ, ਇੰਡੋ ਅਮੈਰੀਕਨ ਦੇਸ਼ ਭਗਤ ਫਾਉਡੇਸ਼ਨ ਬੇ-ਏਰੀਆ ਵਲੋਂ ਪੰਕਜ ਆਂਸਲ ਆਪਣੇ ਸਾਥੀਆ ਨਾਲ ਪਹੁੰਚੇ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਗੁਰਦੀਪ ਸਿੰਘ ਗਿਲ ਅਤੇ ਕੁਲਦੀਪ ਸਿੰਘ ਅਟਵਾਲ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸੈਕਟਰੀ ਹਰਜਿੰਦਰ ਢੇਸੀ ਨੇ ਇਥੇ ਪਹੁੰਚੇ ਹੋਏ ਸਾਰੇ ਲੋਕਾਂ ਦਾ ਇਸ ਇਤਿਹਾਸਿਕ ਥਾਂ ਤੇਸਵਾਗਤ ਕਰਦਿਆਂ ਸ਼ਹੀਦਾ ਦੀ ਮਨੁਖਵਾਦੀ ਸੋਚ ਨੂੰ ਆਪਣੀ ਜਿੰਦਗੀ ਵਿਚ ਅਪਣਾਉਣ ਦਾ ਸੱਦਾ ਦਿਤਾ। ਇਸ ਪ੍ਰੋਗਰਾਮ ਵਿਚ ਕੌਂਸਲੇਟ ਜਨਰਲ ਸ੍ਰੀ ਵੈਂਕਟੇਸ਼ਨ ਅਸ਼ੋਕ ਅਤੇ ਕਮਿਊਨਟੀ ਮਸਲਿਆ ਦੇ ਕੌਂਸਲੇਟ ਸ੍ਰੀ ਵੈਕਟਾਂ ਰੱਮਨਾ ਖਾਸ ਤੌਰ ਤੇ ਸ਼ਾਮਲ ਹੋਏ। ਕੌਂਸਲੇਟ ਜਨਰਲ ਸ੍ਰੀ ਵੈਂਕਟੇਸ਼ਨ ਅਸ਼ੋਕ ਨੇ ਸਭ ਦਾ ਸਵਾਗਤ ਕਰਦਿਆ ਇਸ ਗੱਲ ਤੇ ਖੁਸ਼ੀ ਪਰਗਟ ਕੀਤੀ ਕਿ ਇੰਨੀ ਵੱਡੀ ਗਿਣਤੀ ਵਿਚ ਲੋਕੀ ਸ਼ਾਲਮ ਹੋਣ ਲਈ ਆਏ ਹਨ।ਉਨਾਂ ਨੇ ਅਜਿਹੇ ਪਰੋਗਰਾਮਾ ਲਈ ਕੌਂਸਲੇਟ ਆਫਸ ਵਲੋਂ ਭਰਪੂਰ ਸਹਿਯੋਗ ਦਾ ਵਾਅਦਾ ਵੀ ਕੀਤਾ। ਉਨਾ ਨੇ ਗਦਰ ਮੈਮੋਰੀਅਲ ਦੀ ਇਮਾਰਤ ਦੀ ਮੁੜ ਉਸਾਰੀ ਲਈ ਆਪਣੀਆਂ ਕੋਸ਼ਿਸਾ ਬਾਰੇ ਵੀ ਦੱਸਿਆ। ਸ੍ਰ ਗੁਰਦੀਪ ਸਿੰਘ ਅਣਖੀ ਨੇ ਗਦਰ ਪਾਰਟੀ ਦੀਆ ਕੁਰਬਾਨੀਆ ਨੂੰ ਯਾਦ ਕਰਦਿਆ ਲੋਕਾਂ ਨੂੰ ਦੇਸ਼ ਦੀ ਏਕਤਾ ਅਖੰਡਤਾ ਅਤੇ ਮਨੁੱਖੀ ਆਜ਼ਾਦੀਆ ਦੀ ਰਾਖੀ ਲਈ ਅਗਾਹਵਧੂ ਸ਼ਕਤੀਆ ਦਾ ਸਾਥ ਦੇਣ ਦਾ ਸੱਦਾ ਦਿਤਾ।ਸ੍ਰ ਮਲਕੀਤ ਸਿੰਘ ਕਿੰਗਰਾ ਨੇ ਵੀ ਆਪਣੀ ਰੌਚਕ ਤਕਰੀਰ ਰਾਹੀ ਕਵਿਤਾਵਾ ਦੇ ਹਵਾਲੇ ਦੇ ਕੇ ਸੱਚੇ ਸੁਚੇ ਦੇਸ਼ ਭਗਤ ਪਰਵਾਨਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸੁਰਿੰਦਰ ਮੰਢਾਲੀ ਨੇ ਕੁਝ ਪਿਛਾਹਖਿਚੂ ਤਾਕਾਤਾਂ ਵਲੋਂ ਸ਼ਹੀਦਾ ਨੂੰ ਜਾਤਾਂ ਪਾਤਾ ਅਤੇ ਧਰਮਾ ਜਾਂ ਇਲਾਕਿਆ ਦੇ ਨਾਂ ਤੇ ਵੰਡਣ ਦੀ ਨਿਖੇਧੀ ਕੀਤੀ। ਹੋਰ ਬੁਲਾਰਿਆ ਵਿਚ ਅਮਰੀਕ ਸਿੰਘ ਕਾਨਕਰਡ, ਹਰਨੇਕ ਸਿੰਘ, ਰੂਬਲ ਸਿੰਘ ਸ਼ਾਮਲ ਸਨ। ਬਹੁਤੇ ਬੁਲਾਰਿਆ ਨੇ ਭਾਰਤ ਵਿਚ ਘਟ ਗਿਣਤੀਆ ਤੇ ਹੋ ਰਹੇ ਹਮਲਿਆ ਤੇ ਚਿੰਤਾ ਵੀ ਪ੍ਰਗਟਾਈ ਅਤੇ ਲੋਕਾਂ ਨੂੰ ਸਮਾਜ ਵਿਰੋਧੀ ਤਾਕਤਾ ਪ੍ਰਤੀ ਚੌਕਸ ਰਹਿਣ ਦੀ ਅਪੀਲ ਕੀਤੀ।

ਪ੍ਰੋਰਗਰਾਮ ਦੀ ਸ਼ੁਰੂਆਤ ਵਿਚ ਲਾਲ ਚੰਦ ਜਮਲਾ ਦੀ ਗਾਇਕੀ ਨੂੰ ਪ੍ਰਣਾਏ ਗਾਇਕ ਰਾਜਿੰਦਰ ਸਿੰਘ ਬਰਾੜ ਨੇ ਦੇਸ਼ ਭਗਤੀ ਦੇ ਗੀਤਾ ਨਾਲ ਕੀਤੀ। ਰਣਜੀਤ ਜੋਤ ਨੇ ਵੀ ਆਪਣੀ ਬਲੁੰਦ ਆਵਾਜ ਵਿਚ ਯੋਧਿਆ ਦੀਆ ਵਾਰਾ ਗਾ ਕੇ ਸ਼ਹੀਦਾ ਨੂੰ ਸ਼ਰਧਾਜਲੀ ਭੇਟ ਕੀਤੀ। ਹਰਜੀਤ ਸਿੰਘ ਮਰਸਿਡ ਨੇ ਦੇਸ਼ ਭਗਤੀ ਦੇ ਅਤੇ ਸਮਾਜਿਕ ਸਰੋਕਾਰਾ ਨੂੰ ਪਰਣਾਏ ਆਪਣੇ ਲਿਖੇ ਹੋਏ ਗੀਤਾ ਰਾਹੀ ਸ਼ਰਧਾਜਲੀ ਭੇਟ ਕੀਤੀ। ਸ਼ਰਨਜੀਤ ਧਾਲੀਵਾਲ ਨੇ ਪੰਜਾਬ ਦੇ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਨੂੰ ਪ੍ਰਗਟਾਉਦੀ ਇਕ ਖ਼ੂਬਸੂਰਤ ਕਵਿਤਾ ਸੁਣਾਈ। ਕਰਤਾਰ ਸਿੰਘ ਕਰਮਨ ਨੇ ਵੀ ਇਕ ਕਵਿਤਾ ਰਾਹੀ ਸ਼ਹੀਦਾ ਨੂੰ ਸ਼ਰਧਾਜਲੀ ਭੇਟ ਕੀਤੀ।

ਅਖੀਰ ਵਿਚ ਸ੍ਰ ਜਸਵੰਤ ਸਿੰਘ ਮਾਨ ਹੁਰਾ ਨੇ ਸ਼ਹੀਦਾ ਦੀ ਸੋਚ ਪ੍ਰਤੀ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਵਚਨ ਵੱਧਤਾ ਨੂੰ ਦੁਹਰਾਇਆ। ਉਨਾਂ ਨੇ ਇਸ ਪ੍ਰੋਗਰਾਮ ਵਿਚ ਪਹੁੰਚੇ ਹੋਏ ਸਾਰੇ ਦੋਸਤਾਂ ਦਾ ਧੰਨਵਾਦ ਕੀਤਾ ਅਤੇ ਕੌਂਸਲੇਟ ਆਫਿਸ ਦੇ ਸਹਿਯੋਗ ਦੀ ਸਰਾਹਨਾ ਵੀ ਕੀਤੀ। ਚਾਹ ਪਾਣੀ ਦੀ ਸੇਵਾ ਨਵਦੀਪ ਸਿੰਘ ਧਾਲੀਵਾਲ, ਜਗਰੂਪ ਸਿੰਘ ਧਾਲੀਵਾਲ ਅਤੇ ਸੁਰਿੰਦਰ ਸਿੰਘ ਧਿੰਦਨੇਹੋਰ ਸਾਥੀਆ ਨਾਲ ਮਿਲ ਕੇ ਨਿਭਾਈ।

# ਜਸਟਿਸ ਭੰਡਾਰੀ ਨੇ ਮੁੜ ਜਿੱਤੀ ਕੌਮਾਂਤਰੀ ਅਦਾਲਤ ਦੀ ਚੋਣ

**ਸੰਯੁਕਤ ਰਾਸ਼ਟਰ–** ਭਾਰਤ ਦੇ ਦਲਵੀਰ ਭੰਡਾਰੀ ਦੀ ਮੁੜ ਤੋਂ ਕੌਮਾਂਤਰੀ ਨਿਆਂ ਅਦਾਲਤ (ਆਈਸੀਜੇ) ਦੀ ਚੋਣ ਜਿੱਤ ਲਈ ਹੈ। ਉਸ ਨੂੰ ਸੰਯੁਕਤ ਰਾਸ਼ਟਰ ਦੇ ਦੋ ਤਿਹਾਈ ਮੈਂਬਰਾਂ ਦੀ ਹਮਾਇਤ ਹਾਸਲ ਹੋਈ ਜਿਸ ਕਾਰਨ ਵਿਸ਼ਵ ਅਦਾਲਤ ਦੀ ਇਸ ਸੀਟ ਲਈ ਹੋ ਰਹੇ ਸਖ਼ਤ ਮੁਕਾਬਲੇ ’ਚ ਬਰਤਾਨੀਆ ਨੂੰ ਪਿੱਛੇ ਹਟਣਾ ਪਿਆ।

ਦੇਸ਼ ਦੀ ਇਸ ਸਭ ਤੋਂ ਵੱਡੀ ਕੂਟਨੀਤਕ ਜਿੱਤ ਲਈ ਸ੍ਰੀ ਭੰਡਾਰੀ ਨੂੰ ਆਮ ਸਭਾ ਦੀਆਂ 193 ’ਚੋਂ 183 ਵੋਟਾਂ ਅਤੇ ਸੁਰੱਖਿਆ ਕੌਂਸਲ ਦੀਆਂ ਸਾਰੀਆਂ 15 ਵੋਟਾਂ ਹਾਸਲ ਹੋਈਆਂ। ਹੌਗ ਆਧਾਰਤ ਆਈਸੀਜੇ ਦੀ ਇਸ ਖਾਲੀ ਪਈ ਸੀਟ ਦੀ ਚੋਣ ਸੰਯੁਕਤ ਰਾਸ਼ਟਰ ਦੇ ਹੈੱਡ ਕੁਆਰਟਰ ’ਚ ਹੋਈ, ਜਿਸ ’ਚ ਸ੍ਰੀ ਭੰਡਾਰੀ (70) ਨੂੰ ਨੌਂ ਸਾਲਾਂ ਦੀ ਮਿਆਦ ਲਈ ਮੁੜ ਮੈਂਬਰ ਚੁਣ ਲਿਆ ਗਿਆ। ਵੋਟਾਂ ਪੈਣ ਤੋਂ ਇੱਕ ਘੰਟਾ ਪਹਿਲਾਂ ਹੀ ਬਰਤਾਨੀਆ ਦੇ ਇਸ ਦੌੜ ’ਚੋਂ ਆਪਣੇ ਉਮੀਦਵਾਰ ਕ੍ਰਿਸਟੋਫਰ ਗਰੀਨਵੁੱਡ ਦਾ ਨਾਂ ਵਾਪਸ ਲੈ ਲਿਆ ਸੀ।



ਮਾਹਰਾਂ ਅਨੁਸਾਰ ਭੰਡਾਰੀ ਦੀ ਇਸ ਚੋਣ ਨੇ ਦੁਨੀਆਂ ਦੀਆਂ ਮੋਹਰੀ ਤਾਕਤਾਂ ਨੂੰ ਸੁਨੇਹਾ ਦਿੱਤਾ ਹੈ ਕਿ ਹਵਾਵਾਂ ਦਾ ਰੁਖ਼ ਬਦਲ ਰਿਹਾ ਹੈ ਤੇ ਇਹ ਇਸ਼ਾਰਾ ਦਿੱਤਾ ਹੈ ਭਾਰਤ ਨੂੰ ਵੱਧ ਤਵੱਜੋ ਮਿਲ ਰਹੀ ਹੈ। ਆਈਸੀਜੇ 15 ਜੱਜਾਂ ਦਾ ਬੈਂਚ ਹੈ, ਜਿਨ੍ਹਾਂ ’ਚੋਂ 5 ਨੂੰ ਹਰ ਤਿੰਨ ਸਾਲ ਬਾਅਦ ਨੌਂ ਸਾਲਾਂ ਲਈ ਚੁਣਿਆ ਜਾਂਦਾ ਹੈ। ਇਸ ਚੋਣ ਦਾ ਨਤੀਜਾ ਆਉਂਦਿਆਂ ਹੀ ਸੰਯੁਕਤ ਰਾਸ਼ਟਰ ’ਚ ਭਾਰਤ ਦੇ ਸਥਾਈ ਨੁਮਾਇੰਦੇ ਸਯਦ ਅਕਬਰੁੱਦੀਨ ਨੂੰ ਹੋਰਨਾਂ ਮੁਲਕਾਂ ਦੇ ਨੁਮਾਇੰਦਿਆਂ ਨੇ ਵਧਾਈਆਂ ਦਿੱਤੀਆਂ।

ਇਸੇ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਟਵੀਟ ਕੀਤਾ, ’ਵੰਦੇ ਮਾਤਰਮ। ਭਾਰਤ ਨੇ ਕੌਮਾਂਤਰੀ ਨਿਆਂ ਅਦਾਲਤ ਦੀ ਚੋਣ ਜਿੱਤ ਲਈ। ਜੈ ਹਿੰਦ।’ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਜਿੱਤ ਦਾ ਸਿਹਰਾ ਵਿਦੇਸ਼ ਮੰਤਰੀ ਸੁਸ਼ਵਾ ਸਵਰਾਜ ਨੂੰ ਦਿੰਦਿਆਂ ਸ੍ਰੀ ਭੰਡਾਰੀ ਦੀ ਜਿੱਤ ਤੇ ਸੰਯੁਕਤ ਰਾਸ਼ਟਰ ਦੇ ਮੈਂਬਰਾਂ ਵੱਲੋਂ ਦਿੱਤੀ ਗਈ ਹਮਾਇਤ ਦਾ ਸਵਾਗਤ ਕੀਤਾ।

# ਲਿੰਨਜ਼ੀ ਸ਼ਹਿਰ ’ਚ 15 ਦਸੰਬਰ ਨੂੰ ਕ੍ਰਿਸਮਿਸ ਮੌਕੇ ਸਿੱਖ ਭਾਈਚਾਰੇ ਵਲੋਂ ਲੰਗਰ ਲਗਾਉਣ ਸਬੰਧੀ ਮੀਟਿੰਗ

**ਸੈਕਰਾਮੈਂਟੋ–** ਲਿੰਨਜ਼ੀ ਸ਼ਹਿਰ 'ਚ ਬਣੇ ਲਾਖਨ ਫਾਰਮ ’ਤੇ ਅੱਜ ਸਿੱਖ ਭਾਈਚਾਰੇ ਵਲੋਂ ਇਕ ਮੀਟਿੰਗ ਕਰਕੇ 15 ਦਸੰਬਰ ਨੂੰ ਕ੍ਰਿਸਮਿਸ ਮੌਕੇ ਲੰਗਰ ਲਗਾਉਣ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਸ: ਹਰਭਜਨ ਸਿੰਘ ਵਰਿਆਣਾ, ਅਵਤਾਰ ਸਿੰਘ ਸਰਾਏ, ਸੇਵਾ ਸਿੰਘ ਬੈਂਸ, ਰਾਜ ਸਿੰਘ, ਬਲਜੀਤ ਸਿੰਘ ਖਾਲਸਾ, ਸਤਨਾਮ ਸਿੰਘ, ਜਰਨੈਲ ਸਿੰਘ, ਹਰਵਿੰਦਰ ਸਿੰਘ ਸਰਾਏ, ਜਸਕਰਨ ਸਿੰਘ ਵਰਿਆਣਾ, ਅਰਵਿੰਦਰ ਸਿੰਘ ਲਾਖਨ ਆਦਿ ਸਿੱਖ ਭਾਈਚਾਰੇ ਦੇ ਆਗੂ ਸ਼ਾਮਿਲ ਹੋਏ। ਇਸ ਮੌਕੇ ਉਪਰੋਕਤ ਆਗੂਆਂ ਨੇ ਫੈਸਲਾ ਲਿਆ ਕਿ ਲਿੰਨਜ਼ੀ ਸਿੱਖ ਕਮਿਊਨਿਟੀ ਦੇ ਬੈਨਰ ਹੇਠ ਕ੍ਰਿਸਮਿਸ ਪਰੇਡ ਮੌਕੇ ਜਿੱਥੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ, ਉਥੇ ਬੱਚਿਆਂ ਨੂੰ ਵੱਖ ਵੱਖ ਤਰ੍ਹਾਂ ਦੇ ਆਕਰਸ਼ਿਤ ਤੋਹਫ਼ੇ ਤੇ ਹੋਰ ਲੋੜਵੰਦਾਂ ਨੂੰ ਸਹਾਇਤਾ ਸਮੱਗਰੀ ਵੀ ਭੇਂਟ ਕੀਤੀ ਜਾਵੇਗੀ।

ਉਪਰੋਕਤ ਆਗੂਆਂ ਨੇ ਦੱਸਿਆ ਕਿ ਜਿੱਥੇ ਇਸ ਮੌਕੇ ਆਪਣੇ ਵਿਰਸੇ ਸਬੰਧੀ ਇੱਥੋਂ ਦੇ ਲੋਕਾਂ ਨੂੰ ਜਾਣੂੰ ਕਰਵਾਇਆ ਜਾਵੇਗਾ, ਉਥੇ ਸਾਡੇ ਗੁਰੂਆਂ ਵਲੋਂ ਸਿੱਖ ਧਰਮ ਲਈ ਦਿੱਤੀਆਂ ਕੁਰਬਾਨੀਆਂ , ਸਾਡੇ ਗੁਰੂਆਂ ਵਲੋਂ ਦਰਸਾਏ ਮਾਰਗ ਅਤੇ ਸਿੱਖ ਧਰਮ ਦੀ ਮੁੱਢਲੀ ਪਹਿਚਾਣ ਸਬੰਧੀ ਵੀ ਇੱਥੋਂ ਦੇ ਲੋਕਾਂ ਨੂੰ ਦੱਸਿਆ ਜਾਵੇਗਾ।

# ਪਦਮਾਵਤੀ ਵਿਵਾਦ: ਫਿਲਮਕਾਰਾਂ ਨੇ ਰਿਲੀਜ਼ ਦੀ ਤਰੀਕ ਟਾਲੀ

**ਮੁੰਬਈ–** ਸੰਜੇ ਲੀਲਾ ਭੰਸਾਲੀ ਦੀ ਵਿਵਾਦਾਂ ’ਚ ਘਿਰੀ ਫਿਲਮ ਪਦਮਾਵਤੀ ਨੂੰ ਰਿਲੀਜ਼ ਕਰਨ ਦੀ ਤਜਵੀਜ਼ਤ ਤਰੀਕ ਫਿਲਮ ਦੇ ਨਿਰਮਾਤਾਵਾਂ ਨੇ ਫਿਲਹਾਲ ਟਾਲ ਦਿੱਤੀ ਹੈ। ਵਾਇਆਕੌਮ18 ਮੋਸ਼ਨ ਪਿਕਚਰਜ਼ ਦੇ ਬੁਲਾਰੇ ਨੇ ਦੱਸਿਆ ਕਿ ਪਦਮਾਵਤੀ ਫਿਲਮ ਨੂੰ ਪਹਿਲੀ ਦਸੰਬਰ 2017 ਨੂੰ ਰਿਲੀਜ਼ ਕਰਨ ਦਾ ਤਾਰੀਕ ਅੱਗੇ ਪਾਉਣ ਦਾ ਫ਼ੈਸਲਾ ਆਪਣੀ ਮਰਜ਼ੀ ਨਾਲ ਲਿਆ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਉਹ ਦੇਸ਼ ਦੇ ਕਾਨੂੰਨ ਤੇ ਫਿਲਮ ਸਰਟੀਫਿਕੇਟ ਬਾਰੇ ਕੇਂਦਰੀ ਬੋਰਡ (ਸੀਬੀਐਫਸੀ) ਵਰਗੀਆਂ ਸੰਸਥਾਵਾਂ ਸਨਮਾਨ ਕਰਦੇ ਹਨ ਤੇ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਉਹ ਉਹ ਮੁਕੰਮਲ ਪ੍ਰਕਿਰਿਆ ਦਾ ਪਾਲਣ ਕਰਨ ਲਈ ਪ੍ਰਤੀਬੱਧ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਉਨ੍ਹਾਂ ਨੂੰ ਜਲਦ ਹੀ ਫਿਲਮ ਰਿਲੀਜ਼ ਕਰਨ ਦੀ ਪ੍ਰਵਾਨਗੀ ਮਿਲੇਗੀ। ਸੈਂਸਰ ਬੋਰਡ ਦੇ ਮੁਖੀ ਪ੍ਰਸੂਨ ਜੋਸ਼ੀ ਨੇ ਬੀਤੇ ਦਿਨ ਫਿਲਮਸਾਜ਼ਾਂ ਵੱਲੋਂ ਬੋਰਡ ਤੋਂ ਪ੍ਰਮਾਣ ਪੱਤਰ ਲਏ ਬਿਨਾਂ ਮੀਡੀਆ ਚੈਨਲਾਂ ਲਈ ਫਿਲਮ ਦੀ ਸਕਰੀਨਿੰਗ ਰੱਖਣ ’ਤੇ ਇਤਰਾਜ਼ ਜ਼ਾਹਰ ਕੀਤਾ ਸੀ।




ਸੀਬੀਐਫਸੀ ਨੇ ਸਰਟੀਫਿਕੇਟ ਲਈ ਅਰਜ਼ੀ ਅਧੂਰੀ ਹੋਣ ਕਾਰਨ ਫਿਲਮ ਨਿਰਮਾਤਾਵਾਂ ਨੂੰ ਵਾਪਸ ਭੇਜ ਦਿੱਤੀ ਸੀ। ਸਟੂਡੀਓ ਨੇ ਕਿਹਾ ਕਿ ਉਹ ਫਿਲਮ ਰਿਲੀਜ਼ ਕਰਨ ਦੀ ਨਵੀਂ ਤਾਰੀਕ ਦਾ ਐਲਾਨ ਜਲਦ ਹੀ ਕਰਨਗੇ ਤੇ ਉਹ ਅਤੀਤ ਵਿੱਚ ਪੇਸ਼ ਕੀਤੀਆਂ ਫਿਲਮਾਂ ਟਾਇਲੇਟ: ਏਕ ਪ੍ਰੇਮ ਕਥਾ, ਕੁਈਨ, ਭਾਗ ਮਿਲਖਾ ਭਾਗ ਆਦਿ ਦੀ ਤਰ੍ਹਾਂ ਚੰਗੀਆਂ ਫਿਲਮਾਂ ਦੀ ਪੇਸ਼ਕਾਰੀ ਲਈ ਪ੍ਰਤੀਬੱਧ ਹਨ। ਫਿਲਮਕਾਰਾਂ ਨੇ ਕਿਹਾ ਕਿ ਇਹ ਫਿਲਮ ਰਾਜਪੂਤੀ ਸ਼ਾਨ, ਅਣਖ ਤੇ ਰਵਾਇਤਾਂ ਦੀ ਸ਼ਾਨਦਾਰ ਪੇਸ਼ਕਾਰੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜਦੋਂ ਤੋਂ ਭੰਸਾਲੀ ਨੇ ਪਦਮਾਵਤੀ ਦੀ ਸ਼ੂਟਿੰਗ ਸ਼ੁਰੂ ਕੀਤੀ ਸੀ, ਉਸ ਸਮੇਂ ਤੋਂ ਹੀ ਇਹ ਫਿਲਮ ਵਿਵਾਦਾਂ ਵਿੱਚ ਘਿਰੀ ਹੋਈ ਹੈ। ਜੈਪੁਰ ਵਿੱਚ ਰਾਜਪੂਤ ਕਰਨੀ ਸੈਨਾ ਦੇ ਧੜੇ ਵੱਲੋਂ ਫਿਲਮ ਦੇ ਨਿਰਦੇਸ਼ਕ ਨਾਲ ਝੜਪ ਵੀ ਕੀਤੀ ਗਈ ਸੀ। ਇਸੇ ਦੌਰਾਨ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਕਿਹਾ ਕਿ ਉਹ ਸੂਬੇ ਵਿੱਚ ਬੌਲੀਵੁੱਡ ਫਿਲਮ ਪਦਮਾਵਤੀ ਨੂੰ ਤਦ ਤੱਕ ਰਿਲੀਜ਼ ਨਹੀਂ ਹੋਣ ਦੇਣਗੇ ਜਦੋਂ ਤੱਕ ਫਿਲਮ ਵਿੱਚੋਂ ਵਿਵਾਦਤ ਹਿੱਸਾ ਹਟਾ ਨਹੀਂ ਦਿੱਤਾ ਜਾਂਦਾ।

# ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ: ਚਾਰ ਭਾਰਤੀ ਮਹਿਲਾਵਾਂ ਕੁਆਰਟਰ ਫਾਈਨਲਜ਼ ਵਿੱਚ

**ਗੁਹਾਟੀ–** ਭਾਰਤ ਦੇ ਚਾਰ ਮੁੱਕੇਬਾਜ਼ਾਂ ਨੇ ਆਸਾਨ ਜਿੱਤਾਂ ਨਾਲ ਏਆਈਬੀਏ ਮਹਿਲਾ ਯੁਵਾ ਵਿਸ਼ਵ ਚੈਂਪੀਅਨਸ਼ਿਵ ਦੇ ਕੁਆਟਰ ਫਾਈਨਅ ਵਿੱਚ ਥਾਂ ਬਣਾਈ। ਉਭਰਦੀ ਮੁੱਕੇਬਾਜ਼ ਅੰਕੁਸ਼ਿਤਾ ਅੰਕੁਸ਼ਿਤਾ ਬੋਰੋ (64 ਕਿੱਲੋ) ਦੀ ਅਗਵਾਈ ਵਿੱਚ ਚਾਰ ਭਾਰਤੀ ਮੁੱਕੇਬਾਜ਼ ਏਆਈਬੀਏ ਮਹਿਲਾ ਮੁੱਕੇਬਾਜ਼ੀ ਵਿਸ਼ਵ ਚੈਂਪੀਅਨਸ਼ਿਪ ਦੇ ਕੁਆਰਟਰਫਾਈਨਲ ਵਿੱਚ ਪਹੁੰਚ ਗਏ। ਸ਼ਸ਼ੀ ਚੋਪੜਾ (57 ਕਿੱਲੋ), ਜੋਤੀ ਗੁਲਿਆ (51 ਕਿੱਲੋ) ਅਤੇ ਨੀਤੂ (48 ਕਿੱਲੋਂ) ਨੇ ਵੀ ਅੰਤਿਮ ਅੱਠ ਵਿੱਚ ਥਾਂ ਬਣਾਈ। ਬੋਰੋ ਨੇ ਤੁਰਕੀ ਦੀ ਕਾਗਲਾ ਏਲੁਕ ਨੂੰ ਸਖ਼ਤ ਮੁਕਾਬਲੇ ਦੌਰਾਨ ਹਰਾਇਆ। ਉਥੇ ਗੁਲਿਆ ਨੇ ਦੂਜੀ ਵਿਜੇਤਾ ਤਾਈਵਾਨ ਦੀ ਲਿਨ ਲੀ ਵੇਘ ਯੀ ਨੂੰ ਹਰਾਇਆ। ਜੋਤੀ ਨੇ ਉਕਰੇਨ ਦੀ ਅਨਾਸਤਾਸੀਆ ਲਿਸਿੰਸਕਾ ਨੂੰ ਹਰਾਇਆ। ਸ਼ਸ਼ੀ ਨੇ ਤਾਇਵਾਨ ਦੀ ਲਿਨ ਲੀ ਵੇਈ ਯੰ ਨੂੰ ਹਰਾਇਆ। ਸ਼ਾਮ ਤਕ ਨੀਤੂ ਨੇ ਬੁਲ-ਗਾਰਿਆ ਦੀ ਏਮੀ ਮਾਰੀ ਟੋਡੋਰੋਵਾ ਨੂੰ ਪ੍ਰੀ ਕੁਆਟਰਫਾਈਨਲ ਵਿੱਚ ਹਰਾਇਆ। ਨੇਹਾ ਯਾਦਵ (81 ਕਿੱਲੋ) ਅਤੇ ਅਨੁਪਮਾ (81 ਕਿੱਲੋ) ਪਹਿਲੇ ਤੋਂ ਹੀ ਸੈਮੀਫਾਈਨਲ ਵਿੱਚ ਥਾਂ ਬਣਾ ਕੇ ਭਾਰਤ ਲਈ ਦੋ ਤਗਮੇ ਪੱਕੇ ਕਰ ਚੁੱਕੀਆਂ ਹਨ।



# ਲੁਧਿਆਣਾ 'ਚ ਫੈਕਟਰੀ ਦੀ ਪੰਜ ਮੰਜ਼ਿਲਾ ਇਮਾਰਤ ਡਿੱਗੀ

**ਲੁਧਿਆਣਾ–** ਇੱਥੇ ਦੇ ਇੰਡਸਟਰੀਅਲ ਏਰੀਆ-ਏ ਵਿੱਚ ਸੂਫ਼ੀਆ ਚੌਕ ਨੇੜੇ ਪਲਾਸਟਿਕ ਦਾ ਸਾਮਾਨ ਬਣਾਉਣ ਵਾਲੀ ਫੈਕਟਰੀ ਐਮ.ਸੰਨਜ਼ ਪਾਲੀਮਰਜ਼ ਵਿੱਚ ਅੱਗ ਲੱਗਣ ਤੋਂ ਬਾਅਦ ਧਮਾਕਾ ਹੋਇਆ, ਜਿਸ ਕਾਰਨ ਪੰਜ ਮੰਜ਼ਿਲਾ ਇਮਾਰਤ ਢਹਿ ਢੇਰੀ ਹੋ ਗਈ। ਮਲਬੇ ਥੱਲੇ ਫਾਇਰ ਬ੍ਰਿਗੇਡ ਦੇ ਤਿੰਨ ਅਫ਼ਸਰ, ਛੇ ਮੁਲਾਜ਼ਮ, ਭਾਵਾਧਸ ਦੇ ਦਲਿਤ ਆਗੂ ਸਮੇਤ ਕਰੀਬ 20 ਜਣੇ ਦਬ ਗਏ। ਸ਼ਾਮ ਤੱਕ ਮਲਬੇ ਵਿੱਚੋਂ ਫਾਇਰ ਬ੍ਰਿਗੇਡ ਦੇ ਦੋ ਮੁਲਾਜ਼ਮਾਂ ਸਮੇਤ ਤਿੰਨ ਲਾਸ਼ਾਂ ਕੱਢੀਆਂ ਗਈਆਂ, ਜਦੋਂ ਕਿ ਤਿੰਨ ਫੱਟੜਾਂ ਨੂੰ ਵੱਖ ਵੱਖ ਹਸਪਤਾਲਾਂ ਵਿੱਚ ਭੇਜਿਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨਾਲ ਕੌਮੀ ਆਫ਼ਤ ਪ੍ਰਬੰਧਨ ਟੀਮ (ਐਨ.ਡੀ.ਆਰ.ਐਫ਼), ਸੂਬਾਈ ਡਿਜ਼ਾਸਟਰ ਰਿਸਪੌਂਸ ਫੋਰਸ (ਐਸ ਡੀਆਰ ਐਫ਼) ਅਤੇ ਫੌਜ ਨੇ ਰਾਹਤ ਕਾਰਜਾਂ ਲਈ ਮੋਰਚਾ ਸੰਭਾਲਿਆ।



ਇਕ ਮ੍ਰਿਤਕ ਦੀ ਪਛਾਣ ਪੰਜਾਬ ਟੈਕਸੀ ਯੂਨੀਅਨ ਦੇ ਪ੍ਰਧਾਨ ਇੰਦਰਪਾਲ ਸਿੰਘ ਪਾਲ ਵਜੋਂ ਹੋਈ, ਜਦੋਂ ਕਿ ਬਾਕੀ ਦੋਵਾਂ ਦੀ ਪਛਾਣ ਸੀਨੀਅਰ ਫਾਇਰ ਅਫ਼ਸਰ ਸੈਮੂਅਲ ਗਿੱਲ ਤੇ ਫਾਇਰ ਮੁਲਾਜ਼ਮ ਪੂਰਨ ਸਿੰਘ ਵਜੋਂ ਹੋਈ। ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿੱਚ ਰਖਵਾ ਦਿੱਤੀਆਂ ਗਈਆਂ। ਮੌਕੇ 'ਤੇ ਡਿਪਟੀ ਕਮਿਸ਼ਨਰ ਪ੍ਰਦੀਪ ਅਗਰਵਾਲ, ਪੁਲੀਸ ਕਮਿਸ਼ਨਰ ਆਰ.ਐਨ. ਢੋਕੇ, ਨਿਗਮ ਕਮਿਸ਼ਨਰ ਜਸਕਿਰਨ ਸਿੰਘ ਸਮੇਤ ਪ੍ਰਸ਼ਾਸਨ ਦੇ ਸਾਰੇ ਅਧਿਕਾਰੀ ਪੁੱਜੇ। ਜਾਣਕਾਰੀ ਮੁਤਾਬਕ ਸੋਮਵਾਰ ਸਵੇਰੇ ਕਰੀਬ ਸਾਢੇ 7 ਵਜੇ ਪਲਾਸਟਿਕ ਦਾ ਸਾਮਾਨ ਬਣਾਉਣ ਵਾਲੀ ਪੰਜ ਮੰਜ਼ਿਲਾ ਫੈਕਟਰੀ ਵਿੱਚ ਅਚਾਨਕ ਅੱਗ ਲੱਗ ਗਈ। ਮੌਕੇ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਅੱਗ 'ਤੇ ਕਾਬੂ ਪਾਉਣਾ ਸ਼ੁਰੂ ਕਰ ਦਿੱਤਾ। ਕਰੀਬ 11 ਵਜੇ 80 ਫੀਸਦੀ ਅੱਗ ਬੁੱਝ ਗਈ ਤਾਂ ਫਾਇਰ ਬ੍ਰਿਗੇਡ ਅਫ਼ਸਰ ਤੇ ਕਰਮੀ ਅੰਦਰ ਚਲੇ ਗਏ। ਫੈਕਟਰੀ ਮਾਲਕ ਤੇ ਕੁਝ ਹੋਰ ਲੋਕ ਵੀ ਅੰਦਰ ਜਾਇਜ਼ਾ ਲੈਣ ਗਏ ਤਾਂ ਜ਼ੋਰਦਾਰ ਧਮਾਕੇ ਨਾਲ ਪੂਰੀ ਇਮਾਰਤ ਢਹਿ ਗਈ। ਤਿੰਨ ਫਾਇਰ ਅਫ਼ਸਰ ਰਾਜਿੰਦਰ ਸ਼ਰਮਾ, ਸੈਮੂਅਲ ਗਿੱਲ, ਰਾਜ ਕੁਮਾਰ ਤੋਂ ਇਲਾਵਾ ਫਾਇਰ ਮੁਲਾਜ਼ਮ ਰਾਜਨ, ਪੂਰਨ ਸਿੰਘ, ਸੁਖਦੇਵ ਸਿੰਘ, ਮਨਪ੍ਰੀਤ ਤੋਂ ਇਲਾਵਾ ਦਲਿਤ ਆਗੂ ਲਛਮਣ ਦਾਵਿੜ ਸਮੇਤ ਕਈ ਜਣੇ ਅੰਦਰ ਫਸ ਗਏ। ਰਾਹਤ ਕਾਰਜ ਦੌਰਾਨ ਤਿੰਨ ਵਿਅਕਤੀਆਂ ਨੂੰ ਕੱਢਿਆ ਗਿਆ ਹੈ ਅਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਆਂਦਾ ਗਿਆ। ਮਲਬੇ ਵਿੱਚ ਦਬੇ ਲੋਕਾਂ ਦੇ ਪਰਿਵਾਰ ਵਾਲਿਆਂ ਨੂੰ ਜਿਵੇਂ ਹੀ ਘਟਨਾ ਦੀ ਜਾਣਕਾਰੀ ਮਿਲੀ ਤਾਂ ਉਹ ਵੀ ਮੌਕੇ 'ਤੇ ਪੁੱਜਣੇ ਸ਼ੁਰੂ ਹੋ ਗਏ।ਇਮਾਰਤ ਡਿੱਗਣ ਤੋਂ ਬਾਅਦ ਉਸ ਵਿੱਚੋਂ ਲਗਾਤਾਰ ਜ਼ਹਿਰੀਲਾ ਧੂੰਆਂ ਨਿਕਲਦਾ ਰਿਹਾ, ਜਿਸ ਕਾਰਨ ਆਸਪਾਸ ਦੇ ਲੋਕਾਂ ਤੇ ਰਾਹਤ ਕਾਰਜਾਂ ਵਿੱਚ ਲੱਗੀਆਂ ਟੀਮਾਂ ਨੂੰ ਦਿੱਕਤ ਆਈ। ਹਾਲਾਂਕਿ ਮੌਕੇ 'ਤੇ ਮਾਸਕ ਵੀ ਮੁਹੱਈਆ ਕਰਵਾਏ ਗਏ ਪਰ ਉਹ ਨਾਕਾਫ਼ੀ ਸਾਬਤ ਹੋਏ। ਅੱਗ ਕਾਰਨ ਪ੍ਰਸ਼ਾਸਨ ਨੇ ਤੁਰੰਤ ਨੇੜਲੀਆਂ ਫੈਕਟਰੀਆਂ ਤੇ ਘਰਾਂ ਨੂੰ ਖ਼ਾਲੀ ਕਰਵਾ ਦਿੱਤਾ। ਜਦੋਂ ਇਮਾਰਤ ਡਿੱਗੀ ਤਾਂ ਉਸ ਦਾ ਮਲਬਾ ਨਾਲ ਲੱਗਦੀ ਫੈਕਟਰੀ ਅਤੇ ਘਰਾਂ ਵਿੱਚ ਵੀ ਡਿੱਗਿਆ। ਨਜ਼ਦੀਕ ਰਹਿਣ ਵਾਲੇ ਗੁਰਦੇਵ ਸਿੰਘ ਨੇ ਕਿਹਾ ਕਿ ਫੈਕਟਰੀ ਨੂੰ ਅੱਗ ਲੱਗਣ ਤੋਂ ਬਾਅਦ ਉਨ੍ਹਾਂ ਘਰ ਖਾਲੀ ਕਰ ਦਿੱਤੇ ਸਨ ਅਤੇ ਇਮਾਰਤ ਦਾ ਮਲਬਾ ਉਨ੍ਹਾਂ ਦੇ ਘਰਾਂ ਉਤੇ ਵੀ ਡਿੱਗਿਆ। ਧਮਾਕੇ ਤੋਂ ਪਹਿਲਾਂ ਫੈਕਟਰੀ ਤੋਂ ਬਾਹਰ ਆਏ ਹਰਬੀਰ ਸਿੰਘ ਦਾ ਕਹਿਣਾ ਹੈ ਕਿ ਉਹ ਇਮਾਰਤ ਵਿੱਚ ਅੱਗ ਕਾਰਨ ਹੋਇਆ ਨੁਕਸਾਨ ਦੇਖਣ ਲਈ ਪਹਿਲੀ ਮੰਜ਼ਿਲ ਤੱਕ ਗਏ ਸਨ। ਇਕ ਕਮਰੇ ਦੀ ਖਿੜਕੀ ਵਿੱਚੋਂ ਧੂੰਆਂ ਨਿਕਲ ਰਿਹਾ ਸੀ ਤਾਂ ਇਕ ਮਜ਼ਦੂਰ ਨੇ ਅੰਦਰ ਲੱਗਿਆ ਸ਼ਟਰ ਪੁੱਟਿਆ ਤੇ ਤੇਜ਼ ਧੂੰਆਂ ਆਇਆ।

# ਸੈਨਹੋਜੇ, ਕੈਲੀਫੋਰਨੀਆ 'ਚ "ਰੇਡੀਓ ਮਿਰਚੀ" ਵਲੋਂ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ ਤੇ' ਦਾ ਕਰਵਾਇਆ ਗਿਆ ਸਫਲ ਮੰਚਨ





**ਸੈਨਹੋਜੇ (ਹੁਸਨ ਲੜੋਆ ਬੰਗਾ) –** ਸਥਾਨਕ "ਰੇਡੀਓ ਮਿਰਚੀ" 1310 ਏ. ਐਮ. ਅਤੇ ਐਸ ਪੀ ਸਿੰਘ ਵਲੋਂ ਬੇ-ਏਰੀਆ ਕਲਚਰਲ ਐਸੋਸੀਏਸ਼ਨ ਦੇ ਸਹਿਯੋਗ ਨਾਲ ਨਿਰਦੇਸ਼ਕ ਅਸ਼ੋਕ ਟਾਂਗਰੀ ਅਤੇ ਨਿਰਮਾਤਾ ਤਾਰਾ ਸਿੰਘ ਸਿਰ ਦਾ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ ਤੇ' ਇੱਥੇ ਐਵਰਗਰੀਨ ਹਾਈ ਸਕੂਲ ਦੇ ਥੀਏਟਰ ਵਿਚ ਲੰਘੇ ਸ਼ਨੀਵਾਰ ਨੂੰ ਕਰਵਾਇਆ ਗਿਆ।

ਮੁੱਖ ਪ੍ਰਬੰਧਕ ਐਸ ਪੀ ਸਿੰਘ ਨੇ ਕਿਹਾ ਕਿ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚ ਕਿਸਾਨ ਇਸ ਵੇਲੇ ਭੁੱਖੀ ਰੋ ਰਿਹਾ ਹੈ। ਕਿਤੇ ਕਰਜ਼ੇ ਦੇ ਭਾਰ ਨਾਲ, ਕਿਤੇ ਫਸਲਾਂ ਤੇ ਕੁਦਰਤੀ ਕਰੋਪੀ ਦੀ ਚਿੰਤਾ ਤੇ ਸਰਕਾਰਾਂ ਦੀ ਬੇਰੁਖੀ ਅਤੇ ਅੰਨਦਾਤੇ ਦੀ ਪੀੜ ਨੂੰ ਨਾ ਸਿਝਣ ਕਾਰਨ ਹੀ ਕਿਸਾਨ ਇਸ ਵੇਲੇ ਖੁਦਕੁਸ਼ੀਆਂ ਕਰਨ ਵੱਲ ਵਧਦਾ ਜਾ ਰਿਹਾ ਹੈ ਤੇ ਉਹ ਨਵੇਂ ਰੇਡੀਓ ਮਿਰਚੀ ਰਾਹੀਂ ਭਾਈਚਾਰੇ ਪਰਤੀ ਸੇਵਾਵਾਂ ਨਿਭਾਅ ਰਹੇ ਹਨ, ਉਵੇਂ ਹੀ ਕਿਸਾਨ ਦੇ ਇਸ ਦਰਦ ਦੀ ਵਿਥਿਆ ਨੂੰ ਪੰਜਾਬੀਆਂ ਨਾਲ ਸਾਂਝੀ ਕਰਕੇ ਉਹ ਇੱਕ ਤਰਾਂ ਨਾਲ ਆਪਣਾ ਫਰਜ਼ ਹੀ ਨਿਭਾਅ ਰਹੇ ਹਨ। ਗੁਰਦੁਆਰਾ ਸਾਹਿਬ ਸੈਨਹੋਜ਼ੇ ਦੇ ਮੁੱਖ ਪ੍ਰਬੰਧਕ ਭੁਪਿੰਦਰ ਸਿੰਘ ਬੋਬ ਨੇ ਕਿਹਾ ਕਿ ਉਨ੍ਹਾਂ ਨੇ ਇਸ ਨਾਟਕ ਨੂੰ ਕਰਵਾਉਣ ਵਿਚ ਭਰਪੂਰ ਵਿੱਤੀ ਸਹਿਯੋਗ ਵੀ ਦਿੱਤਾ ਹੈ ਤੇ ਪੰਜਾਬੀਆਂ ਨੂੰ ਨਾਲ ਜੋੜਨ ਦਾ ਯਤਨ ਵੀ ਕੀਤਾ ਹੈ। ਤਾਂ ਜੋ ਪੰਜਾਬ ਅੰਦਰ ਰੋ ਰਹੇ ਕਿਸਾਨ ਦੀ ਬਾਂਹ ਫੜਨ ਲਈ ਸਾਰਿਆਂ ਨੂੰ ਸੁਚੇਤ ਕੀਤਾ ਜਾ ਸਕੇ। ਨਿਰਮਾਤਾ ਤਾਰਾ ਸਿੰਘ ਸਿਰ ਤੇ ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਇਸ ਨਾਟਕ ਨੂੰ ਮਿਲੀ ਸਫਲਤਾ ਤੇ ਖੁਸ਼ੀ ਜ਼ਾਹਰ ਕਰਦਆਂ ਕਿਹਾ ਕਿ ਉਹ ਜਲਦੀ ਹੀ ਇਸ ਨਾਟਕ ਦੀ ਸਫਲ ਬਣਾਉਣ ਦੇ ਯਤਨ ਵਿਚ ਅੱਗੇ ਹੋਰ ਨਾਟਕ ਕਰਨਗੇ।

ਵੱਡੀ ਗਿਣਤੀ ਵਿਚ ਆਏ ਦਰਸ਼ਕਾਂ ਵਿਚ ਬੀਬੀਆਂ, ਬੱਚੇ ਅਤੇ ਨਾਮੀ ਹਸਤੀਆਂ ਵੀ ਸ਼ਾਮਲ ਸਨ। ਸਮਾਪਤੀ ਵੇਲੇ ਮੁੱਖ ਪ੍ਰਬੰਧਕ ਐਸ. ਪੀ. ਸਿੰਘ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਡਾ. ਚੌਧਰੀ, ਰਾਜ ਜੋਤ ਰੈਸਟੋਰੈਂਟ, ਬਿੱਲਾ ਸੰਘੇੜਾ, ਬਿਕਰਮਜੀਤ ਸਿੰਘ, ਰਾਜ ਭਨੋਟ ਵੱਲੋਂ ਵੀ ਨਾਟਕ ਨੂੰ ਨਿੱਘਾ ਸਹਿਯੋਗ ਦਿੱਤਾ ਗਿਆ।

# ਆਈਸੀਸੀ ਰੈਂਕਿੰਗ ਵਿੱਚ ਪੰਜਵੇਂ ਸਥਾਨ 'ਤੇ ਪਹੁੰਚੇ ਕੋਹਲੀ

**ਦੁਬਈ–** ਭਾਰਤੀ ਕਪਤਾਨ ਵਿਰਾਟ ਕੋਹਲੀ ਆਈ-ਸੀਸੀ ਬੱਲੇਬਾਜ਼ੀ ਲਈ ਤਾਜ਼ਾ ਟੈਸਟ ਰੈਂਕਿੰਗ ਵਿੱਚ ਇਕ ਪੌੜੀ ਉੱਤੇ ਚੜ੍ਹ ਕੇ ਪੰਜਵੇਂ ਸਥਾਨ 'ਤੇ ਪਹੁੰਚ ਗਏ ਹਨ। ਲੇਕਿਨ ਉਨ੍ਹਾਂ ਦੇ ਸਾਥੀ ਰਵਿੰਦਰ ਜਡੇਜਾ ਗੇਂਦਬਾਜ਼ੀ ਦੀ ਸੂਚੀ ਵਿੱਚ ਇਕ ਸਥਾਨ ਥੱਲੇ ਤੀਸਰੇ ਨੰਬਰ 'ਤੇ ਖਿਸਕ ਗਏ। ਕੋਹਲੀ ਨੇ ਸ੍ਰੀਲੰਕਾ ਖਿਲਾਫ਼ ਕੋਲਕਾਤਾ ਵਿੱਚ ਪਹਿਲੇ ਟੈਸਟ ਮੈਚ ਵਿੱਚ ਭਾਰਤ ਦੀ ਦੂਸਰੀ ਪਾਰੀ ਵਿੱਚ ਨਾਬਾਦ ਸੈਂਕੜਾ ਬਣਾਇਆ ਸੀ ਜੋ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਉਸ ਦਾ 50ਵਾਂ ਸੈਂਕੜਾ ਸੀ। ਇਸ ਦਮ 'ਤੇ ਉਹ ਆਸਟਰੇਲੀਆ ਦੇ ਡੇਵਿਡ ਵਾਰਨਰ ਨੂੰ ਪੰਜਵੇਂ ਨੰਬਰ ਤੋਂ ਹਟਾ ਕੇ ਸਿਖਰਲੇ ਪੰਜ ਵਿੱਚ ਸ਼ਾਮਲ ਹੋਣ



ਵਿੱਚ ਸਫਲ ਰਿਹਾ। ਇਕ ਦਿਨਾਂ ਅਤੇ ਟੀ20 ਅੰਤਰ-ਰਾਸ਼ਟਰੀ ਦੋਵਾਂ ਵਿੱਚ ਦੁਨੀਆ ਦੇ ਨੰਬਰ ਇਕ ਬੱਲੇਬਾਜ਼ ਕੋਹਲੀ ਨੇ ਡਰਾਅ ਹੋਏ ਮੈਚ ਦੇ ਪੰਜਵੇਂ ਅਤੇ ਅਖੀਰਲੇ ਦਿਨ ਨਾਬਾਦ 104 ਦੌੜਾਂ ਬਣਾਈਆਂ। ਸਲਾਮੀ ਬੱਲੇਬਾਜ਼ ਸ਼ਿਖਰ ਧਵਨ ਦੋ ਕਦਮ ਉਪਰ ਚੜ੍ਹ ਕੇ 20ਵੇਂ ਸਥਾਨ 'ਤੇ ਪਹੁੰਚ ਗਏ ਹਨ ਜਦ ਕਿ ਚੇਤੇਸ਼ਵਰ ਪੁਜਾਰਾ ਪਹਿਲੇ ਦੀ ਤਰ੍ਹਾਂ ਚੌਥੇ ਨੰਬਰ 'ਤੇ ਬਣੇ ਹੋਏ ਹਨ। ਲੋਕੇਸ਼ ਰਾਹੁਲ ਅੱਠਵੇਂ ਸਥਾਨ 'ਤੇ ਜਮੇ ਹੋਏ ਹਨ ਜਦ ਕਿ ਅਜਿੰਕੇ ਰਹਾਣੇ ਚੌਥੇ ਸਥਾਨ ਥੱਲੇ 14ਵੇਂ ਸਥਾਨ 'ਤੇ ਖਿਸਕ ਗਏ। ਭਾਰਤੀ ਤੇਜ਼ ਗੇਂਦਬਾਜ਼ ਭੁਵਨੇਸ਼ਵਰ ਕੁਮਾਰ ਨੇ ਅੱਠ ਸਥਾਨਾਂ ਦੀ ਲੰਬੀ ਛਲਾਂਗ ਮਾਰੀ।

# ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਕਾਰਨ ਜਾਗਿਆ ਰੋਹ

(ਸਫਾ 1 ਦੀ ਬਾਕੀ)

ਰੱਖਣ ਲਈ ਉਨ੍ਹਾਂ ਦੇ ਨਾਂ ਦਾ ਕਾਲਜ ਕਾਇਮ ਰਹਿਣਾ ਚਾਹੀਦਾ ਹੈ। ਮਾਤਾ ਬੇਅੰਤ ਕੌਰ ਐਜੂਕੇਸ਼ਨ ਤੇ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਖੁਰਾਣਾ (ਸਰਪ੍ਰਸਤ ਪੰਥਕ ਸੇਵਾ ਦਲ) ਨੇ ਕਿਹਾ ਕਿ ਸਰਕਾਰ ਘੱਟਗਿਣਤੀਆਂ ਵਿਰੋਧੀ ਨੀਤੀਆਂ ਤਹਿਤ ਕਾਲਜਾਂ, ਸੜਕਾਂ ਤੇ ਹੋਰ ਥਾਵਾਂ ਦੇ ਨਾਵਾਂ ਦਾ ਹਿੰਦੂਕਰਨ ਕਰਨ 'ਤੇ ਤੁਲੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਵੀ ਦਿੱਲੀ ਯੂਨੀਵਰਸਿਟੀ ਦੇ ਕਾਲਜ ਤੋਂ ਸਿੱਖ ਵਿਦਵਾਨ ਦਿਆਲ ਸਿੰਘ ਮਜੀਠੀਆ ਦਾ ਨਾਂ ਖ਼ਤਮ ਕਰਨ ਦੇ ਯਤਨਾਂ ਦੀ ਸਖ਼ਤ ਨਿੰਦਾ ਕੀਤੀ।

**ਸ਼੍ਰੋਮਣੀ ਕਮੇਟੀ ਨੇ ਵੀ ਇਤਰਾਜ਼ ਪ੍ਰਗਟਾਇਆ**

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਨਵੀਂ ਦਿੱਲੀ ਦੇ ਦਿਆਲ ਸਿੰਘ ਈਵ-ਨਿੰਗ ਕਾਲਜ ਦਾ ਨਾਂ ਵੰਦੇ ਮਾਤਰਮ ਮਹਾਵਿਦਿਆਲਾ ਰੱਖਣ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਸ ਨਾਲ ਇਤਿਹਾਸਕ ਵਿਰਾਸਤ ਦਾ ਖ਼ਾਤਮਾ ਹੁੰਦਾ ਹੋਵੇ।

ਉਨ੍ਹਾਂ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਇਸ ਫ਼ੈਸਲੇ ਨੂੰ ਗ਼ਲਤ ਕਰਾਰ ਦਿੰਦਿਆਂ ਇਸ 'ਤੇ ਮੁੜ ਵਿਚਾਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਦਿਆਲ ਸਿੰਘ ਕਾਲਜ ਦੀ ਹੋਂਦ ਖ਼ਤਮ ਕਰਨ ਦੀ ਥਾਂ ਹੋਰ ਨਵੀਂ ਇਮਾਰਤ ਉਸਾਰ ਕੇ ਉਸ ਦਾ ਨਾਂ ਜੋ ਮਰਜ਼ੀ ਰੱਖਿਆ ਜਾਂਦਾ ਤਾਂ ਕੋਈ ਇਤਰਾਜ਼ ਵਾਲੀ ਗੱਲ ਨਹੀਂ ਸੀ।

**ਮੋਦੀ ਸਰਕਾਰ ਨੂੰ ਅਤੀਤ ਪ੍ਰੇਮ ਦੀ ਬਿਮਾਰੀ: ਸਿਸੋਦੀਆ**

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਇਹ ਸਭ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ ਤੇ ਮੋਦੀ ਸਰਕਾਰ ਨੂੰ ਸਿਰਫ਼ ਅਤੀਤ ਨਾਲ ਮੋਹ ਹੈ।

ਇਹ ਸਰਕਾਰ ਅਤੀਤ ਪ੍ਰੇਮ ਦੀ ਬਿਮਾਰੀ ਤੋਂ ਪੀੜਤ ਹੈ, ਇਸ ਲਈ ਸਿਰਫ਼ ਪਿਛਲੀਆਂ ਚੀਜ਼ਾਂ ਨੂੰ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਗੱਡੀ ਚਲਾਉਣ ਲਈ ਪਿੱਛੇ ਵਾਲੇ ਸ਼ੀਸ਼ੇ ਨੂੰ ਪਲ ਭਰ ਲਈ ਦੇਖਿਆ ਜਾਂਦਾ ਹੈ, ਪਰ ਕੇਂਦਰ ਸਰਕਾਰ ਪਿੱਛੇ ਦੇਖਣ ਵਾਲੇ ਸ਼ੀਸ਼ੇ ਨੂੰ ਹੀ ਅਗਲਾ ਸ਼ੀਸ਼ਾ ਬਣਾਉਣਾ ਚਾਹੁੰਦੀ ਹੈ।

# ਪੰਜਾਬੀ ਟਰਾਲਾ ਡਰਾਈਵਰ ਦੀ ਭੇਤਭਰੀ ਮੌਤ

**ਕੈਲੇਫੋਰਨੀਆ–** ਅਮਰੀਕਾ ਦੇ ਕੈਲੇਫੋਰਨੀਆ ਵਿੱਚ ਟਰਾਲਾ ਚਲਾਉਂਦੇ ਪੰਜਾਬੀ ਨੌ-ਜਵਾਨ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ। ਪੀੜਤ ਦੀ ਪਛਾਣ ਪ੍ਰੀਤਇੰਦਰ ਸਿੰਘ ਪੁੱਤਰ ਤੇਜਿੰਦਰ ਸਿੰਘ ਵਾਸੀ ਅਰਨੌਲੀ ਜ਼ਿਲ੍ਹਾ ਕੈਥਲ ਹਰਿਆਣਾ ਵਜੋਂ ਹੋਈ ਹੈ। ਮ੍ਰਿਤਕ ਦੀ ਭੈਣ ਸਤਿੰਦਰ ਕੌਰ ਪਤਨੀ ਨਰਿੰਦਰ ਸਿੰਘ ਵਾਸੀ ਬਾਲਦ ਕਲਾਂ ਨੇ ਦੱਸਿਆ ਕਿ ਪ੍ਰੀਤਇੰਦਰ 2010 ਵਿੱਚ ਅਮਰੀਕਾ ਗਿਆ ਸੀ ਤੇ ਕੈਲੇਫੋਰਨੀਆ ਸੂਬੇ ਵਿੱਚ ਟਰਾਲਾ ਚਲਾਉਂਦਾ ਸੀ। ਬੀਤੇ ਦਿਨੀਂ ਟਰਾਲੇ ਰਾਹੀਂ ਸਾਮਾਨ ਉਤਾਰ ਕੇ ਆਪਣੇ ਟਿਕਾਣੇ 'ਤੇ ਆ ਰਿਹਾ ਸੀ। ਇਸ ਦੌਰਾਨ ਜ਼ਿਆਦਾ ਥਕਾਵਟ ਹੋਣ ਕਾਰਨ ਉਹ ਟਰਾਲਾ ਸਾਈਡ 'ਤੇ ਲਗਾ ਕੇ ਵਿੱਚੇ ਹੀ ਸੌਂ ਗਿਆ। ਪੁਲੀਸ ਨੇ ਜਦੋਂ ਸੜਕ ਕਿਨਾਰੇ ਖੜ੍ਹੇ ਟਰਾਲੇ ਦੇ ਸ਼ੀਸ਼ੇ ਤੋੜ ਕੇ ਵੇਖਿਆ ਤਾਂ ਅੰਦਰ ਪ੍ਰੀਤਇੰਦਰ ਦੀ ਲਾਸ਼ ਪਈ ਸੀ। ਪੀੜਤ ਪਰਿਵਾਰ ਨੇ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਦੀ ਲਾਸ਼ ਵਾਪਸ ਲਿਆਉਣ ਲਈ ਮਦਦ ਕੀਤੀ ਜਾਵੇ।

# ਹੁਣ ਵੀ ਝੂਠੇ ਪੁਲਿਸ ਕੇਸਾਂ ਵਿਚ ਉਲਝਾ ਕੇ ਸਿੱਖਾਂ ਨੂੰ ਬਦਨਾਮ ਕਰ ਹੀ ਹੈ ਕੈਪਟਨ ਸਰਕਾਰ: ਹਿੰਮਤ ਸਿੰਘ

**ਈਸਟ ਕੋਸਟ, ਅਮਰੀਕਾ (ਹੁਸਨ ਲੜੋਆ ਬੰਗਾ)–** ਅਮਰੀਕਾ ਦੀਆਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਦੇ ਆਗੂਆਂ ਨੇ ਪੰਜਾਬ ਦੇ ਸਿੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀਆਂ, ਵਿਧਾਇਕਾਂ ਤੇ ਕਾਂਗਰਸ ਦੇ ਪ੍ਰਮੁੱਖ ਆਗੂਆਂ ਦਾ ਵਿਦੇਸ਼ਾਂ ਵਿਚ ਘਿਰਾਓ ਕਰਨ ਦਾ ਐਲਾਨ ਕੀਤਾ ਹੈ ਅਤੇ ਕਿਹਾ ਹੈ ਕਿ ਇਨ੍ਹਾਂ ਕਾਂਗਰਸੀਆਂ ਨੂੰ ਵਿਦੇਸ਼ਾਂ ਦੀਆਂ ਦੀ ਸਖ਼ਤ ਕਾਨੂੰਨੀ ਪ੍ਰਕਿਰਿਆ ਵਿਚੋਂ ਗੁਜਰਨਾਂ ਪਵੇਗਾ। ਇਹ ਐਲਾਨ ਅੱਜ ਉਨ੍ਹਾਂ ਨੇ ਹੰਗਾਮੀ ਮੀਟਿੰਗ ਕਰਕੇ ਇਸ ਲਈ ਕੀਤਾ ਕਿ ਪੰਜਾਬ ਵਿਚ ਮੁੜ 1984 ਸਿੱਖ ਕਤਲੇਆਮ ਕਰਨ ਵਾਂਗ ਹੁਣ ਵੀ ਸਿੱਖਾਂ ਨੂੰ ਝੂਠੇ ਕੇਸਾਂ ਵਿਚ ਉਲਝਾ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ, ਇਸ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਭ ਤੋਂ ਵੱਡੀ ਸਿੱਖ ਵਿਰੋਧੀ ਕਾਰਵਾਈ ਕਰਾਰ ਦਿੱਤਾ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਦੇ ਕੋਆਰਡੀਨੇਟਰ ਹਿੰਮਤ ਸਿੰਘ ਤੇ ਹੋਰ ਆਗੂ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਕਿਹਾ ਹੈ ਕਿ ਪੰਜਾਬ 'ਚ ਸਿਆਸੀ ਕਤਲਾਂ ਦੇ ਦੋਸ਼ 'ਚ ਫੜੇ ਗਏ, ਇੰਗਲੈਂਡ ਤੋਂ ਪੰਜਾਬ ਵਿਆਹ ਕਰਵਾਉਣ ਗਏ ਜੰਡਿਆਲੇ ਦੇ ਬਰਤਾਨਵੀ ਨੌਜਵਾਨ ਜਗਤਾਰ ਸਿੰਘ ਜੌਹਲ ਨੂੰ ਨਾ ਤਾਂ ਅਦਾਲਤ 'ਚ ਵਕੀਲ ਲਿਜਾਉਣ ਦਿੱਤਾ ਗਿਆ ਅਤੇ ਨਾ ਹੀ ਬਰਤਾਨਵੀ ਅੰਬੈਸੀ ਦੇ ਅਧਿਕਾਰੀਆਂ ਨੂੰ



ਮਿਲਣ ਦਿੱਤਾ ਗਿਆ ਫੇਰ ਇਨਸਾਫ਼ ਦੀ ਕੀ ਆਸ ਰੱਖੀ ਜਾ ਸਕਦੀ ਹੈ।

ਪੰਜਾਬ ਪੁਲਿਸ ਕਹਿ ਰਹੀ ਹੈ ਕਿ ਇੱਕ ਹੋਰ ਸ਼ੂਟਰ ਫੜਿਆ, ਜਿਸ ਦੀ ਪਛਾਣ ਹਰਦੀਪ ਸਿੰਘ (23) ਉਰਫ਼ ਸ਼ੇਰਾ ਵਾਸੀ ਪਿੰਡ ਮਾਜਰੀ, ਥਾਣਾ ਅਮਲੋਹ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਜੋਂ ਹੋਈ ਹੈ, ਜੋ ਕਤਲ ਕਰਕੇ ਇਟਲੀ ਭਿੱਜ ਜਾਂਦਾ ਸੀ। 7-8 ਦਿਨ ਹੋ ਗਏ ਪਹਿਲੇ ਮੁੰਡੇ ਫੜਿਆਂ ਨੂੰ ਪਰ ਹੁਣ ਤੱਕ ਤਾਂ ਇਟਲੀ ਭੇਜਿਆ ਨਹੀਂ ਸੀ। ਦੂਜੇ ਪਾਸੇ ਪੁਲਿਸ ਕਹਿੰਦੀ ਜੰਮੂ 'ਚੋਂ ਫੜਿਆ, ਮੀਡੀਆ ਕਹਿੰਦਾ ਮੋਟਰ ਸਾਈਕਲ 'ਤੇ ਜਾਂਦਾ ਫੜਿਆ। ਦੂਜੇ ਪਾਸੇ ਡੀਜੀਪੀ ਅਰੋੜਾ ਹੋਰੀਂ ਕਹੀ ਜਾਂਦੇ ਕਿ ਜਾਂਚ ਹਾਲੇ ਮੁਢਲੇ ਪੜਾਅ 'ਚ ਆ ਪਰ ਨਾਲ ਹੀ ਸਾਰੀ ਘੜੀ-ਘੜਾਈ ਕਹਾਣੀ ਵੀ ਬਿਆਨੀ ਜਾਂਦੇ ਕਿ ਇੰਦਾਂ-ਇੰਦਾਂ ਹੋਇਆ। ਜੇ ਜਾਂਚ ਹਾਲੇ ਚੱਲ ਰਹੀ ਆ ਤਾਂ ਸਿੱਟੇ 'ਤੇ ਕਿੱਦਾਂ ਪੁੱਜ ਗਏ? ਕਮੇਟੀ ਆਗੂਆਂ ਨੇ ਕਿਹਾ ਹੈ ਕਿ 1984 ਵਿਆਂ ਵਿਚ ਵੀ ਪੁਲੀਸ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰ ਦਿੰਦੀ ਸੀ, ਉਸ ਵੇਲੇ ਝੂਠੀਆਂ ਕਹਾਣੀਆਂ ਬਣਾਉਣ ਦੇ ਪੰਜਾਬ ਪੁਲੀਸ ਦੇ ਅਧਿਕਾਰੀਆਂ ਨੂੰ ਮੈਡਲ ਮਿਲਦੇ ਸਨ। ਆਗੂਆਂ ਨੇ ਕਿਹਾ ਕਿ ਅੱਜ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਿਸ ਮੈਡਲ ਦੇ ਲਾਲਚ ਵਿਚ ਸਿੱਖਾਂ ਨੂੰ ਬਦਨਾਮ ਕਰ ਰਹੀ ਹੈ? ਆਗੂਆਂ ਨੇ ਕਿਹਾ ਕਿ ਦੁਨੀਆਂ ਵਿਚ ਬੈਠੇ ਸਿੱਖ ਹੁਣ ਜਾਗ ਗਏ ਹਨ, ਤੇ ਮੀਡੀਆ ਕਰਾਂਤੀ ਨੇ ਅਜਿਹਾ ਕੰਮ ਕੀਤਾ ਹੈ ਕਿ ਵਿਦੇਸ਼ਾਂ ਵਿਚ ਬੈਠੇ ਹਰ ਇਕ ਸਿੱਖ ਨੂੰ ਭਾਰਤ ਵਿਚ ਵਾਪਰ ਰਹੀ ਹਰ ਘਟਨਾ ਦਾ ਪਤਾ ਲੱਗਦਾ ਹੈ, ਕੈਪਟਨ ਅਮਰਿੰਦਰ ਸਿੰਘ ਆਪਣੇ ਪੁਰਖਿਆਂ ਵੱਲੋਂ ਅੰਗਰਾਂ ਨਾਲ ਨਿਭਾਈਆਂ ਯਾਰੀਆਂ ਅਨੁਸਾਰ ਹੁਣ ਭਾਰਤ ਦੀਆਂ ਕੇਂਦਰ ਦੀਆਂ ਸਰਕਾਰਾਂ ਨਾਲ ਯਾਰੀਆਂ ਨਿਭਾ ਕੇ ਪੰਜਾਬ ਦੇ ਸਿੱਖ ਨੌਜਵਾਨਾਂ ਨੂੰ ਬਦਨਾਮ ਕਰਨ ਲਈ ਜੇਲ੍ਹਾਂ ਵਿਚ ਡਿੱਕ ਰਿਹਾ ਹੈ, ਇਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨਹੀਂ ਗ੍ਰਿਫ਼ਤਾਰ ਕੀਤੇ ਗਏ, ਨਸ਼ਾ ਖ਼ਤਮ ਕਰਨ ਲਈ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਵੀ ਇਹ ਮੁਕਰ ਗਏ, ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਗੱਲ ਵੀ ਫੁਰਰ ਹੋ ਗਈ, ਇਨ੍ਹਾਂ ਨੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾ ਕੇ ਉਲਟਾ ਸਿੱਖਾਂ ਦੇ ਮੁੰਡਿਆਂ ਨੂੰ ਹੀ ਜੇਲ੍ਹਾਂ ਵਿਚ ਡੱਕਣਾ ਸ਼ੁਰੂ ਕੀਤਾ ਹੋਇਆ ਹੈ।

# ਭਾਰਤ ਦੀ ਮਨੂਸ਼ੀ ਛਿਲਰ ਬਣੀ ਮਿਸ ਵਰਲਡ



ਭਾਰਤ ਦੀ ਮਨੂਸ਼ੀ ਛਿਲਰ ਨੇ ਮਿਸ ਵਰਲਡ 2017 ਜਿੱਤ ਲਿਆ ਹੈ। ਚੀਨ ਵਿਚ ਹੋਏ ਮੁਕਾਬਲੇ ਵਿਚ ਮਾਨੁਸ਼ੀ 118 ਲੜਕੀਆਂ ਵਿਚੋਂ ਮਿਲ ਵਰਲਡ ਚੁਣੀ ਗਈ। ਹਰਿਆਣੇ ਵਿਚ ਜੰਮੀ 20 ਸਾਲ ਦੀ ਮਾਨੁਸ਼ੀ ਦਿੱਲੀ ਵਿਚ ਰਹਿੰਦੀ ਹੈ। ਉਹ ਸੋਨੀਪਤ ਦੇ ਮੈਡੀਕਲ ਕਾਲਜ ਵਿਚ ਐਮ. ਬੀ. ਬੀ.ਐਸ. ਦੂਜੇ ਸਾਲ ਦੀ ਵਿਦਿਆਰਥਣ ਹੈ। ਵਰਣਨਯੋਗ ਹੈ ਕਿ 17 ਸਾਲ ਬਾਅਦ ਭਾਰਤ ਦੇ ਕੋਲ ਮਿਸ ਵਰਲਡ ਦਾ ਖਿਤਾਬ ਆਇਆ ਹੈ।

**ਐਸ਼ਵਰਿਆ ਰਾਏ ਬਣੀ ਸੀ ਮਿਸ ਵਰਲਡ**



1994 ਵਿਚ ਮਿਸ ਵਰਲਡ ਦਾ ਖਿਤਾਬ ਐਸ਼ਵਰਿਆ ਰਾਏ ਨੇ ਮਿਸ ਵਰਲਡ ਦਾ ਖਿਤਾਬ ਆਪਣੇ ਨਾਂ ਕੀਤਾ ਸੀ। 20 ਸਾਲ ਦੀ ਉਮਰ ਵਿਚਮਿਸ ਵਰਲਡ ਬਣੀ ਐਸ਼ਵਰਿਆ ਉਸ ਵਕਤ ਆਰਕੀਟੈਕਚਰ ਦੀ ਵਿਦਿਆਰਥਣ ਸੀ। ਮਿਸ ਵਰਲਡ ਬਣਨ ਤੋਂ ਬਾਅਦ ਉਹਨਾਂ ਨੇ ਬਾਲੀਵੁੱਡ ਵਿਚਆਪਣਾ ਕੈਰੀਅਰ ਬਣਾਉਣ ਬਾਰੇ ਸੋਚਿਆ। ਉਹਨਾਂ ਨੇ 1997 ਵਿਚ 'ਔਰ ਪਿਆਰ ਹੋ ਗਿਆ' ਤੋਂ ਬਾਲੀਵੁੱਡ ਵਿਚ ਐਂਟਰੀ ਕੀਤੀ ਸੀ। ਇਸ ਤੋਂ ਇਲਾਵਾ ਉਹਨਾਂ ਨੇ 'ਆ ਅਬ ਲੌਟ ਚਲੇਂ (199), 'ਹਮ ਦਿਲ ਦੇ ਚੁੱਕੇ ਸਨਮ (1999), ਤਾਲ (1999), ਜੋਸ਼ (2000), ਮੋਹੱਬਤੇਂ (2000), ਧੂੰਮ-2 (2008), ਗੁਰੂ (2007) ਸਮੇਤ ਹੋਰ ਫਿਲਮਾਂ ਵਿਚ ਕੰਮ ਕੀਤਾ ਹੈ। ਉਹਨਾਂ ਦੀ ਅਪਕਮਿੰਗ ਫਿਲਮ 'ਫੰਨੇ ਖਾਂ' ਹੈ, ਜੋ 2018 ਵਿਚ ਆਵੇਗੀ।

**ਪ੍ਰਿਅੰਕਾ ਚੋਪੜਾ**



2000 ਵਿਚ ਪ੍ਰਿਅੰਕਾ ਚੋਪੜਾ ਨੇ ਮਿਸ ਵਰਲਡ ਦਾ ਖਿਤਾਬ ਆਪਣੇ ਨਾਂ ਕੀਤਾ ਸੀ। ਜਦੋਂ ਉਹ ਮਿਸ ਵਰਲਡ ਬਣੀ ਸੀ ਉਦੋਂ ਉਸਦੀ ਉਮਰ 18 ਸਾਲ ਸੀ। ਉਹਨਾਂ ਨੇ ਮਿਸ ਵਰਲਡ ਬਣਨ ਤੋਂ ਬਾਅਦ ਬਾਲੀਵੁੱਡ ਵਿਚ ਕੈਰੀਅਰ ਬਣਾਉਣ ਦੀ ਸੋਚੀ। ਉਹਨਾਂ ਨੇ 2003 ਵਿਚ ਫਿਲਮ 'ਹੀਰੋ' ਤੋਂ ਬਾਲੀਵੁੱਡ ਵਿਚ ਐਂਟਰੀ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਅੰਦਾਜ਼, ਏਤਰਾਜ਼, ਕ੍ਰਿਸ਼, ਮੁਝਸੇ ਸ਼ਾਦੀ ਕਰੋਗੀ, ਡਾਨ, ਬਰਫੀ, ਗੁੰਡੇ ਸਮੇਤ ਕਈ ਫਿਲਮਾਂ ਦੇ ਆਫਰ ਮਿਲੇ। ਪਰ ਉਹ ਹਾਲੀਵੁੱਡ ਫਿਲਮ ਅਤੇ ਟੀ. ਵੀ. ਸ਼ੋਅ ਵਿਚ ਬਿਜ਼ੀ ਹੈ।

**ਯੁਕਤਾ ਮੁਖੀ**

ਯੁਕਤਾ ਮੁਖੀ ਨੇ 1999 ਵਿਚ ਮਿਸ ਵਰਲਡ ਦਾ ਤਾਜ਼ ਪਾਇਆ ਸੀ। ਜਦੋਂ ਉਹਨਾਂ ਨੇ ਮਿਸ ਵਰਲਡ ਦਾ ਤਾਜ ਪਾਇਆ ਸੀ, ਉਸ ਵਕਤ ਉਹਨਾਂ ਦੀ ਉਮਰ 22 ਸਾਲ ਸੀ। ਉਹਨਾਂ ਨੇ 2002 ਵਿਚ ਫਿਲਮ 'ਪਿਆਸਾ' ਤੋਂ ਬਾਲੀਵੁੱਡ ਵਿਚ ਕਦਮ ਰੱਖਿਆ। ਇਸ ਤੋਂ ਇਲਾਵਾ ਉਹਨਾਂ ਨੇ 'ਲਵ ਇਨ ਜਾਪਾਨ, ਮੇਮਸਾਬ' ਫਿਲਮਾਂ ਵਿਚ ਕੰਮ ਕੀਤਾ। 2006 ਵਿਚ ਉਹਨਾਂ ਨੇ ਮਿਊਜ਼ਿਕ ਐਲਬਮ 'ਕਠਪੁਤਲੀ' ਵਿਚ ਵੀ ਕੰਮ ਕੀਤਾ।ਹਾਲਾਂਕਿ ਉਹ ਬਾਲੀਵੁੱਡ ਵਿਚ ਸਫਲਤਾ ਹਾਸਲ ਨਹੀਂ ਕਰ ਸਕੀ। ਰਿਪੋਰਟਾਂ ਦੇ ਮੁਤਾਬਕ ਯੁਕਤਾ ਨਵੀਂ ਦਿੱਲੀ ਵਿਚ ਫੈਟ ਮੌਕੀਬਰਗਰਨਾਂ ਦਾ ਰੈਸਟੋਰੈਂਟ ਚੇਨ ਚਲਾਉਂਦੀ ਹੈ।ਇਸ ਤੋਂ ਇਲਾਵਾ ਪਰਫਿਊਮ ਬਿਜਨਸ ਅਤੇ ਫੈਸ਼ਨ ਸਟੋਰ 'ਯੁਕਤਾ ਮੁਖੀ ਸਿਡਕਸ਼ਨ' ਵੀ ਹੈ।



**ਡਾਇਨਾ ਹੇਡਨ**

1997 ਵਿਚ ਡਾਇਨਾ ਹੇਡਨ ਨੂੰ ਮਿਸ ਵਰਲਡ ਦਾ ਖਿਤਾਬ ਮਿਲਿਆ ਸੀ। ਉਹਨਾਂ ਨੇ 24 ਸਾਲ ਦੀ ਉਮਰ ਵਿਚ ਇਹ ਖਿਤਾਬ ਆਪਣੇ ਨਾਂ ਕੀਤਾ ਸੀ। ਉਹਨਾਂ ਨੇ ਦੱਖਣ ਅਫਰੀਕੀ ਫਿਲਮ 'ਓਥੋਲੋ' ਤੋਂ ਫਿਲਮੀ ਦੁਨੀਆਂ ਵਿਚ ਕਦਮ ਰੱਖਿਆ। ਇਸ ਤੋਂ ਬਾਅਦ ਉਹਨਾਂ ਨੇ ਕਈ ਵਿਦੇਸ਼ੀ ਫਿਲਮਾਂ ਵਿਚ ਕੰਮ ਕੀਤਾ। ਡਾਇਨਾ ਨੇ 'ਹੁਣ ਬੱਸ ਅਤੇ ਤਹਿਜੀਬ' ਨਾਂ ਦੀਆਂ ਦੋ ਹਿੰਦੀ ਫਿਲਮਾਂ ਵਿਚ ਕੰਮ ਕੀਤਾ ਹੈ। ਹਾਲਾਂਕਿ ਉਹ ਬਾਲੀਵੁੱਡ ਵਿਚ ਸਫਲਤਾ ਹਾਸਲ ਨਹੀਂ ਕਰ ਸਕੀ। ਉਹ 2008 ਵਿਚ ਰਿਆਲਟੀ ਸ਼ੋਅ ਬਿਗ ਬਾਸ ਦੀ ਮੁਕਾਬਲੇ ਵਾਲੀ ਵੀ ਰਹੀ। ਫਿਲਹਾਲ ਉਹ ਆਪਣੀ ਫੈਮਲੀ ਲਾਈਫ ਵਿਚ ਬਿਜ਼ੀ ਹੈ।



# ਪਾਵਰ ਲਿਫਟਿੰਗ ਦੀ ਚੈਂਪੀਅਨਸ਼ਿੱਪ ਵਿੱਚ ਮਾਸਟਰਜ਼ ਸ਼ੇਣੀ ਵਿੱਚ ਪਿੰਡ ਕਰਨਾਣਾ ਦੇ ਜਸਵੰਤ ਸਿੰਘ ਲੱਧੜ ਨੇ ਜਿੱਤਿਆ ਗੋਲਡ ਮੈਡਲ

**ਮੁਕੰਦਪੁਰ, (ਰੇਸ਼ਮ ਕਰਨਾਣਵੀ)** – ਵਰਲਡ ਪਾਵਰ ਲਿਫਟਿੰਗ ਯੂਨੀਅਨ ਵਲੋਂ ਵਿਸ਼ਵ ਪਾਵਰ ਲਿਫਟਿੰਗ ਚੈਂਪੀਅਨਸ਼ਿਪ 2017 ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਕਰਵਾਈ ਗਈ। ਜਿਸ ਵਿੱਚ ਪਿੰਡ ਕਰਨਾਣਾ ਦੇ ਜਸਵੰਤ ਸਿੰਘ ਲੱਧੜ ਪੁੱਤਰ ਸ਼੍ਰੀ ਮੋਤੀ ਰਾਮ ਲੱਧੜ ਵਾਸੀ ਅਮਰੀਕਾ ਨੇ 82.5 ਕਿਲੋਗ੍ਰਾਮ ਭਾਰ ਵਰਗ ਵਿੱਚ ਭਾਗ ਲੈ ਕੇ ਗੋਲਡ ਮੈਡਲ ਜਿੱਤ ਕੇ ਚੈਂਪੀਅਨ ਦਾ ਖਿਤਾਬ ਹਾਸਿਲ ਕੀਤਾ। ਇਸ ਚੈਂਪੀਅਨਸ਼ਿਪ ਵਿੱਚ ਉਸਨੇ ਤਿੰਨ ਸ਼੍ਰੇਣੀਆਂ ਵਿੱਚ ਕੁੱਲ 450 ਕਿਲੋਗ੍ਰਾਮ ਭਾਰ ਚੁੱਕ ਕੇ ਭਾਰਤ ਦੀ ਝੋਲੀ ਵਿੱਚ ਸੋਨੇ ਦਾ ਤਮਗਾ ਪਾਇਆ। ਜ਼ਿਕਰਯੋਗ ਕਿ ਇਸ ਚੈਂਪੀਅਨਸ਼ਿਪ ਵਿੱਚ ਅਮਰੀਕਾ, ਯੂ.ਕੇ., ਜਰਮਨ, ਫਰਾਂਸ, ਸਪੇਨ, ਰਸ਼ੀਅਨ ਫੈਡਰੇਸ਼ਨ, ਸਾਊਥ ਅਫਰੀਕਾ ਅਤੇ ਇਰਾਨ ਵਰਗੇ ਦੇਸ਼ ਸ਼ਾਮਲ ਸਨ। ਪਿੰਡ ਕਰਨਾਣਾ ਵਿੱਚ ਗੋਲਡ ਮੈਡਲ ਜੇਤੂ ਖਿਡਾਰੀ ਜਸਵੰਤ ਸਿੰਘ ਲੱਧੜ ਦਾ ਪਤਵੰਤਿਆਂ ਅਤੇ ਪਿੰਡ ਵਾਸੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ।



ਪਿੰਡ ਕਰਨਾਣਾ ਦਾ ਖੇਡ ਖੇਤਰ ਵਿੱਚ ਵਿਲੱਖਣ ਨਾਮ ਕਿਉਂਕਿ ਇਸ ਪਿੰਡ ਦੀ ਇਕਾਈ ਤੋਂ ਸੰਘਰਸ਼ ਕਰਕੇ ਓਪੀਅਨ ਵੇਟਲਿਫਟਰ ਜਸਵੀਰ ਸਿੰਘ ਨੇ ਪਿੰਡ ਦਾ ਨਾਮ ਰੌਸ਼ਨ ਕੀਤਾ। ਹੁਣ ਜਸਵੰਤ ਸਿੰਘ ਵਲੋਂ ਮਾਸਟਰਜ਼ ਸ਼੍ਰੇਣੀ ਵਿੱਚ ਪਾਵਰ ਲਿਫਟਿੰਗ ਵਿੱਚ ਵਿਸ਼ਵ ਚੈਂਪੀਅਨਸ਼ਿਪ ਵਿੱਚੋਂ ਗੋਲਡ ਮੈਡਲ ਜਿੱਤ ਕੇ ਪਿੰਡ, ਪੰਜਾਬ ਅਤੇ ਭਾਰਤ ਦਾ ਮਾਣ ਵਧਾ ਰਿਹਾ ਹੈ। ਇਸ ਵਿਸ਼ਵ ਚੈਂਪੀਅਨਸ਼ਿਪ ਵਿੱਚ ਅਮਰਜੀਤ ਬੱਬੂ ਗੁਣਾਚੌਰ ਨੇ ਵੀ 67 ਕਿਲੋਗ੍ਰਾਮ ਭਾਰ ਵਰਗ ਵਿੱਚ ਕੁਲ 515 ਕਿਲੋਗ੍ਰਾਮ ਭਾਰ ਚੁੱਕ ਕੇ ਚਾਂਦੀ ਦਾ ਮੈਡਲ ਜਿੱਤਿਆ ਅਤੇ ਪਿੰਡ ਕਰਨਾਣਾ ਦੇ ਗੁਰਪ੍ਰੀਤ ਲਾਖਾ ਵਾਸੀ ਕਰਨਾਣਾ ਨੇ ਵੀ ਜੂਨੀਅਰ ਸ਼੍ਰੇਣੀ ਵਿੱਚ 60 ਕਿਲੋਗ੍ਰਾਮ ਭਾਰ ਵਰਗ ਵਿੱਚ ਕੁੱਲ 450 ਕਿਲੋਗ੍ਰਾਮ ਭਾਰ ਚੁੱਕ ਕੇ ਗੋਡਲ ਮੈਡਲ ਪ੍ਰਾਪਤ ਕੀਤਾ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

PERSONAL CAR SERVICES:
(Approved by CA DMV )

Capital services

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ
ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**


ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਦੇਸ਼ ਦੁਆਬਾ

# ਰੁਜ਼ਗਾਰ ਦੀ ਵਧਦੀ ਸਮੱਸਿਆ

ਪੰਜਾਬ ਜੋ ਕਿ ਖੇਤੀ ਆਧਾਰਿਤ ਅਰਥ ਵਿਵਸਥਾ ਵਾਲਾ ਸੂਬਾ ਹੈ, ਦੀ ਆਬਾਦੀ ਨਿਰੰਤਰ ਵਧਣ ਦੇ ਬਾਵਜੂਦ ਇੱਥੇ ਰੁਜ਼ਗਾਰਾਂ ਵਿਚ ਵਾਧਾ ਨਹੀਂ ਹੋ ਰਿਹਾ। ਇਹੀ ਕਾਰਨ ਹੈ ਕਿ ਪੰਜਾਬ ਦੇ ਜ਼ਿਆਦਾਤਰ ਨੌਜਵਾਨ ਵਿਦੇਸ਼ ਵਿਚ ਜਾ ਕੇ ਸੈਟਲ ਹੋਣ ਦੇ ਸੁਪਨੇ ਬਚਪਨ ਤੋਂ ਹੀ ਪਾਲਣ ਲੱਗ ਪੈਂਦੇ ਹਨ।ਸਾਲ 2015 ਵਿਚ ਸਾਰੇ ਭਾਰਤ ਵਿਚ ਜਿੰਨੇ ਰੋਸ ਪ੍ਰਦਰਸ਼ਨ ਹੋਏ, ਉਹਨਾਂ ਵਿਚੋਂ ਤੀਜਾ ਹਿੱਸਾ ਇਕੱਲੇ ਪੰਜਾਬ ਵਿਚ ਹੋਏ। ਅਜਿਹੇ ਬਹੁਤ ਹੋਰ ਪ੍ਰਦਰਸ਼ਨ ਠੇਕੇ ਉਤੇ ਸਰਕਾਰੀ ਕੰਮ ਕਰਨ ਵਾਲੇ ਮੁਲਾਜ਼ਮਾਂ ਨੇ ਵੀ ਕੀਤੇ ਹਨ। ਸਰਕਾਰਾਂ ਹੁਣ ਜਿੰਨੇ ਵੀ ਮੁਲਾਜ਼ਮ ਭਰਤੀ ਕਰ ਰਹੀਆਂ ਹਨ, ਸਭ ਠੇਕੇ ਉਤੇ ਭਰਤੀ ਕੀਤੇ ਜਾ ਰਹੇ ਹਨ। ਉਹਨਾਂ ਨੂੰ ਨਿਗੂਣੀ ਤਨਖਾਹ ਦਿੱਤੀ ਜਾਂਦੀ ਹੈ ਪਰ ਕੰਮ ਬਾਕੀ ਮੁਲਾਜ਼ਮਾਂ ਦੇ ਬਰਾਬਰ ਹੀ ਲਿਆ ਜਾਂਦਾ ਹੈ। ਅੱਧੀ ਸਦੀ ਪਹਿਲਾਂ ਭਾਰਤ ਵਿਚ ਹਰਾ ਇਨਕਲਾਬ ਲਿਆਉਣ ਵਾਲੇ ਸੂਬੇ ਪੰਜਾਬ ਵਿਚ ਖੇਤੀਬਾੜੀ ਹੁਣ ਕਿਸਾਨਾਂ ਲਈ ਕੋਈ ਲਾਵੰਦ ਧੰਦਾ ਨਹੀਂ ਰਹਿ ਗਿਆ। ਕੁਝ ਕਿਸਾਨ ਇਸੇ ਲਈ ਮਾਨਸਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਕੇ ਖ਼ੁਦਕੁਸ਼ੀਆਂ ਕਰ ਰਹੇ ਹਨ। ਖੇਤ ਮਜ਼ਦੂਰਾਂ ਦੀ ਵੀ ਇਹੀ ਸਥਿਤੀ ਹੈ। ਪੰਜਾਬ ਵਿਚ ਬਿਜਲੀ ਦੀ ਘਾਟ ਅਤੇ ਸਰਕਾਰੀ ਨੀਤੀਆਂ ਕਾਰਨ ਪਹਿਲਾਂ ਹੀ ਉਦਯੋਗਿਕ ਇਕਾਈਆਂ ਪਲਾਇਨ ਕਰ ਗਈਆਂ ਹਨ। ਪੰਜਾਬ ਨਾਲ ਲੱਗਦੇ ਹਰਿਆਣਾ, ਹਿਮਾਚਲ, ਉਤਰ ਪ੍ਰਦੇਸ਼ ਜਾਂ ਉਤਰਾਖੰਡ ਵਰਗੇ ਸੂਬੇ ਸਨਅਤੀ ਇਕਾਈਆਂ ਨੂੰ ਜ਼ਿਆਦਾ ਪਸੰਦ ਆ ਰਹੇ ਹਨ। ਭਾਰਤ ਦੇ ਦੱਖਣੀ ਰਾਜਾਂ ਖਾਸ ਕਰਕੇ ਮਹਾਰਾਸ਼ਟਰ ਅਤੇ ਗੁਜਰਾਤ ਨੂੰ ਜਿਸ ਤਰ੍ਹਾਂ ਵਪਾਰਕ ਸੂਬਿਆਂ ਵਜੋਂ ਉਭਾਰਿਆ ਗਿਆ, ਉਸ ਕਾਰਨ ਹੁਣ ਪੰਜਾਬ ਵਿਚ ਕੋਈ ਵੀ ਉਦਯੋਗਿਕ ਇਕਾਈ ਸਥਾਪਤ ਕਰਨ ਲਈ ਤਿਆਰ ਨਹੀਂ। ਪੰਜਾਬ ਵਿਚ ਹੁਣ ਬਿਜਲੀ ਦੀ ਸਮੱਸਿਆ ਨਹੀਂ, ਸੜਕ ਨੈਟਵਰਕ ਬਿਹਤਰੀਨ ਹੈ ਪਰ ਇਸਦੇ ਬਾਵਜੂਦ ਨਿਵੇਸ਼ ਵਿਚ ਕਮੀ ਆ ਰਹੀ ਹੈ। ਇਸਦਾ ਸਿੱਧਾ ਭਾਵ ਹੈ ਕਿ ਪੰਜਾਬ ਹੁਣ ਵੀ ਖੇਤੀ ਪ੍ਰਧਾਨ ਸੂਬਾ ਹੀ ਬਣਿਆ ਹੋਇਆ ਹੈ। ਇੱਥੋਂ ਤੱਕ ਕਿ ਫੂਡ ਪ੍ਰਾਸੈਸਿੰਗ ਉਦਯੋਗ ਵੀ ਪੰਜਾਬ ਵਿਚ ਆਉਣ ਤੋਂ ਕਤਰਾ ਰਿਹਾ ਹੈ।

ਇਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ 18 ਤੋਂ 29 ਸਾਲ ਦੀ ਉਮਰ ਦੇ 16.6 ਫੀਸਦੀ ਨੌਜਵਾਨ ਬੇਰੁਜ਼ਗਾਰ ਹਨ, ਜਦਕਿ ਕੌਮੀ ਪੱਧਰ ਤੇ ਇਹ ਅੰਕੜਾ 10.2 ਫੀਸਦੀ ਹੈ। ਪਿੰਡਾਂ ਦੀ ਹਾਲਤ ਹੋਰ ਵੀ ਜ਼ਿਆਦਾ ਨਿੱਘਰ ਰਹੀ ਹੈ ਕਿਉਂਕਿ ਪਿੰਡਾਂ ਵਿਚ ਸਿੱਖਿਆ ਦੀ ਕੋਈ ਢੁਕਵੀਂ ਵਿਵਸਥਾ ਨਹੀਂ, ਉਲਟਾ ਪੰਜਾਬ ਸਰਕਾਰ ਪਿੰਡਾਂ ਵਿਚ ਸਕੂਲ ਹੀ ਬੰਦ ਕਰਨ ਤੇ ਤੁਲੀ ਹੋਈ ਹੈ। ਸਰਕਾਰੀ ਅੰਕੜਿਆਂ ਤੇ ਜੇਕਰ ਨਜ਼ਰ ਮਾਰੀਏ ਤਾਂ ਪੰਜਾਬ ਵਿਚ ਇਸ ਵਕਤ 50 ਤੋਂ ਵੱਧ ਮੁਲਾਜ਼ਮ ਯੂਨੀਅਨਾਂ ਹਨ, ਜਿਹਨਾਂ ਨੇ 2 ਸਾਲਾਂ ਵਿਚ 25 ਹਜ਼ਾਰ ਧਰਨੇ/ਰੈਲੀਆਂ ਕੀਤੀਆਂ ਹਨ।ਮੌਜੂਦਾ ਸੱਤਾਧਾਰੀ ਪਾਰਟੀ ਨੇ ਸੂਬੇ ਵਿਚ ਪ੍ਰਤੀ ਘਰ ਇਕ ਵਿਅਕਤੀ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ ਪਰ ਇਸ ਤੇ ਫਿਲਹਾਲ ਅਮਲ ਹੀ ਨਹੀਂ ਹੋ ਸਕਿਆ, ਟੀਚੇ ਪੂਰੇ ਕਰਨੇ ਤਾਂ ਦੂਰ ਦੀ ਗੱਲ ਹੈ। 2014 ਵਿਚ ਪੰਜਾਬ ਦੇ ਰੁਜ਼ਗਾਰ ਕੇਂਦਰਾਂ ਤੇ 3.61 ਲੱਖ ਤੋਂ ਵੱਧ ਬੇਰੁਜ਼ਗਾਰਾਂ ਦੇ ਬੇਨਤੀ ਪੱਤਰ ਆਏ ਸਨ, ਜਿਹਨਾਂ ਵਿਚੋਂ 95 ਫੀਸਦੀ ਦਫਤਰਾਂ ਦੀ ਧੂੜ ਫੱਕ ਰਹੇ ਹਨ। ਇੰਮੀਗ੍ਰੇਸ਼ਨ ਏਜੰਟਾਂ, ਪੜ੍ਹਨ ਲਈ ਵਿਦੇਸ਼ ਭੇਜਣ ਵਾਲਿਆਂ ਦੇ ਦਫਤਰਾਂ ਮੂਹਰੇ ਜਾ ਕੇ ਦੇਖੋ, ਨੌਜਵਾਨਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਇਹਨਾਂ ਵਿਚੋਂ ਜ਼ਿਆਦਾਤਰ ਏਜੰਟ ਮੋਟੀਆਂ ਰਕਮਾਂ ਵਸੂਲ ਕੇ ਨੌਜਵਾਨਾਂ ਨਾਲ ਧਰੋਅ ਕਮਾ ਰਹੇ ਹਨ। ਪੰਜਾਬ ਵਿਚ ਅੰਗਰੇਜ਼ੀ ਭਾਸ਼ਾ ਸਿਖਾਉਣ ਵਾਲੇ ਸਕੂਲਾਂ ਦਾ ਜਾਲ ਵਿਛਿਆ ਪਿਆ ਹੈ। ਭਾਸ਼ਾ ਦੇ ਨਾਂ ਤੇ ਹੀ ਅਰਬਾਂ ਦਾ ਬਿਜਨਸ ਹਰ ਸਾਲ ਹੁੰਦਾ ਹੈ। ਬਹੁਤ ਸਾਰੇ ਨੌਜਵਾਨ ਗੈਰ ਕਾਨੂੰਨੀ ਢੰਗ ਨਾਲ ਯੂਰਪੀ, ਅਮਰੀਕੀ, ਏਸ਼ੀਅਨ ਮੁਲਕਾਂ ਵਿਚ ਧੱਕੇ ਜਾ ਰਹੇ ਹਨ। ਇਹਨਾਂ ਦੀਆਂ ਮੁਸ਼ਕਿਲਾਂ ਹੋਰ ਵੀ ਵੱਧ ਜਾਂਦੀਆਂ ਹਨ, ਜਦੋਂ ਇਹਨਾਂ ਨੂੰ ਗੁੰਮਰਾਹਕੁੰਨ ਤਰੀਕੇ ਨਾਲ ਲਿਜਾਇਆ ਜਾਂਦਾ ਹੈ ਜਾਂ ਫਿਰ ਮਲੇਸ਼ੀਆ, ਫਿਲੀਪੀਨਜ਼ ਵਰਗੇ ਮੁਲਕ ਵਿਚ ਛੱਡ ਕੇ ਏਜੰਟ ਮੋਟੇ ਪੈਸੇ ਬਟੋਰ ਲੈਂਦੇ ਹਨ। ਪੰਜਾਬ ਸਰਕਾਰ ਨਿਰਾਸ਼ ਹੋ ਰਹੇ ਨੌਜਵਾਨਾਂ ਲਈ ਅਜਿਹਾ ਕੁਝ ਕਰਦੀ ਨਜ਼ਰ ਨਹੀਂ ਆ ਰਹੀ, ਜਿਸ ਨਾਲ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕੇ। ਨੌਜਵਾਨ ਹੀ ਕਿਸੇ ਮੁਲਕ, ਕਿਸੇ ਸੂਬੇ ਅਤੇ ਕਿਸੇ ਖਿੱਤੇ ਦਾ ਭਵਿੱਖ ਹੁੰਦੇ ਹਨ ਪਰ ਜੇਕਰ ਭਵਿੱਖ ਹੀ ਨਿਰਾਸ਼ਤਾ ਦਾ ਸ਼ਿਕਾਰ ਹੈ ਤਾਂ ਉਸ ਖੇਤਰ ਦਾ ਭਵਿੱਖ ਕੀ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-49

## ਗੁਰਬਾਣੀ ਦੇ ਚਾਨਣ ਵਿੱਚ ਮਨ ਕੀ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਮਨ ਫੁਰਨਿਆਂ ਤੇ ਖਿਆਲਾਂ ਦਾ ਸੰਗ੍ਰਹਿ ਹੈ। ਦਿਮਾਗੀ ਤਾਕਤ, ਗਿਆਨ ਸ਼ਕਤੀ, ਸੰਕਲਪ-ਵਿਕਲਪ, ਸੂਝ-ਬੂਝ, ਇਛਾ, ਵੀਚਾਰ, ਅੰਤਸ਼ਕਰਣ ਆਦਿਕ ਸਾਰੇ ਮਨ ਨਾਲ ਸਬੰਧਤ ਹਨ। ਪਰਕਰਣ ਅਨੁਸਾਰ ਗੁਰਬਾਣੀ ਵਿੱਚ ਮਨ ਦੇ ਵੱਖ ਵੱਖ ਅਰਥ ਇਹ ਵੀ ਹਨ-ਮਨ ਹਿਰਦਾ, ਦਿਲ (ਜਿਨਕੇ ਰਾਮੁ ਵਸੈ ਮਨ ਮਾਹਿ॥ (੮) ਸਗਲ ਰੂਪ ਵਰਨ ਮਨ ਮਾਹੀ॥ (੨੨੩) ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ॥ (੩੭) ਮਨ ਮਹਿ ਮਨੂਆ ਚਿਤ ਮਹਿ ਚੀਤਾ॥(੧੧੯੯) ਖਿਆਲੀ ਮਨ-ਮਨ ਅਸਵਾਰ ਜੈਸੇ ਤੁਰੀ ਸੀਗਾਰੀ॥(੧੯੮) ਭਾਵ ਮਨ ਦਾ ਸਵਾਰ ਖਿਆਲੀ ਹੀ ਹੁੰਦਾ ਹੈ। ਜੀਵਾਤਮਾ-ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲਪਛਾਣੁ॥(੪੪੧) ਚਾਲੀ ਸੇਰ-ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਡੌ ਜਾਤੁ॥(੧੨੫੧) ਮੈਂ-ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ॥(੧੨੯੧) ਮੋਟੇ ਤੌਰ ਤੇ ਮਨ ਦੇ ਦੋ ਹਿੱਸੇ ਸੁਚੇਤ ਤੇ ਅਚੇਤ ਮਨ ਹਨ। ਸੁਚੇਤ ਮਨ ਵਿੱਚ ਚੰਗੇ ਫੁਰਨੇ, ਚੰਗੇ ਵਿਚਾਰ, ਸ਼ੁਭ ਗੁਣ, ਚੰਗਾ ਜੀਵਨ ਅਤੇ ਉੱਚੀ ਸੋਚ ਅਤੇ ਅਚੇਤ ਮਨ ਵਿੱਚ ਮੰਦੇ ਫੁਰਨੇ, ਗਾਫਲਤਾ, ਮੰਦੇ ਵਿਚਾਰ, ਔਗੁਣ, ਮਾੜਾ ਜੀਵਨ ਤੇ ਨੀਵੀਂ ਸੋਚ ਆਉਂਦੀ ਹੈ।

ਮਨ ਕੋਈ ਸਰੀਰਕ ਅੰਗ ਨਹੀਂ ਸਗੋਂ ਸੰਕਲਪਾਂ ਤੇ ਵਿਕਲਪਾਂ ਦਾ ਸੰਗ੍ਰਹਿ ਹੈ। ਮਨ ਦੇ ਅੰਦਰ ਦਾ ਸੰਕਲਪ ਹੀ ਬਾਹਰੀ ਜਗਤ ਵਿਚ ਨਵਾਂ ਆਕਾਰ ਗ੍ਰਹਿਣ ਕਰਦਾ ਹੈ। ਸਿੱਧੀ ਜਿਹੀ ਗੱਲ ਹੈ ਕਿ ਹਰ ਵਿਚਾਰ ਪਹਿਲਾਂ ਮਨ ਵਿਚ ਹੀ ਪੈਦਾ ਹੁੰਦਾ ਅਤੇ ਮਨੁੱਖ ਆਪਣੇ ਵਿਚਾਰਾਂ ਦੇ ਆਧਾਰ 'ਤੇ ਹੀ ਆਪਣਾ ਵਤੀਰਾ ਨਿਸ਼ਚਿਤ ਕਰਦਾ ਹੈ। ਜੇ ਮਨ ਵਿਚ ਵਿਚਾਰ ਹੀ ਨਾ ਹੋਣ ਤਾਂ ਫਿਰ ਉਨ੍ਹਾਂ ਨੂੰ ਲਾਗੂ ਕਿਵੇਂ ਕੀਤਾ ਜਾਵੇਗਾ? ਸ਼ਾਇਦ ਇਸੇ ਲਈ ਕਿਹਾ ਗਿਆ ਹੈ ਕਿ-ਮਨ ਕੇ ਹਾਰੇ ਹਾਰ ਹੈ, ਮਨ ਕੇ ਜੀਤੇ ਜੀਤ। ਮਨ ਦਾ ਸੁਭਾਅ ਸੰਕਲਪ ਤੇ ਸੰਕਲਪ ਅਨੁਸਾਰ ਹੀ ਸੰਸਾਰ ਦਾ ਨਿਰਮਾਣ ਹੁੰਦਾ ਹੈ। ਮਨ ਜਿਸ ਤਰ੍ਹਾਂ ਸੋਚਦਾ ਅਤੇ ਕੋਸ਼ਿਸ਼ ਕਰਦਾ ਹੈ, ਉਸੇ ਤਰ੍ਹਾਂ ਉਸ ਦਾ ਫਲ ਮਿਲਦਾ ਹੈ। ਮਨ ਦੇ ਚਿੰਤਨ 'ਤੇ ਹੀ ਦੁਨੀਆ ਦੇ ਸਾਰੇ ਪਦਾਰਥਾਂ ਦਾ ਸਰੂਪ ਨਿਰਭਰ ਕਰਦਾ ਹੈ। ਦ੍ਰਿੜ੍ਹ ਨਿਸ਼ਚੇ ਵਾਲੇ ਮਨ ਦਾ ਸੰਕਲਪ ਬੜਾ ਮਜ਼ਬੂਤ ਹੁੰਦਾ ਹੈ। ਉਹ ਜਿਨ੍ਹਾਂ ਵਿਚਾਰਾਂ 'ਚ ਸਥਿਰ ਹੋ ਜਾਂਦਾ ਹੈ, ਸਥਿਤੀਆਂ ਉਸੇ ਅਨੁਸਾਰ ਬਣਨ ਲਗਦੀਆਂ ਹਨ। ਜਿਸ ਤਰ੍ਹਾਂ ਦਾ ਸਾਡਾ ਵਿਚਾਰ ਹੁੰਦਾ ਹੈ, ਉਸੇ ਤਰ੍ਹਾਂ ਦਾ ਹੀ ਸਾਡਾ ਸੰਸਾਰ ਹੁੰਦਾ ਹੈ। ਫੁਰਨਿਆਂ ਤੇ ਕਾਬੂ ਪਾਉਣ ਵਾਲਾ ਮਨੁੱਖ ਮਨ ਤੇ ਸੰਸਾਰ ਨੂੰ ਜਿੱਤ ਲੈਂਦਾ ਹੈ-ਮਨਿ ਜੀਤੈ ਜਗੁ ਜੀਤੁ॥ (ਜਪੁਜੀ-੨੮)

ਮਨ ਪਕੜਿਆ ਨਹੀਂ ਜਾ ਸਕਦਾ, ਚੰਚਲ, ਤ੍ਰਿਸ਼ਨਾਲੂ ਤੇ ਥਿਰ ਨਹੀਂ ਰਹਿੰਦਾ-ਸਾਧੋ ਇਹੁ ਮਨੁ ਗਹਿਓ ਨ ਜਾਈ॥ ਚੰਚਲ ਤ੍ਰਿਸ਼ਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥(੨੧੯) ਮਨ ਹਾਥੀ ਵਰਗਾ ਹੈ ਜੋ ਸਰੀਰ ਜੰਗਲ ਵਿੱਚ ਰਹਿੰਦਾ ਤੇ ਗੁਰ ਸ਼ਬਦ ਦੇ ਅੰਕਸ ਨਾਲ ਸਹੀ ਚੱਲ ਸਕਦਾ ਹੈ-ਮਨੁ ਕੁੰਚਰੁ ਕਾਇਆ ਉਦਿਆਨੈ॥ਗੁਰੁ ਅੰਕਸੁ ਸਚੁ ਸਬਦੁ ਨੀਸਾਨੈ॥ (੨੨੨) ਹਾਂ ਜੇ ਕਰਤਾਰ ਦੀ ਪੂਰੀ ਰਹਿਮਤ ਹੋ ਜਵੇ ਤਾਂ ਮਨ ਵੀ ਵਸ ਆ ਜਾਂਦਾ ਹੈ-ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥(੩੯੯) ਪ੍ਰਭ ਕਿਰਪਾ ਤੇ ਮਨੁ ਵਸਿ ਆਇਆ॥ਨਾਨਕ ਗੁਰਮੁਖਿ ਤਰੀ ਤਿਨਿ ਮਾਇਆ॥(੩੯੫) ਮਨਮੁਖ ਦਾ ਮਨ ਅਜਿਤ ਅਤੇ ਗੁਰਮੁਖ ਦਾ ਕਾਬੂ ਹੁੰਦਾ ਹੈ-ਮਨਮੁਖ ਮੰਨੁ ਅਜਿਤ ਹੈ ਦੂਜੈ ਲਗੈ ਜਾਇ॥ (੬੪੫) ਗੁਰਮੁਖਿ ਕਰਣੀ ਕਾਰ ਕਮਾਵੈ॥ ਤਾਂ ਇਸੁ ਮਨ ਕੀ ਸੋਝੀ ਪਾਵੈ॥ (੧੫੯)

ਦੂਜੇ ਪਾਸੇ ਮਨ ਨੂੰ ਗਧਾ ਵੀ ਕਿਹਾ ਹੈ ਜੋ ਭਾਰ ਲੱਦਣ ਨਾਲ ਹੀ ਦੁਲੱਤੇ ਮਾਰਨੋ ਹਟਦਾ ਤੇ ਉਸ ਦਾ ਪੈਂਖੜ ਖੁੱਲਦਾ ਹੈ। ਭਾਵ ਇਹ ਹੈ ਕਿ ਮਨ ਨੂੰ ਕਦੇ ਵਿਹਲਾ ਅਤੇ ਅਜ਼ਾਦ ਨਹੀਂ ਹੋਣ ਦੇਣਾ ਚਾਹੀਦਾ ਸਗੋਂ ਵਿਦਿਆ, ਵਿਚਾਰ, ਪਰਉਪਕਾਰ, ਮਨੁੱਖਤਾ ਦੀ ਸੇਵਾ ਅਤੇ ਪ੍ਰਭੂ ਚਿੰਤਨ ਵਿੱਚ ਲਾਉਣਾ ਚਾਹੀਦਾ ਹੈ-ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥੧॥ (੮੧੫) ਮਨ ਬੱਚਾ, ਸਰੀਰ ਵਿੱਚ ਵਸਦਾ ਟਿਕਦਾ ਨਹੀਂ ਬਾਰ ਬਾਰ ਯਤਨ ਕਰਨ ਤੇ ਵੀ ਭਟਕਦਾ ਹੈ ਪਰ ਜੇ ਪੂਰੇ ਸਤਿਗੁਰੂ ਦੇ ਗਿਆਨ ਦਾ ਖਿਡੌਣਾ ਦੇ ਦਈਏ ਤਾਂ ਚੰਗੀ ਖੇਡੇ ਪੈ ਜਾਂਦਾ ਹੈ-ਕਾਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ॥ ਅਨਕਿ ਉਪਾਵ ਜਤਨ ਕਰਿ ਥਾਕੇ ਬਾਰ ਬਾਰ ਭਰਮਾਈ॥੧॥ ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ॥ ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮ ਨਾਮੁ ਨੀਸਾਣੁ॥੧॥ ਰਹਾਉ॥ (੧੧੯੧)

ਮਨ ਰੂਪੀ ਬੀਜ ਕਰਤੇ ਨੇ ਹੀ ਸਰੀਰ ਖੇਤੀ ਵਿੱਚ ਬੀਜਿਆ ਹੈ ਜਿਸ ਵਿਚ ਚੰਗੇ ਮਾੜੇ ਗੁਣਾ ਔਗੁਣਾ ਦੇ ਬੂਟੇ ਉਗਦੇ ਰਹਿੰਦੇ ਹਨ। ਹੇ ਮਨ ਤੂੰ ਤਾਂ ਰੱਬੀ ਜੋਤ ਦਾ ਹੀ ਸਰੂਪ ਹੈ ਆਪਣੇ ਮੂਲ ਨੂੰ ਪਛਾਣ ਲੈ-ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣਿ॥ (੪੪੨) ਜਿਵੇਂ ਸਮੁੰਦਰ ਦਾ ਪਾਣੀ ਉਸ ਨਾਲੋਂ ਵਿਛੜ ਕੇ ਨਦੀਆਂ, ਨਾਲਿਆਂ, ਟੋਬਿਆਂ ਤੇ ਛੱਪੜਾਂ ਵਿੱਚ ਸੁੱਕ, ਸੜ ਤੇ ਗੰਦਾ ਵੀ ਹੋ ਜਾਂਦਾ ਹੈ ਪਰ ਜੇ ਦੁਬਾਰਾ ਸਮੁੰਦਰ ਵਿੱਚ ਪੈ ਜਾਵੇ ਤਾਂ ਉਸ ਅਸਲੀ ਰੂਪ ਬਣ ਜਾਂਦਾ ਹੈ-ਨਦੀਆਂ ਨਾਲਿਆਂ ਟੋਬਿਆਂ ਕਾ ਜਲ ਜਾਇ ਪਵੇ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤਰ ਪਾਵਨ ਹੋਇ ਜਾਵੈ॥ (ਗੁਰੂ ਗ੍ਰੰਥ) ਮਨ ਬਾਰੇ ਕਵੀ ਦੀਆਂ ਇਹ ਲਾਈਨਾਂ ਕਿ ਆਪਣੇ ਅਸਲੇ ਤੋਂ ਟੁਟਿਆ ਮਨ ਇੱਕ ਕੋਲੇ ਸਮਾਨ ਹੈ ਜੋ ਅੱਗ ਤੋਂ ਵਿਛੜ ਕੇ ਕਾਲਾ ਹੋ ਜਾਂਦਾ ਹੈ ਪਰ ਜਦ ਉਹ ਦੁਬਾਰਾ ਅੱਗ ਵਿੱਚ ਰੱਖ ਦਿੱਤਾ ਜਾਵੇ ਤਾਂ ਆਪਣੇ ਅਸਲੀ ਰੂਪ ਵਿੱਚ ਆ ਜਾਂਦਾ ਹੈ-ਸਾਬਣ ਲਾ ਲਾ ਧੋਤਾ ਕੋਲਾ ਦੁੱਧ ਦਹੀਂ ਵਿੱਚ ਪਾਇਆ। ਰੰਗ ਚਾੜ ਰੰਗਣ ਭੀ ਧਰਿਆ ਰੰਗ ਨ ਓਸ ਵਟਾਇਆ। ਵਿਛੜ ਕੇ ਕਾਲਖ ਸੀ ਆਈ, ਬਿਨ ਮਿਲਿਆ ਨ ਲਹਿੰਦੀ। ਅੰਗ ਅੱਗ ਤੇ ਲਾ ਕੇ ਦੇਖੋ ਚੜ੍ਹਦਾ ਰੂਪ ਸਵਾਇਆ।

ਸੋ ਮਨ ਕੋਈ ਸਰੀਰਕ ਅੰਗ ਨਹੀਂ ਤੇ ਨਾ ਹੀ ਸਥੂਲ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਪਰ ਇਸ ਦਾ ਵਜੂਦ ਇਉਂ ਹੈ ਜਿਵੇਂ ਫੁੱਲ ਚ ਖੁਸ਼ਬੋ, ਦੁੱਖ ਚ ਪੀੜ, ਲੱਕੜ ਚ ਅੱਗ ਛੁਪੀ ਹੁੰਦੀ ਹੈ। ਸਾਨੂੰ ਸੁਚੇਤ ਮਨ ਦੀ ਵਰਤੋਂ ਕਰਕੇ, ਅਚੇਤ ਮਨ ਦੀਆਂ ਬੁਰਾਈਆਂ ਤੋਂ ਬਚਣਾ ਚਾਹੀਦਾ ਹੈ।

ਅੱਜ ਵੀ ਦੇਖੋ ਸੁਚੇਤ ਮਨ ਵਾਲੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵਿਚਾਰ ਕੇ ਜੀਵਨ ਸਫਲ ਕਰ ਰਹੇ ਤੇ ਅਚੇਤ ਮਨ ਦੇ ਮਗਰ ਲੱਗਣ ਵਾਲੇ ਹੋਰ ਹੋਰ ਸੰਤਾਂ ਤੇ ਗ੍ਰੰਥਾਂ ਮਗਰ ਭਟਕ ਰਹੇ ਹਨ।

# ਅਮਰੀਕਾ, ਭਾਰਤ ਤੇ ਪਾਕਿਸਤਾਨ: ਕੌਣ ਕਿਸ ਦੇ ਨਾਲ ?



ਜੀ. ਐਸ. ਗੁਰਦਿੱਤ

ਅਮਰੀਕਾ ਨੇ ਭਾਰਤ ਨੂੰ ਸੰਯੁਕਤ ਰਾਸ਼ਟਰ ਦੀ ਸਲਾਮਤੀ ਕਾਊਂਸਿਲ ਵਿੱਚ ਪੱਕੀ ਮੈਂਬਰੀ ਦੇਣ ਲਈ ਪਹਿਲੀ ਵਾਰੀ ਨਵਾਂ ਰਸਤਾ ਸੁਝਾਇਆ ਹੈ। ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਦੂਤ ਨਿੱਕੀ ਹੈਲੇ (ਮੂਲ ਰੂਪ ਵਿੱਚ ਭਾਰਤੀ ਪੰਜਾਬਣ) ਨੇ ਕਿਹਾ ਹੈ ਕਿ ਜੇਕਰ ਭਾਰਤ ਨੂੰ ਸਲਾਮਤੀ ਕਾਊਂਸਿਲ ਦੀ ਪੱਕੀ ਮੈਂਬਰੀ ਚਾਹੀਦੀ ਹੈ ਤਾਂ ਉਹ ਵੀਟੋ ਪਾਵਰ ਵਾਲੇ ਮੁੱਦੇ ਉੱਤੇ ਆਪਣੀ ਅੜੀ ਛੱਡ ਦੇਵੇ। ਇਸਦਾ ਮਤਲਬ ਇਹ ਹੈ ਕਿ ਵੀਟੋ ਪਾਵਰ ਤਾਂ ਮੁੱਢਲੇ ਪੰਜ ਮੈਂਬਰ ਦੇਸ਼ਾਂ (ਅਮਰੀਕਾ, ਰੂਸ, ਬਰਤਾਨੀਆ, ਫਰਾਂਸ ਅਤੇ ਚੀਨ) ਕੋਲ ਹੀ ਰਹੇਗੀ ਪਰ ਸਥਾਈ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਕਰਨ ਦੀ ਗੁੰਜਾਇਸ਼ ਹੋ ਸਕਦੀ ਹੈ। ਅਮਰੀਕਾ ਨੇ ਇਹ ਵੀ ਉਮੀਦ ਜਤਾਈ ਹੈ ਕਿ ਭਾਰਤ, ਪਾਕਿਸਤਾਨ ਉੱਤੇ ਨਜ਼ਰ ਰੱਖਣ ਵਿੱਚ ਮੱਦਦ ਕਰੇ। ਭਾਵੇਂ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਸਲਾਮਤੀ ਕਾਊਂਸਿਲ ਵਿੱਚ ਸਥਾਈ ਮੈਂਬਰੀ ਦੇ ਮੁੱਦੇ ਉਪਰ ਭਾਰਤ ਦਾ ਕੀ ਨਜ਼ਰੀਆ ਸਾਹਮਣੇ ਆਏਗਾ ਪਰ ਇਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਨੂੰ ਦੱਖਣੀ ਏਸ਼ੀਆ ਵਿੱਚ ਭਾਰਤ ਦੇ ਸਾਥ ਦੀ ਕਿੰਨੀ ਲੋੜ ਹੈ।



ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਕਈ ਦਹਾਕਿਆਂ ਤਕ ਦੁਨੀਆ ਦੋ ਖੇਮਿਆਂ ਵਿੱਚ ਵੰਡੀ ਰਹੀ: ਅਮਰੀਕਾ ਅਤੇ ਸੋਵੀਅਤ ਸੰਘ। ਅਮਰੀਕਾ ਨਾਲ ਮੁੱਖ ਤੌਰ 'ਤੇ ਪੂੰਜੀਵਾਦੀ ਵਿਵਸਥਾ ਦੇ ਸਮਰਥਕ ਮੁਲਕ ਸਨ ਅਤੇ ਸੋਵੀਅਤ ਰੂਸ ਨਾਲ ਸਮਾਜਵਾਦੀ ਢਾਂਚੇ ਦੇ ਸਮਰਥਕ। ਭਾਰਤ ਉਸ ਵੇਲੇ ਗੁੱਟ ਨਿਰਪੱਖ ਲਹਿਰ ਦਾ ਸਰਗਰਮ ਮੈਂਬਰ ਸੀ ਅਤੇ ਉਪਰੋਕਤ ਦੋਹਾਂ ਗੁੱਟਾਂ ਤੋਂ ਬਾਹਰ ਰਹਿ ਕੇ ਤੀਸਰੀ ਦੁਨੀਆ ਦੇ ਸੰਕਲਪ ਉੱਤੇ ਕੰਮ ਕਰ ਰਿਹਾ ਸੀ। ਗੁੱਟ ਨਿਰਪੱਖ ਲਹਿਰ ਭਾਵੇਂ ਖੁੱਲੇ ਰੂਪ ਵਿੱਚ ਦੋਵਾਂ ਧਿਰਾਂ ਵਿੱਚੋਂ ਕਿਸੇ ਦੇ ਵੀ ਹੱਕ ਵਿੱਚ ਨਹੀਂ ਸੀ ਪਰ ਅੰਦਰੂਨੀ ਤੌਰ 'ਤੇ ਉਸਦਾ ਝੁਕਾਅ ਸੋਵੀਅਤ ਰੂਸ ਵੱਲ ਜ਼ਰੂਰ ਰਿਹਾ। ਇਸੇ ਕਾਰਨ 1991 ਵਿੱਚ ਹੋਏ ਸੋਵੀਅਤ ਸੰਘ ਦੇ ਖ਼ਾਤਮੇ ਤੋਂ ਪਹਿਲਾਂ ਭਾਰਤ ਦੇ ਅਮਰੀਕਾ ਨਾਲ ਬਹੁਤੇ ਨੇੜਲੇ ਸੰਬੰਧ ਨਹੀਂ ਬਣ ਸਕੇ। ਪਰ ਪਾਕਿਸਤਾਨ ਹਮੇਸ਼ਾ ਅਮਰੀਕਾ ਦਾ ਚਹੇਤਾ ਰਿਹਾ ਅਤੇ ਬਹੁਤ ਹੱਦ ਤੱਕ ਉਸ ਉੱਤੇ ਨਿਰਭਰ ਵੀ, ਇਸੇ ਲਈ 1965 ਅਤੇ 1971 ਵਾਲੀਆਂ ਭਾਰਤ-ਪਾਕਿ ਜੰਗਾਂ ਵਿੱਚ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਹਮਾਇਤ ਮਿਲਦੀ ਰਹੀ।

1990ਵਿਆਂ ਤੋਂ ਦੁਨੀਆ ਵਿੱਚ ਨਵ-ਉਦਾਰਵਾਦ ਦਾ ਦੌਰ ਸ਼ੁਰੂ ਹੋਣ ਨਾਲ ਵਿਸ਼ਵੀਕਰਨ ਦਾ ਪਸਾਰਾ ਹੋਇਆ। ਸੰਚਾਰ ਦੇ ਸਾਧਨਾਂ ਵਿੱਚ ਹੋਏ ਇੱਕਦਮ ਵਾਧੇ ਕਾਰਨ ਦੁਨੀਆ ਇੱਕ ਪਿੰਡ ਵਾਂਗ ਸਥਾਪਤ ਹੋਣ ਲੱਗੀ। ਦੁਨੀਆ ਵਿੱਚੋਂ ਰੂਸੀ ਧਾਂਕ ਖ਼ਤਮ ਹੋ ਗਈ ਜਿਸ ਦੇ ਨਤੀਜੇ ਵਜੋਂ ਅਮਰੀਕਾ ਅਤੇ ਰੂਸ ਵਿੱਚ ਠੰਢੀ ਜੰਗ ਵੀ ਬੀਤੇ ਦੀ ਕਹਾਣੀ ਬਣ ਕੇ ਰਹਿ ਗਈ। ਬਰਾਬਰ ਦਾ ਕੋਈ ਵਿਰੋਧੀ ਨਾ ਹੋਣ ਕਾਰਨ ਸੰਸਾਰੀਕਰਨ ਦੇ ਪਿੜ ਵਿੱਚ ਅਮਰੀਕਾ ਇਕੱਲਾ ਹੀ ਲਲਕਾਰੇ ਮਾਰਨ ਲੱਗਿਆ। ਭਾਰਤ ਨੂੰ ਵੀ ਆਪਣੀਆਂ ਨੀਤੀਆਂ ਵਿੱਚ ਤਬਦੀਲੀ ਕਰਕੇ ਅਮਰੀਕਾ ਵੱਲ ਨੂੰ ਰੁਖ਼ ਕਰਨਾ ਪਿਆ। ਇਹ ਉਹ ਸਮਾਂ ਸੀ ਜਦੋਂ ਸਿਆਸੀ ਕੂਟ-ਨੀਤੀ ਉੱਤੇ ਆਰਥਿਕ ਕੂਟਨੀਤੀ ਹਾਵੀ ਹੋਣ ਲੱਗ ਪਈ ਅਰਥਾਤ ਵੱਖ-ਵੱਖ ਮੁਲਕਾਂ ਵਿਚਲੇ ਸੰਬੰਧਾਂ ਵਿੱਚ ਆਰਥਿਕ ਮਸਲਿਆਂ ਨੂੰ ਪਹਿਲ ਦਿੱਤੀ ਜਾਣ ਲੱਗੀ। ਪੂਰੀ ਦੁਨੀਆ ਇੱਕ ਸਾਂਝੀ ਮੰਡੀ ਬਣਨ ਲੱਗੀ। ਆਪੋ-ਆਪਣੇ ਸਮਾਨ ਦੇ ਗਾਹਕ ਤਲਾਸ਼ੇ ਜਾਣ ਲੱਗੇ। ਅਮਰੀਕਾ ਅਤੇ ਯੂਰਪ ਨੂੰ ਉਨ੍ਹਾਂ ਮੁਲਕਾਂ ਦੀ ਲੋੜ ਮਹਿਸੂਸ ਹੋਈ ਜਿੱਥੇ ਮੱਧ ਵਰਗ ਆਬਾਦੀ ਵੱਧ ਸੀ। ਭਾਰਤ ਇੱਕ ਅਜਿਹਾ ਹੀ ਮੁਲਕ ਸੀ ਜਿੱਥੇ ਵੱਡੀਆਂ ਕੰਪਨੀਆਂ ਆਪਣਾ ਅਰਬਾਂ-ਖਰਬਾਂ ਦਾ ਮਾਲ ਖਪਾ ਸਕਦੀਆਂ ਸਨ। ਭਾਰਤ ਨੂੰ ਆਪਣੇ ਗੁਆਂਢੀ ਮੁਲਕਾਂ ਨਾਲ ਮਾੜੇ ਸੰਬੰਧਾਂ ਕਾਰਨ ਅਤਿ ਅਧੁਨਿਕ ਹਥਿਆਰਾਂ ਦੀ ਲੋੜ ਸੀ। ਇੱਕ ਹੋਰ ਵੱਡਾ ਕਾਰਨ ਇਹ ਵੀ ਸੀ ਕਿ ਅਮ-ਰੀਕਾ ਨੂੰ ਏਸ਼ੀਆ ਵਿੱਚ ਚੀਨ ਦੇ ਪਾਸਾਰਵਾਦ ਨੂੰ ਠੱਲਣ ਲਈ ਇੱਕ ਅਜਿਹਾ ਤਾਕਤਵਰ ਸਾਥੀ ਚਾਹੀਦਾ ਸੀ ਜਿਹੜਾ ਖ਼ੁਦ ਵੀ ਚੀਨ ਨਾਲ ਛੱਤੀ ਦਾ ਅੰਕੜਾ ਰੱਖਦਾ ਹੋਵੇ। ਭਾਰਤ ਦੇ ਅਮਰੀਕਾ ਨਾਲ ਸੰਬੰਧਾਂ ਵਿੱਚ ਆਈ ਤਬਦੀਲੀ ਨੂੰ ਇਸ ਕੋਣ ਤੋਂ ਵੀ ਵੇਖਿਆ ਜਾ ਸਕਦਾ ਹੈ ਕਿ 1965 ਵਿੱਚ ਪਾਕਿਸਤਾਨ ਨੂੰ ਪੈਟਨ ਟੈਂਕ ਦੇਣ ਵਾਲੇ ਅਮਰੀਕਾ ਨੇ ਕਾਰਗਿਲ ਜੰਗ ਵਿੱਚ ਭਾਰਤ ਦੇ ਹੱਕ ਵਿੱਚ ਖੜ੍ਹ ਕੇ ਪਾਕਿਸਤਾਨ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ ਸੀ।

ਹੁਣ ਵਿਸ਼ਵ ਦੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਉੱਪਰ ਬਹੁਕੌਮੀ ਕੰਪਨੀਆਂ ਦਾ ਦਬਦਬਾ ਵਧਦਾ ਜਾ ਰਿਹਾ ਹੈ। ਉਹ ਕੰਪਨੀਆਂ ਅਜਿਹੇ ਮੁਲਕਾਂ ਦੀ ਤਲਾਸ਼ ਵਿੱਚ ਹਨ ਜਿੱਥੇ ਉਨ੍ਹਾਂ ਨੂੰ ਵੱਧ ਤੋਂ ਵੱਧ ਗਾਹਕ ਮਿਲ ਸਕਣ। ਗਾਹਕ ਉੱਥੇ ਹੀ ਵੱਧ ਮਿਲਣਗੇ ਜਿੱਥੇ ਮੱਧਵਰਗੀ ਆਬਾਦੀ ਵੱਧ ਹੋਏਗੀ, ਵਸਤੂ ਉਤਪਾਦਨ ਮੰਗ ਨਾਲੋਂ ਘੱਟ ਅਤੇ ਅਮਨ ਚੈਨ ਦਾ ਮਾਹੌਲ ਹੋਏਗਾ। ਅਗਲੇ ਦੋ ਦਹਾਕਿਆਂ ਵਿੱਚ ਭਾਰਤ ਦੀ ਆਬਾਦੀ, ਚੀਨ ਨਾਲੋਂ ਵਧ ਜਾਏਗੀ। ਇਸ ਤਰ੍ਹਾਂ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣ ਜਾਏਗਾ। ਭਾਰਤ ਵਿੱਚ ਮੱਧ ਵਰਗ ਦਾ ਘੇਰਾ ਦਿਨੋ-ਦਿਨ ਵੱਡਾ ਹੁੰਦੇ ਜਾਣ ਦੀ ਉਮੀਦ ਹੈ। ਭਾਰਤੀ ਮੱਧ ਵਰਗ

(ਬਾਕੀ ਸਫਾ 10 'ਤੇ)

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨੀਤੀ ਆਯੋਗ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਕਰ ਰਿਹਾ ਅਣਗੌਲਿਆ

## ਨੈਸ਼ਨਲ ਸਡਿਊਲਡ ਕਾਸਟਸ ਅਲਾਇੰਸ ਨੇ ਦੇਸ਼ ਵਿੱਚ ਅਨੁਸੂਚਿਤ ਜਾਤੀਆਂ ਲਈ ਆਮਦਨ ਕਰ ਸਲੈਬ ਵਧਾਉਣ ਦੀ ਕੇਂਦਰ ਕੋਲੋਂ ਕੀਤੀ ਮੰਗ

**ਚੰਡੀਗੜ੍ਹ–** ਨੈਸ਼ਨਲ ਸਡਿਊਲਡ ਕਾਸਟਸ ਅਲਾਇੰਸ ਨੇ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਉਹ ਵਰਤਮਾਨ 'ਚ ਅਨੁਸੂਚਿਤ ਜਾਤਾਂ ਦੀ ਹਾਲਤ ਨੂੰ ਧਿਆਨ 'ਚ ਰੱਖਦਿਆਂ ਫੌਰੀ ਤੌਰ 'ਤੇ ਆਮਦਨ ਕਰ ਸਲੈਬ ਵਿੱਚ ਵਾਧਾ ਕਰੇ।

ਨੈਸ਼ਨਲ ਸਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਜਾਰੀ ਕੀਤੇ ਬਿਆਨ 'ਚ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਅਨੁਸੂਚਿਤ ਜਾਤਾਂ ਲਈ ਇੰਨਕਮ ਟੈਕਸ ਸਲੈਬ ਜੋ ਵਰਤਮਾਨ 'ਚ 2.5 ਲੱਖ ਰੁਪਏ ਸਾਲਾਨਾ ਹੈ ਉਸਨੂੰ ਵਧਾ ਕੇ 6 ਲੱਖ ਰੁਪਏ ਸਾਲਾਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੀਆਂ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ ਅਤੇ ਲੋਕਾਂ ਲਈ ਘਰ ਚਲਾਉਣਾ ਵੀ ਬਹੁਤ ਔਖਾ ਹੋ ਗਿਆ ਹੈ।ਪੋਸਟਮੈਟ੍ਰਿਕ ਸਕਾਲਰਸ਼ਿਪ ਦੇ ਲਾਭ ਤੋਂ ਲੱਖਾ ਵਿਦਿਆਰਥੀ ਵੰਚਿਤ ਰਹਿ ਜਾਂਦੇ ਹਨ ਤਾਂ ਜੋ ਉਨ੍ਹ ਵਿਦਿਆਰਥੀਆਂ ਨੂੰ ਉਚਿਤ ਸਿੱਖਿਆ ਪ੍ਰਾਪਤ ਕਰਨ ਵਿੱਚ ਸਰਕਾਰ ਤੋਂ ਮਾਲੀ ਸਹਾਇਤਾ ਮਿਲ ਸਕੇ।

ਇਸ ਸਬੰਧ 'ਚ ਰਣਨੀਤੀ ਤਿਆਰ ਕਰਨ ਬਾਰੇ ਗੱਲ ਕਰਦਿਆਂ ਸ੍ਰੀ ਕੈਂਥ ਨੇ ਅੱਗੇ ਮੰਗ ਕੀਤੀ ਕਿ ਇਸ ਸਲੈਬ ਨੂੰ ਕੀਮਤ ਸੂਚਕ ਅੰਕ ਦੇ ਨਾਲ ਜੋੜਿਆ ਜਾਣਾ ਚਾਹੀਦਾ ਹੈ ਤਾਂ ਕਿ ਇਸ ਕਿੱਤੇ 'ਚ ਅਨੁਸੂਚਿਤ ਜਾਤਾਂ ਨੂੰ ਕੁਝ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਵਧਦੀਆਂ ਕੀਮਤਾਂ ਕਰਕੇ ਅਨੁਸੂਚਿਤ ਜਾਤਾਂ ਦੇ ਲੋਕਾਂ ਨੂੰ ਗਰੀਬੀ ਰੇਖਾ ਵੱਲ ਧੱਕਿਆ ਜਾ ਰਿਹਾ ਹੈ ਇਸ ਕਰਕੇ ਕੇਂਦਰ ਸਰਕਾਰ ਦਾ ਇਹ ਸਿਧਾਂਤਕ ਫਰਜ਼ ਹੈ ਕਿ ਉਹ ਇੰਨਕਮ ਟੈਕਸ ਸਲੈਬ 'ਚ ਵਾਧਾ ਕਰਕੇ ਇਨ੍ਹਾਂ ਲੋਕਾਂ ਦੀ ਮਦਦ ਕਰੇ।



ਸ੍ਰੀ ਕੈਂਥ ਨੇ ਕਿਹਾ,"ਸਰਕਾਰ ਨੇ ਹਾਲ ਹੀ ਵਿੱਚ ਹੋਰ ਪੱਛੜੀਆਂ ਜਾਤਾਂ ਦੀ ਕ੍ਰੀਮੀ ਲੇਅਰ ਨੂੰ 6 ਲੱਖ ਰੁਪਏ ਤੋਂ 8 ਲੱਖ ਰੁਪਏ ਕਰ ਦਿੱਤਾ ਹੈ ਤਾਂ ਕਿ ਰਾਖਵੇਂਕਰਨ ਦਾ ਲਾਭ ਸਭ ਨੂੰ ਸਮਾਨ ਰੂਪ 'ਚ ਦਿੱਤਾ ਜਾਵੇ। ਅਨੁਸੂਚਿਤ ਜਾਤੀ ਭਾਈਚਾਰਾ ਆਪਣੀ ਆਮਦਨ ਕਰ ਸਲੈਬ 'ਚ ਵਾਧੇ ਦਾ ਹੱਕ ਰੱਖਦਾ ਹੈ। ਨੋਟਬੰਦੀ ਅਤੇ ਇਸ ਕਰ ਕੇ ਪੈਦਾ ਹੋਈਆਂ ਆਰਥਿਕ ਸਮੱਸਿਆਵਾਂ ਦੇ ਲਗਭਗ ਇਕ ਸਾਲ ਬਾਅਦ ਸਰਕਾਰ ਨੂੰ ਆਮਦਨ ਕਰ ਅਦਾਇਗੀ ਵਧਾਉਣ ਲਈ ਰਾਹ ਪੱਧਰਾ ਕਰਨਾ ਚਾਹੀਦਾ ਹੈ ਤਾ ਕਿ ਲੋਕਾਂ ਦੇ ਹੱਥ 'ਚ ਵਧੇਰੇ ਪੈਸਾ ਆਏ।

ਵਸਤੂ ਅਤੇ ਸੇਵਾਵਾਂ ਕਰ (ਜੀ.ਐਸ.ਟੀ.) ਕਾਰਪੋਰੇਟ ਘਰਾਣਿਆਂ ਲਈ ਲਾਭਕਾਰੀ ਰਿਹਾ ਜੋ ਇਨ੍ਹਾ ਸਿਆਸੀ ਦਲਾਂ ਨੂੰ ਲੱਖਾਂ-ਕਰੋੜਾਂ ਰੁਪਏ ਫੰਡ ਦਿੰਦੇ ਹਨ। ਅਜਿਹੀ ਹਾਲਤ ਵਿੱਚ ਆਮ ਆਦਮੀ ਨੂੰ ਲਾਭ ਮਿਲਣ 'ਚ ਅਜੇ ਸਮਾਂ ਲੱਗੇਗਾ ਅਤੇ ਅਨੁਸੂਚਿਤ ਜਾਤੀ ਭਾਈਚਾਰਾ ਬਹੁਤ ਘੱਟ ਆਮਦਨ ਨਾਲ ਔਖੇ ਸਮੇਂ ਦਾ ਸਾਹਮਣਾ ਕਰ ਰਿਹਾ ਹੈ। ਉਸ ਦੇ ਮੋਢਿਆਂ 'ਤੇ ਪਹਿਲਾਂ ਹੀ ਬਹੁਤ ਬੋਝ ਹੈ ਹੈ ਅਤੇ ਉਸਨੂੰ ਸਮਾਜਕ ਤੌਰ 'ਤੇ ਕਈ ਔਕੜਾਂ ਅਤੇ ਗੈਰ-ਬਰਾਬਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ੍ਰੀ ਕੈਂਥ ਨੇ ਕਿਹਾ ਕਿ ਸਰਕਾਰ ਅਨੁਸੂਚਿਤ ਜਾਤੀ ਭਾਈਚਾਰੇ ਪ੍ਰਤੀ ਵਧੇਰੇ ਹਮਦਰਦੀ ਦਿਖਾਏ। ਉਨ੍ਹਾ ਨੇ ਸਿਆਸੀ ਤਾਕਤ ਦੇ ਵਧ ਰਹੇ ਦੁਰ ਉਪਯੋਗ ਅਤੇ ਅਨੁਸੂਚਿਤ ਜਾਤਾਂ ਵਿਰੁੱਧ ਸਿਆਸੀਕ੍ਰਿਤ ਨੌਕਰਸ਼ਾਹੀ ਪ੍ਰਤੀ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ। ਕਾਨੂੰਨ ਵਿਵਸਥਾ ਦੀ ਮਾੜੀ ਹਾਲਤ 'ਤੇ ਦੁੱਖ ਪ੍ਰਗਟ ਕਰਦਿਆਂ ਸ੍ਰੀ ਕੈਂਥ ਨੇ ਵਰਤਮਾਨ ਹਾਲਤ ਨੂੰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਮਾੜਾ ਦੱਸਿਆ ਹੈ।

ਸ੍ਰੀ ਕੈਂਥ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਨੀਤੀ ਆਯੋਗ ਅਨੁਸੂਚਿਤ ਜਾਤਾਂ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਨਹੀਂ ਹਨ। ਹਾਲ ਹੀ ਵਿੱਚ ਅਨੁਸੂਚਿਤ ਜਾਤਾਂ ਲਈ ਬਜਟ ਵਿੱਚ ਕਟੌਤੀਆਂ ਦਰਸ਼ਾਉਂਦੀਆਂ ਹਨ ਕਿ ਨੀਤੀ ਆਯੋਗ ਦੀਆਂ ਨਜ਼ਰਾਂ 'ਚ ਇਨ੍ਹਾ ਦਾ ਮਹੱਤਵ ਕਿੰਨਾ ਘੱਟ ਹੈ।

## ਫੌਜ ਵਿਚ ਚਮਾਰ ਰਜਿਮੈਂਟ ਦੀ ਬਹਾਲੀ ਲਈ ਬਾਘਾ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ

**ਜਲੰਧਰ–** ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਲਿਖ ਕੇ ਭਾਰਤੀ ਫੌਜ ਵਿਚ ਚਮਾਰ ਰਜਿਮੈਂਟ ਦੀ ਬਹਾਲੀ ਦੀ ਮੰਗ ਕੀਤੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਇਸ ਪੱਤਰ ਵਿਚ ਬਾਘਾ ਨੇ ਦੱਸਿਆ ਕਿ ਬ੍ਰਿਟਿਸ਼ ਇੰਡੀਅਨ ਆਰਮੀ ਵਿਚ ਇਸ ਰਜਿਮੈਂਟ ਦਾ ਬਹਾਦਰੀ ਵਿਚ ਅੱਵਲ ਅਤੇ ਮਹੱਤਵਪੂਰਨ ਸਥਾਨ ਸੀ ਅਤੇ ਇਹ ਇਸ ਫਿਰਕੇ ਦੀ ਬਹਾਦਰੀ ਦਾ ਵੀ ਪ੍ਰਤੀਕ ਸੀ। ਪੱਤਰ ਵਿਚ ਰਾਜੇਸ਼ ਰਾਘਾ ਨੇ ਲਿਖਿਆ ਹੈ ਕਿ ਦੂਜੇ ਵਿਸ਼ਵ



ਯੁੱਧ ਵਿਚ ਵੀ ਇਸ ਰਜਿਮੈਂਟ ਦਾ ਕੋਹਿਮਾ ਵਿਚ ਜਾਪਾਨੀ ਇੰਪੀਰੀਅਲ ਆਰਮੀ ਦੇ ਵਿਰੁੱਧ ਜੰਗ ਲੜੀ ਸੀ ਅਤੇ ਕੋਹਿਮਾ ਜਿੱਤ ਪ੍ਰਾਪਤ ਕੀਤੀ ਸੀ। ਇਸਦੀ ਬਹਾਦਰੀ ਦੇ ਸਨਮਾਨ ਵਿਚ ਇਕ ਜੰਗੀ ਸਮਾਰਕ ਰੰਗੂਨ (ਹੁਣ ਯੰਗੂਨ) ਵਿਚ ਬਣਾਇਆ ਗਿਆ ਸੀ। ਪ੍ਰਧਾਨ ਮੰਤਰੀ ਨੂੰ ਲਿਖੇ ਇਸ ਪੱਤਰ ਵਿਚ ਹੈਰਾਨੀ ਪ੍ਰਗਟ ਕੀਤੀ ਗਈ ਕਿ ਫੌਜ ਦਾ ਵਰਤਮਾਨ ਢਾਂਚੇ ਵਿਚ ਬ੍ਰਿਟਿਸ਼ ਆਰਮੀ ਵਿਚ ਰਹੀ ਸਹੀ ਰਜਿਮੈਂਟ ਜਿਵੇਂ ਸਿੱਖ, ਜਾਟ, ਗੋਰਖਾ, ਡੋਗਰਾ ਆਦਿ ਧਰਮ ਅਤੇ ਜਾਤੀ ਆਧਾਰਿਤ ਹੁਣ ਵੀ ਹਨ ਪਰ ਚਮਾਰ ਰਜਿਮੈਂਟ ਦੀ ਹੋਂਦ ਖਤਮ ਕਰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਭਾਰਤੀ ਫੌਜ ਵਿਚ ਹੁਣ ਰਿਜ਼ਰਵ ਸਮਾਜ ਦੇ ਲੜਕਿਆਂ ਲਈ ਕੋਈ ਰਿਜ਼ਰਵੇਸ਼ਨ ਨਹੀਂ ਹੈ, ਇਸ ਕਰਕੇ ਰਿਜ਼ਰਵ ਸਮਾਜ ਦੇ ਨੌਜਵਾਨਾਂ ਨੂੰ ਭਾਰਤੀ ਫੌਜ ਵਿਚ ਕਮਿਸ਼ਨਡ ਹੋ ਕੇ ਦੇਸ਼ ਦੀ ਸੇਵਾ ਕਰਨ ਦਾ ਮੌਕਾ ਨਹੀਂ ਮਿਲਦਾ ਹੈ। ਇਸ ਕਰਕੇ ਇਸ ਸਮਾਜ ਨੂੰ ਇਹ ਮੌਕਾ ਦੇ ਕੇ ਚਮਾਰ ਰਜਿਮੈਂਟ ਦੀ ਬਹਾਲੀ ਕੀਤੀ ਜਾਵੇ ਅਤੇ ਇਸ ਰਜਿਮੈਂਟ ਦੀ ਬਹਾਦਰੀ ਤੇ ਰਿਸਰਚ ਦੇ ਉਦੇਸ਼ ਨਾਲ ਕਿਸੇ ਇਕ ਯੂਨੀਵਰਸਿਟੀ ਵਿਚ ਚਮਾਰ ਰਜਿਮੈਂਟ ਚੇਅਰ ਸਥਾਪਤ ਕੀਤੀ ਜਾਵੇ।

## ਜਰਨਲਿਸਟ ਪ੍ਰੈਸ ਕਲੱਬ ਫਗਵਾੜਾ ਯੂਨਿਟ ਦੀ ਅਹਿਮ ਮੀਟਿੰਗ ਹੋਈ, ਲਏ ਅਹਿਮ ਫੈਸਲੇ

**ਫਗਵਾੜਾ ((ਬੀ ਕੇ ਰੱਤੂ ) )–** ਜਰਨਲਿਸਟ ਪ੍ਰੈਸ ਕਲੱਬ ਫਗਵਾੜਾ ਯੂਨਿਟ ਦੀ ਮਾਸਿਕ ਇਕੱਤਰਤਾ ਪ੍ਰਧਾਨ ਡਾ. ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ ਕਲੱਬ ਨੂੰ ਹੋਰ ਮਜ਼ਬੂਤ ਕਰਨ ਲਈ ਅਹੁਦੇਦਾਰਾ ਅਤੇ ਮੈਂਬਰਾਂ ਦੇ ਸੁਝਾਅ



ਲਏ ਗਏ ਜਿਸ ਵਿੱਚ ਸੁਖਵਿੰਦਰ ਸਿੰਘ, ਬੀ.ਕੇ. ਰੱਤੂ, ਮਨਦੀਪ ਸਿੰਘ ਸੰਧੂ, ਪਵਿੱਤਰ ਸਿੰਘ, ਪ੍ਰਮਿੰਦਰ ਸਿੰਘ, ਕੁਨਾਰਲ ਸ਼ਰਮਾ, ਅਜੇ ਕੋਛੜ, ਹਰਵਿੰਦਰ ਸੈਣ, ਰਾਮ ਲੁਭਾਇਆ, ਅਸ਼ੋਕ ਸ਼ਰਮਾ ਅਤੇ ਚੇਤਨ ਸ਼ਰਮਾ ਨੇ ਆਪਣੇ ਵਿੱਚਾਰ ਸਾਂਝੇ ਕਰ ਕਲੱਬ ਦੀਆਂ ਗਤੀਵਿਧਿਆ ਨੂੰ ਹੋਰ ਤੇਜ਼ ਕਰਨ ਅਤੇ ਸਮਾਜ ਸੇਵੀ ਪ੍ਰੋਜੈਕਟ ਲਈ ਕੰਮ ਕਰਨ ਲਈ ਪ੍ਰੇਰਿਆ ਨਾਲ ਹੀ ਪੱਤਰਕਾਰਤਾ ਦੇ ਖੇਤਰ 'ਚ ਆ ਰਹੀਆ ਮੁਸ਼ਕਲਾਂ ਬਾਰੇ ਵੀ ਆਪਣੇ ਵਿਚਾਰ ਰੱਖੇ।

ਪ੍ਰਧਾਨ ਡਾ. ਰਮਨ ਨੂੰ ਆਪਣੇ ਸੰਬੋਧਨ 'ਚ ਬੋਲਦਿਆ ਸਮੂਹ ਮੈਂਬਰਾਂ ਨੂੰ ਵਿਸ਼ਵਾਸ ਦੁਆਇਆ ਕਿ ਉਹ ਇਸ ਕਲੱਬ ਦੀ ਬੇਹਤਰੀ ਲਈ ਦਿਨ ਰਾਤ ਇੱਕ ਕਰ ਪੱਤਰਕਾਰਾ ਦੀਆਂ ਸਮਸਿਆਵਾ ਉਸਦੇ ਹੱਲ ਅਤੇ ਬੇਹਤਰੀ ਲਈ ਵੱਧ ਤੋਂ ਵੱਧ ਸਮਾਂ ਅਤੇ ਯੋਗਦਾਨ ਪਾਉਣਗੇ ਉਨਾਂ ਨਾਲ ਹੀ ਕਲੱਬ 'ਚ ਨਵੇਂ ਮੈਂਬਰਾਂ ਦਾ ਜਿੱਥੇ ਸੁਆਗਤ ਕੀਤਾ ਉਥੇ ਜਲਦ ਹੀ ਟੀਮ 'ਚ ਫੇਰਬਦਲ ਕਰ ਨਵੇਂ ਅਹੁਦੇ ਦੇਣ ਬਾਰੇ ਵੀ ਗੱਲ ਕੀਤੀ।

## ਹਵਾਈ ਉਡਾਣਾਂ ਵਿਚ ਛੇ ਸੈਂਟੀਮੀਟਰ ਧਾਰ ਵਾਲੀ ਕਿਰਪਾਨ ਪਹਿਨਣ ਦਾ ਹੱਕ ਸਿੱਖਾਂ ਨੇ ਲਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਕਹਿੰਦੇ ਨੇ ਕਾਨੂੰਨੀ ਕਿਤਾਬਾਂ ਅਤੇ ਨਿਯਮਾਂ ਦਾ ਅਧਿਐਨ ਕਰਨਾ ਹਰ ਇਕ ਦੇ ਗੇੜ ਵਿਚ ਨਹੀਂ ਆਉਂਦਾ ਪਰ ਜਿਹੜੇ ਬਾਰੀਕੀ ਨਾਲ ਇਸ ਦੀ ਪੜ੍ਹਾਈ ਕਰ ਲੈਂਦੇ ਹਨ ਤਾਂ ਵੱਡੇ-ਵੱਡੇ ਫੈਸਲੇ ਆਪਣੇ ਹੱਕ ਵਿਚ ਕਰ ਜਾਂਦੇ ਹਨ। ਖਾਲਸਾ ਫਾਊਂਡੇਸ਼ਨ ਨਿਊਜ਼ੀਲੈਂਡ ਜੋ ਕਿ ਇਕ ਚੈਰਿਟੀ ਸੰਸਥਾ ਹੈ ਦੇ ਟ੍ਰਸਟੀ ਸ. ਹਰਮਨ ਸਿੰਘ ਅਤੇ ਐਗਜੈਕਟਿਵ ਮੈਂਬਰ ਸ. ਹਰਪ੍ਰੀਤ ਸਿੰਘ ਦੇ ਸ਼ਾਬਾਸ਼ ਹੈ ਜਿਨ੍ਹਾਂ ਨੇ ਹਾਲ ਹੀ ਵਿਚ ਕੈਨੇਡਾ ਦੀ ਇਕ ਖਬਰ ਕਿ ਸਿੱਖਾਂ ਨੂੰ 6 ਸੈਂਟੀਮੀਟਰ ਧਾਰ ਕਿਰਪਾਨ ਹਵਾਈ ਯਾਤਰਾ ਦੌਰਾਨ ਪਹਿਨਣ ਦਾ ਹੱਕ ਹੈ, ਨੂੰ ਗੰਭੀਰਤਾ ਨਾਲ ਲੈਂਦਿਆਂ ਨਿਊਜ਼ੀਲੈਂਡ 'ਏਵੀਏਸ਼ਨ ਸਕਿਊਰਿਟੀ ਸਰਵਿਸਜ਼' ਨਾਲ ਸੰਪਰਕ ਕੀਤਾ। ਤਿੰਨ-ਚਾਰ ਦਿਨ ਚੱਲਿਆ ਇਲੈਕਟ੍ਰਾਨਿਕ ਵਾਰਤਾਲਾਪ ਅਤੇ ਫਿਰ ਸਿੱਧੀ



ਫੋਨ ਉਤੇ ਹੋਈ ਗੱਲਬਾਤ ਐਨਾ ਵਧੀਆ ਨਤੀਜਾ ਦੇ ਗਈ ਕਿ ਸਾਰੇ ਸਿੱਖਾਂ ਦੀ ਚਿਰੋਕਣੀ ਮੰਗ ਪਹਿਲੇ ਹੀ ਉਦਮ ਨਾਲ ਪੂਰੀ ਹੋਈ ਨਜ਼ਰ ਆਈ। ਇਸ ਤਰ੍ਹਾਂ ਲੱਗਿਆ ਜਿਵੇਂ ਬਹੁਤੇ ਸਿੱਖ ਆਪਣੇ ਹੱਕਾਂ ਬਾਰੇ ਖੁਦ ਹੀ ਜਿਆਦਾ ਨਾ ਜਾਣਦੇ ਹੋਣ। ਜਦੋਂ ਨਿਰਧਾਰਤ ਨਿਯਮਾਂ ਦੀ ਰੋਸ਼ਨੀ ਵਿਚ ਦੋਵੇਂ ਨੌਜਵਾਨਾਂ ਨੇ ਬਿਨਾਂ ਕਿਸੇ ਕੰਮ ਤੋਂ ਵਲਿੰਗਟਨ ਦੀ ਹਵਾਈ ਟਿਕਟ ਬੁੱਕ ਕਰਵਾ ਕੇ ਆਪਣੀ ਕਿਰਪਾਨ ਪਹਿਨਣ ਦੇ ਹੱਕ ਨੂੰ ਪਰਖਣਾ ਚਾਹਿਆ ਤਾਂ ਉਨ੍ਹਾਂ ਦੀ ਖੁਸ਼ੀ ਹੋਰ ਵੀ ਦੁੱਗਣੀ ਹੋ ਗਈ ਜਦੋਂ ਸੰਖੇਪ ਜਿਹੀ ਆਪਸੀ ਗੱਲਬਾਤ ਵਿਚ ਸਕਰੀਨਿੰਗ ਸਟਾਫ ਨੇ ਇਹ ਪੁੱਛ ਲਿਆ ਕਿ ਜੇਕਰ ਕਿਰਪਾਨ ਦੀ ਧਾਰ 6 ਸੈਂਟੀਮੀਟਰ ਤੋਂ ਘੱਟ ਹੈ ਤਾਂ ਤੁਸੀ ਬੋਰਡਿੰਗ ਵਾਸਤੇ ਜਹਾਜ਼ ਵਿਚ ਜਾ ਸਕਦੇ ਹੋ। ਇਥੇ ਦੋਵਾਂ ਨੌਜਵਾਨਾਂ ਨੂੰ ਕੁੱਲ 1-2 ਮਿੰਟ ਦਾ ਸਮਾਂ ਸਿਰਫ ਇਸ ਕਰਕੇ ਲੱਗਿਆ ਕਿ ਸਕਿਊਰਿਟੀ ਅਫਸਰ ਨੇ ਆਪਣੇ ਉਸ ਮੈਨੇਜਰ ਨੂੰ ਸੱਦਿਆ ਜਿਸ ਕੋਲ ਇੰਚੀਟੇਪ ਸੀ ਅਤੇ ਉਸਨੇ ਆ ਕੇ ਕਿਰਪਾਨ ਦੀ ਧਾਰ ਦੀ ਲੰਬਾਈ ਮਾਪ ਲਈ। ਇਸ ਰਸਮੀ ਚੈਕਿੰਗ ਵਿਚ ਹੋਰ ਵੱਡੀ ਗੱਲ ਇਹ ਰਹੀ ਕਿ ਚੈਕਿੰਗ ਦੌਰਾਨ ਕਿਰਪਾਨ ਇਨ੍ਹਾਂ ਨੌਜਵਾਨਾਂ ਨੂੰ ਸਰੀਰ ਤੋਂ ਵੱਖ ਨਹੀਂ ਕਰਨੀ ਪਈ, ਆਪਣੇ ਹੱਥੀਂ ਹੀ ਚੈਕ ਕਰਵਾ ਦਿੱਤੀ। ਇਹ ਦੋਵੇਂ ਅੰਮ੍ਰਿਤਧਾਰੀ ਸਿੱਖ ਨੌਜਵਾਨ ਕਿਰਪਾਨ ਦੇ ਹੱਕ ਨੂੰ ਪਰਖਣ ਵਾਸਤੇ ਆਪਣਾ ਕੰਮ ਕਾਰ ਛੱਡ ਕੇ ਅੱਜ ਘਰੇਲੂ ਹਵਾਈ ਅੱਡੇ ਉਤੇ ਤਜ਼ਰਬਾ ਕਰਨ ਵਿਚ ਸਫਲ ਰਹੇ।

## ਆਕਲੈਂਡ ਵਿਖੇ ਭਾਰਤੀ ਦੂਤਾਵਾਸ ਵੱਲੋਂ ਖੋਲ੍ਹੇ ਗਏ ਨਵੇਂ ਕੌਂਸਲੇਟ ਦਫਤਰ ਦਾ ਰਸਮੀ ਉਦਘਾਟਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦੀ ਗਿਣਤੀ 2,70,000 ਤੋਂ ਵੱਧ ਹੈ ਅਤੇ ਬਹੁ-ਗਿਣਤੀ ਉਤਰੀ ਟਾਪੂ ਦੇ ਮਹਾਂਨਗਰਾ ਜਿਵੇਂ ਆਕਲੈਂਡ, ਨਾਰਥਲੈਂਡ ਅਤੇ ਵਾਇਕਾਟੋ ਖੇਤਰ ਅਤੇ ਆਸ-ਪਾਸ ਰਹਿੰਦੀ ਹੈ। ਇਸ ਵੇਲੇ ਦੇਸ਼ ਦੇ ਵਿਚ 1952 ਤੋਂ ਸਥਾਪਿਤ ਭਾਰਤੀ ਹਾਈ ਕਮਿਸ਼ਨ ਦਾ ਇਕੋ-ਇਕ ਦਫਤਰ ਦੇਸ਼ ਦੀ ਰਾਜਧਾਨੀ ਵਲਿੰਗਟਨ ਵਿਖੇ ਸਥਿਤ ਸੀ ਜੋ ਕਿ ਆਕਲੈਂਡ ਤੋਂ 650 ਕਿਲੋਮੀਟਰ ਦੂਰ ਹੈ ਅਤੇ ਕਾਰ ਵਿਚ 8 ਘੰਟੇ ਤੱਕ ਦਾ ਸਮਾਂ ਲਗ ਜਾਂਦਾ ਸੀ ਜਾਂ ਫਿਰ ਘੰਟੇ ਦੀ ਘਰੇਲੂ ਉਡਾਣ ਭਰਕੇ ਜਾਣਾ ਪੈਂਦਾ ਹੈ।

ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੁਣ ਆਕਲੈਂਡ ਦੇ ਵਿਚ ਓਨੀਹੰਗਾ ਟਾਊਨ ਦੇ ਵਿਚ ਨਵਾਂ ਕੌਂਸਲੇਟ ਦਫਤਰ ਖੋਲ੍ਹਿਆ ਗਿਆ ਜਿਸਨੇ ਕੁਝ ਦਿਨ ਪਹਿਲਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹਾ ਪਰ ਅੱਜ ਇਸਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਉਦਘਾਟਨ ਮੌਕੇ ਭਾਰਤੀ ਭਾਈਚਾਰੇ ਦੇ ਲੋਕ ਅਤੇ ਸੰਸਦ ਮੈਂਬਰ ਸ. ਕੰਵਲਜੀਤ ਸਿੰਘ ਬਖਸ਼ੀ ਅਤੇ ਡਾ. ਪਰਮਜੀਤ ਪਰਮਾਰ ਵਿਸ਼ੇਸ਼ ਤੌਰ 'ਤੇ ਪੁਹੰਚੇ। ਸ਼ੁੱਭ ਆਰੰਭ ਵੱਲੋ ਮੈਡਮ ਸਵਾਤੀ ਸ਼ਰਮਾਂ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਫਿਰ ਸਾਰਿਆਂ ਨੇ ਰਲ ਕੇ ਭਾਰਤ ਦਾ ਰਾਸ਼ਟਰੀ ਗੀਤ ਜਨ-ਗਨ-ਮਨ ਪੜ੍ਹਿਆ। ਇਸ ਉਪਰੰਤ ਇਸ ਦਫਤਰ ਲਈ ਨਿਯੁਕਤ ਪਹਿਲੇ ਆਨਰੇਰੀ ਕੌਂਸਿਲ ਜਨਰਲ ਸ੍ਰੀ ਭਵਦੀਪ ਸਿੰਘ ਢਿੱਲੋਂ ਨੇ ਆਏ ਸਾਰੇ



ਮਹਿਮਾਨਾਂ ਨੂੰ ਦਾ ਧੰਨਵਾਦ ਕੀਤਾ ਅਤੇ ਇਸ ਦਫਤਰ ਵੱਲੋਂ ਕੀਤੇ ਜਾਣ ਵਾਲੇ ਕਾਰਜ ਖੇਤਰ ਬਾਰੇ ਜਾਣੂ ਕਰਵਾਇਆ। ਉਨ੍ਹਾਂ ਭਾਰਤੀ ਕਾਰਜ ਪ੍ਰਣਾਲੀ ਅਤੇ ਵਿਦੇਸ਼ੀ ਵਸਦੇ ਪ੍ਰਵਾਸੀਆਂ ਦੇ ਪਾਏ ਜਾਂਦੇ ਯੋਗਦਾਨ ਬਾਰੇ ਵੀ ਵਿਚਾਰ ਪੇਸ਼ ਕੀਤੇ।

ਨਿਊਜ਼ੀਲੈਂਡ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਅਤੇ ਪ੍ਰਧਾਨਹੁਣ ਇਸ ਦਫਤਰ ਦੇ ਵਿਚ ਲੋਕ ਆਪਣੀਆਂ ਵੀਜ਼ੇ ਸਬੰਧੀ ਮੁਸ਼ਕਿਲਾਂ ਦੇ ਹੱਲ ਲਈ ਆ ਸਕਦੇ ਹਨ। ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਅਤੇ ਸਾਂਸਦ ਡਾ. ਪਰਮਜੀਤ ਪਰਮਾਰ ਨੇ ਵੀ ਜਿੱਥੇ ਆਨਰੇਰੀ ਕੌਂਸਲੇਟ ਨੂੰ ਵਧਾਈ ਦਿੱਤੀ ਉਥੇ ਆਸ ਪ੍ਰਗਟ ਕੀਤੀ ਕਿ ਇਥੇ ਵਸਦੇ ਭਾਰਤੀ ਭਾਈਚਾਰੇ ਦੇ ਲਈ ਇਹ ਦਫਤਰ ਕਾਫੀ ਲਾਹੇਬੰਦ ਹੋਵੇਗਾ। ਨਿਊਜ਼ੀਲੈਂਡ ਇੰਡੀਅਨ ਸੈਂਟਰਲ ਐਸੋਸੀਏਸ਼ਨ ਦੇ ਪ੍ਰਧਾਨ ਭੀਖੂ ਭਾਨਾ ਨੇ ਵੀ ਆਪਣੇ ਵਿਚਾਰ ਰੱਖੇ। ਭਾਰਤੀਆਂ ਦੀ ਚਿਰੋਕਣੀ ਮੰਗ ਅੱਜ ਪੂਰੀ ਹੋ ਗਈ ਅਤੇ ਭਾਰਤੀ ਦੂਤਾਵਾਸ ਸੇਵਾ ਵਿਚ ਹਾਜ਼ਿਰ ਹੋ ਕੰਮ ਕਰਨ ਲੱਗਾ ਹੈ। ਭਾਰਤੀ ਭਾਈਚਾਰੇ ਤੋਂ ਸ. ਅਜੀਤ ਸਿੰਘ ਰੰਧਾਵਾ, ਸ. ਅਵਤਾਰ ਸਿੰਘ ਗਿਰਨ, ਸ. ਖੜਗ ਸਿੰਘ, ਸ੍ਰੀ ਸੰਨੀ ਕੌਸ਼ਿਲ, ਸ. ਦਾਰਾ ਸਿੰਘ, ਸ. ਨਿਰਮਲਜੀਤ ਸਿੰਘ ਭੱਟੀ, ਸ. ਮੋਹਨਪਾਲ ਸਿੰਘ ਬਾਠ, ਸ੍ਰੀ ਪਰਮਜੀਤ ਢੱਟ, ਸ. ਹਰਭਜਨ ਸਿੰਘ ਟੋਨੀ, ਸ੍ਰੀ ਕੁਲਵਿੰਦਰ ਸਿੰਘ ਝੱਮਟ ਜੰਡੂ ਸਿੰਘ, ਸ੍ਰੀ ਕਰਨੈਲ ਸਿੰਘ ਬੱਧਣ, ਬਲਜੀਤ ਕੌਰ ਲੇਬਰ ਪਾਰਟੀ, ਸ੍ਰੀ ਰਾਜ ਪ੍ਰਦੀਪ ਸਿੰਘ ਗ੍ਰੀਨ ਪਾਰਟੀ, ਸ੍ਰੀ ਹਰਮਿੰਦਰ ਚੀਮਾ, ਸ੍ਰੀ ਨਵਤੇਜ ਰੰਧਾਵਾ, ਸ. ਪਰਮਿੰਦਰ ਸਿੰਘ, ਸ. ਅਮਰਜੀਤ ਸਿੰਘ, ਮੈਡਮ ਕੁਲਵੰਤ ਕੌਰ, ਸ੍ਰੀ ਨਰਿੰਦਰ ਸਿੰਗਲਾ, ਸ੍ਰੀ ਉਤਮ ਚੰਦ ਅਤੇ ਹੋਰ ਕਈ ਪਤਵੰਤੇ ਸੱਜਣ ਹਾਜ਼ਿਰ ਸਨ।

## ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ

**ਸਰੀ–**ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਕਰਤਾਰ ਸਿੰਘ ਸਰਾਭਾ ਇਕ ਐਸਾ ਅਦੁੱਤੀ ਯੋਧਾ ਸੀ ਜਿਸਨੇ ਸਿਰਫ 19 ਸਾਲ ਦੀ ਗਭਰੇਟ ਉਮਰ ਵਿੱਚ ਦੇਸ਼ ਲਈ ਸ਼ਹਾਦਤ ਦਾ ਜਾਮ ਪੀਤਾ। ਉਹਨਾਂ ਦੇ 102 ਵੇਂ ਸ਼ਹੀਦੀ ਦਿਵਸ ਤੇ ਵੈਨਕੂਵਰ ਵਿਚਾਰ ਮੰਚ ਅਤੇ ਕਾਮਾਗਾਟਾਮਾਰੂ ਫਾਉਡੇਸ਼ਨ ਵੱਲੋਂ ਪੰਜਾਬ ਭਵਨ ਸਰੀ ਕਨੇਡਾ ਨਜ਼ਦੀਕ



ਸੁੱਖੀ ਬਾਠ ਮੋਟਰਜ਼ ਵਿੱਚ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਲੇਖਕ ਮੋਹਨ ਗਿੱਲ ਦੇ ਸੰਚਾਲਨ ਹੇਠ ਹੋਰੇ ਇਸ ਪ੍ਰੋਗਰਾਮ ਵਿੱਚ ਪਟਿਆਲਾ ਪੰਜਾਬ ਤੋ ਫਿਲਮ ਲੇਖਕ ਗੁਰਪਰੀਤ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਸ਼ਹੀਦ ਸਰਾਭਾ ਤੇ ਬਣਾਈ ਜਾ ਰਹੀ ਆਪਣੀ ਫਿਲਮ ਅਤੇ ਸ਼ਹੀਦ ਦੇ ਜੀਵਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਕਵਿੰਦਰ ਚਾਂਦ, ਹਰਭਜਨ ਗਿੱਲ ,ਖੁਸ਼ਹਾਲ ਗਲੋਟੀ ,ਨਛੱਤਰ ਬਰਾੜ, ਅਮਰੀਕ ਪਲਾਹੀ, ਇੰਦਰਜੀਤ ਧਾਮੀ, ਕੁਲਵਿੰਦਰ ਸ਼ੇਰਗਿਲ, ਹਰਦਮ ਮਾਨ, ਅੰਗਰੇਜ਼ ਬਰਾੜ, ਹਰਮੀਤ, ਸੁਖਵਿੰਦਰ ਚੋਹਲਾ, ਅਲਮਸਤ ਦੇਸਰ ਪੁਰੀ, ਜੀਵਨ ਰਾਨਪੁਰੀ, ਜਰਨੈਲ ਸਿੰਘ ਆਰਟਿਸਟ ਆਦਿ ਅਤੇ ਹਾਜ਼ਰ ਕਵੀਆਂ ਨੇ ਆਪੋ ਆਪਣੇ ਸ਼ਬਦਾਂ ਅਤੇ ਕਵਿਤਾਵਾਂ ਨਾਲ ਸ਼ਰਧਾ ਦੇ ਫੁੱਲ ਭੇਂਟ ਕੀਤੇ।

# ਪਿਟਸਬਰਗ (ਕੈਲੇਫੋਰਨੀਆ) ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



**ਪਿਟਸਬਰਗ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ 2150 ਕ੍ਰਾਈਸਟ ਵਿਊ ਡ੍ਰਾਈਵ ਪਿਟਸਬਰਗ ਵਿਖੇ ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਸਾਕਾ ਪੰਜਾ ਸਾਹਿਬ' ਦੀ ਯਾਦ ਵਿਚ ਬੜੀ ਸ਼ਰਧਾ ਭਾਵਨਾ ਨਾਲ ਧਾਰਮਿਕ ਕਵੀ ਦਰਬਾਰ ਸਜਾਇਆਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਝਾਤ ਪੁਆਈ ਗਈ ਕਿ ਸਿੱਖ ਕੌਮ ਨੂੰ ਹਮੇਸ਼ਾ ਸ਼ਹੀਦਾਂ 'ਤੇ ਮਾਣ ਰਿਹਾ ਹੈ, ਜਿਹਨਾਂ ਨੇ ਗੁਰੂਆਂ ਦੀ ਸਿੱਖਿਆ 'ਤੇ ਚਲਦਿਆਂ ਬਾਣੀ ਅਤੇ ਬਾਣੇ ਦੇ ਸਤਿਕਾਰ ਵਿਚਸੇਵਾ ਕੀਤੀ ਅਤੇ ਕੁਰਬਾਨੀਆਂ ਦਿੱਤੀਆਂ।

ਇਸ ਧਾਰਮਿਕ ਕਵੀ ਦਰਬਾਰ ਵਿਚ ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਪ੍ਰਮਿੰਦਰ ਸਿੰਘ ਪ੍ਰਵਾਨਾ, ਗੁਰਦਿਆਲ ਸਿੰਘ ਨੂਰਪੁਰੀ, ਮਹਿੰਦਰ ਸਿੰਘ ਰਾਜਪੂਤ ਆਦਿ ਕਵੀ ਸ਼ਾਮਲ ਹੋਏ।

# ਗੀਤਕਾਰ ਲਾਲ ਸਿੰਘ ਲਾਲੀ ਨੂੰ ਭਾਰੀ ਸਦਮਾ - ਜਗਦੇਵ ਜੱਗੀ ਨਹੀਂ ਰਹੇ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਪਿਛਲੇ ਤਿੰਨ ਦਹਾਕੇ ਤੋਂ ਪੰਜਾਬੀ ਮਾਂ-ਬੋਲੀ ਦੀ ਸੇਵਾ ਵਿਚ ਜੁਟੇ ਚਲੇ ਆ ਰਹੇ ਗੀਤਕਾਰ ਜਗਦੇਵ ਜੱਗੀ ਜੀ (69) ਅਚਾਨਕ ਸੰਖੇਪ ਜਿਹੀ ਬੀਮਾਰੀ ਦੇ ਬਹਾਨੇ ਸਾਨੂੰ ਸਦੀਵੀ ਵਿਛੋੜਾ ਦੇ ਗਏ। ਜੱਗੀ ਜੀ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ ) ਦੇ ਸਰਗਰਮ ਵਰਕਰ ਸਨ। ਜਿਕਰ ਯੋਗ ਹੈ ਕਿ ਇਸ ਪਰਿਵਾਰ ਵਿਚ ਗੀਤਕਾਰੀ ਦੀਆਂ ਚਾਰ ਸਖਸ਼ੀਅਤਾਂ ਪੈਦਾ ਹੋਈਆਂ ਸਨ, ਜਿਨ੍ਹਾਂ ਵਿਚੋ ਵੱਡੇ ਵੀਰ ਸਵ: ਅਜੀਤ ਪੰਛੀ ਨਾਰੰਗਵਾਲ ਅਤੇ ਲਾਲ ਸਿੰਘ ਲਾਲੀ ਦੀ ਗੀਤਕਾਰੀ ਨੇ ਚਾਰ ਦਹਾਕਿਆਂ ਬੱਧੀ ਗੀਤਕਾਰੀ ਵਿਚ ਤਹਿਲਕਾ ਮਚਾਈ ਰੱਖਿਆ। ਇਨ੍ਹਾਂ ਦੋਵਾਂ ਵੱਡੇ ਭਰਾਵਾਂ ਦੇ ਕਦਮਾਂ ਉਤੇ ਚੱਲਣ ਵਾਲੇ ਗੀਤਕਾਰ ਜਗਦੇਵ ਜੱਗੀ ਨਾਰੰਗਵਾਲ ਤੇ ਨਛੱਤਰ ਨਾਰੰਗਵਾਲ ਦਾ ਨਾਂਉਂ ਆਉਂਦਾ ਸੀ। ਜਗਦੇਵ ਜੱਗੀ ਨਾਰੰਗਵਾਲ ਦੇ ਤੁਰ ਜਾਣ ਨਾਲ ਜਿੱਥੇ ਲਾਲ ਸਿੰਘ ਲਾਲੀ (9914610083), ਨਛੱਤਰ ਨਾਰੰਗਵਾਲ ਅਤੇ ਬਾਕੀ ਪਰਿਵਾਰ ਨੂੰ ਭਾਰੀ ਸਦਮਾ ਪੁੱਜਾ ਹੈ, ਉਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ) ਨੂੰ ਵੀ ਨਾ ਪੂਰਿਆ ਜਾਣ ਵਾਲਾ ਘਾਟਾ ਪੈ ਗਿਆ ਹੈ। ਸੰਸਥਾ ਦੇ ਿ ਮ ਓ ੂ ਜ ਕ ਡਾਇਰੈਕਟਰ ਸ੍ਰੀ ਕ੍ਰਿਸ਼ਨ ਰਾਹੀ ਦੀ ਅਗਵਾਈ ਹੇਠ ਹੰਗਾਮੀ ਇਕੱਤਰਤਾ ਹੋਈ, ਜਿਸ ਵਿਚ ਤਿੰਨ ਦਰਜਨ ਤੋਂ ਵੱਧ ਗੀਤਕਾਰਾਂ, ਸੰਗੀਤ ਕਾਰਾਂ, ਸ਼ਾਇਰਾਂ ਅਤੇ ਗਾਇਕ-ਕਲਾਕਾਰਾਂ ਨੇ ਭਾਗ ਲਿਆ। ਇਕੱਤਰਤਾ ਵਿਚ ਦੋ ਮਿੰਟ ਦਾ ਮੋਨ ਧਾਰਨ ਕਰਦਿਆਂ ਵਿਛੜੀ ਵੱਡਮੁੱਲੀ ਰੂਹ ਨੂੰ ਸ਼ਰਧਾਜਲੀਆਂ ਭੇਟ ਕੀਤੀਆਂ ਗਈਆਂ। ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਅਤੇ ਦੁਖੀ ਪਰਿਵਾਰ ਨੂੰ ਇਹ ਅਸਿਹ ਸਦਮਾ ਸਹਿਣ ਦਾ ਬੱਲ ਬਖਸ਼ਣ ਲਈ ਇਕੱਤਰਤਾ ਵਲੋਂ, ਅਕਾਲ-ਪੁਰਖ ਨੂੰ ਦੁਆਵਾਂ ਕੀਤੀਆਂ ਗਈਆਂ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੰਸਥਾ ਦੇ ਜਨਰਲ ਸਕੱਤਰ ਪ੍ਰੀਤਮ ਲੁਧਿਆਣਵੀ ਅਤੇ ਮੀਤ ਪ੍ਰਧਾਨ ਪ੍ਰਿੰ. ਬਲਬੀਰ ਛਿੱਬੜ ਨੇ ਦੱਸਿਆ ਕਿ ਵਿਛੜੀ ਆਤਮਾ ਨਮਿੱਤ ਅੰਤਮ ਅਰਦਾਸ 26 ਨਵੰਬਰ, 17 ਨੂੰ ਗੁ: ਸੰਗਤਸਰ, ਨਾਰੰਗਵਾਲ ਕਲਾਂ, ਜਿਲ੍ਹਾ ਲੁਧਿਆਣਾ ਵਿਖੇ ਬਾਅਦ ਦੁਪਹਿਰ ਹੋਵੇਗੀ।



# ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨਸਰਾਲਾ ਵਿਖੇ ਹੋਇਆ ਸਾਇੰਸ ਮੇਲਾ

**ਨਸਰਾਲਾ–** ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨਸਰਾਲਾ ਵਿਖੇ ਪ੍ਰਿੰਸੀਪਲ ਕਰੁਣ ਸ਼ਰਮਾ ਦੀਅਗਵਾਈ ਵਿਚ ਸਾਇੰਸ ਅਧਿਆਪਕਾਵਾਂ ਮੈਡਮ ਪਰਮਿੰਦਰ ਕੌਰ ਅਤੇ ਸੋਨੀਆ ਦੇ ਸਹਿਯੋਗ ਨਾਲ ਸਕੂਲ ਵਿਦਿਆਰਥੀਆਂ ਦੁਆਰਾ ਤਿਆਰਕੀਤਾ ਗਿਆ ਵਿਗਿਆਨਕ ਸਾਜੋ ਸਮਾਨ ਇਸ ਪ੍ਰਦਰਸ਼ਨੀ ਦਾ ਹਿੱਸਾ ਬਣਿਆ। ਵਿਦਿਆਰਥੀਆਂ ਨੇ ਪਿਛਲੇ ਕਈ ਦਿਨਾਂ ਦੀ ਮਿਹਨਤ ਨਾਲ ਆਪਣੀ ਪੜ੍ਹਾਈ ਨਾਲ ਸਬੰਧਤ ਇਹ ਸਮਾਨ ਸਿਰਜਿਆ ਸੀ। ਇਸ ਸਾਇੰਸ ਮੇਲੇ ਨੂੰ ਡਾਇਟ ਹੁਸ਼ਿਆਰਪੁਰ ਤੋਂ ਸੀਨੀਅਰ ਲੈਕਚਰਾਰ ਸ੍ਰੀ ਅਸ਼ਵਨੀ ਦੱਤਾ, ਲੈਕ. ਸਤਨਾਮ ਸਿੰਘ, ਲੈਕ. ਸੁਖਵਿੰਦਰ ਸਿੰਘ ਵੀ ਵੇਖਣ ਆਏ। ਇਸ ਤੋਂ ਇਲਾਵਾ ਸਰਪੰਚ ਬੀਬੀ ਦੀਪ ਕੌਰ, ਬਲਵੀਰ ਕੌਰ, ਸੁਰਿੰਦਰ ਕੌਰ ਰਮਸਾ ਮੈਂਬਰ ਅਤੇ ਵਿਦਿਅਰਥੀਆਂ ਦੇ ਮਾਤਾ-ਪਿਤਾ ਨੇ ਬੱਚਿਆਂ ਦੁਆਰਾ ਤਿਆਰ ਕੀਤਾ ਸਮਾਨ ਬੜੀ ਦਿਲਚਸਪੀ ਨਾਲ ਦੇਖਿਆ।



ਆਈ ਹੋਈ ਟੀਮ ਨੇ ਵਿਦਿਆਰਥੀਆਂ ਤੋਂ ਸਵਾਲ ਵੀ ਪੁੱਛੇ ਤੇ ਸੰਤੁਸ਼ਟੀ ਜ਼ਾਹਿਰ ਕੀਤੀ।

ਇਸ ਮੌਕੇ ਲੈਕ. ਕੁਲਵਿੰਦਰ ਸਿੰਘ, ਲੈਕ. ਬਲਵੀਰ ਚੰਦ, ਮੈਡਮ ਸੰਜੀਤ, ਵਨੀਤਾ ਕੁਮਾਰੀ, ਡਾ. ਜਸਵੰਤ ਰਾਏ, ਰਵਿੰਦਰ ਕੁਮਾਰ, ਕੁਲਦੀਪ ਕੁਮਾਰ, ਸੁਰੇਸ਼ ਕੁਮਾਰ, ਵਿਸ਼ਾਲ, ਗੁਰਵਿੰਦਰ ਕੌਰ, ਕਮਲੇਸ਼ ਰਾਣੀ, ਮੰਜੂ ਅਰੋੜਾ, ਵੀਨਾ ਕੁਮਾਰੀ, ਰਜਵਿੰਦਰ ਕੌਰ, ਮਨਜੀਤ ਕੌਰ, ਸੁਰਿੰਦਰ ਕੌਰ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

## ਗੁੱਸਾ ਨਹੀਂ ਕਰੀਦਾ

### ਨਿਰਪੱਖ ਸਿਆਸੀ ਚੁਟਕਲਾ

**ਯਮਦੂਤ:** ਚੱਲ ਬਾਈ ਤੇਰਾ ਟਾਇਮ ਖਤਮ ਹੋ ਗਿਆ
ਜੇ ਕੋਈ ਆਖਰੀ ਇੱਛਾ ਹੈ ਤਾਂ ਦੱਸ?

**ਇਨਸਾਨ:** ਜੀ ਮਰਨ ਤੋਂ ਪਹਿਲਾਂ ਬਾਦਲ ਦੀ ਪਾਣੀ ਵਾਲੀ ਬੱਸ ਵਿਚ ਬੈਠ ਕੇ ਕੈਪਟਨ ਦੇ ਸਮਾਰਟ ਫੋਨ ਤੋਂ ਕੇਜਰੀਵਾਲ ਦੇ ਵਾਈ ਫਾਈ ਦੀ ਸਪੀਡ ਤੇ ਆਪਣੇ ਬੈਂਕ ਅਕਾਊਂਟ ਅੰਦਰ ਮੋਦੀ ਦਾ 15 ਲੱਖ ਦੇਖਣਾ ਚਾਹੁੰਦਾ?

**ਯਮਦੂਤ:** ਅੱਛਾ ਪਤੰਦਰਾ, ਤੂੰ ਤਾਂ ਅਮਰ ਹੋਣ ਦਾ ਪਲਾਨ ਬਣਾਈ ਬੈਠਾਂ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu


# ਕਾਰਪੋਰੇਸ਼ਨ ਚੋਣਾਂ ਵਿੱਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਹਾਸਲ ਕਰੇਗੀ - ਅਸ਼ਵਨੀ ਸੇਖੜੀ

**ਬਟਾਲਾ (ਨਰਿੰਦਰ ਬਰਨਾਲ )–** ਕੈਪਟਨ ਸਰਕਾਰ ਦੀਆਂ ਨੀਤੀਆਂ ਤੇ ਕਾਰਗੁਜ਼ਾਰੀ ਤੋਂ ਸੂਬੇ ਦੀ ਜਨਤਾ ਪੂਰੀ ਤਰਾਂ ਖੁਸ਼ ਹੈ ਅਤੇ ਆਉਣ ਵਾਲੀਆਂ ਕਾਰਪੋਰੇਸ਼ਨ ਚੋਣਾਂ ਵਿੱਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਹਾਸਲ ਕਰੇਗੀ। ਇਹ ਪ੍ਰਗਟਾਵਾ ਕਰਦਿਆਂ ਸਾਬਕਾ ਵਜ਼ੀਰ ਅਸ਼ਵਨੀ ਸੇਖੜੀ ਨੇ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੀ ਪਾਰਟੀ ਹੈ ਅਤੇ ਕਾਂਗਰਸ ਨੇ ਹਮੇਸ਼ਾਂ ਹੀ ਲੋਕਾਂ ਦੀ ਬਿਹਤਰੀ ਲਈ ਕੰਮ ਕੀਤਾ ਹੈ।



ਅਸ਼ਵਨੀ ਸੇਖੜੀ ਨੇ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਵੱਲੋਂ ਪਿਛਲੇ 10 ਸਾਲਾਂ ਵਿੱਚ ਪੰਜਾਬ ਨੂੰ ਬੜੀ ਬੇਰਹਿਮੀ ਨਾਲ ਲੁਟਿਆ ਸੀ, ਜਿਸ ਕਾਰਨ ਪੰਜਾਬ ਆਰਿਥਕ ਤੌਰ 'ਤੇ ਬੇਹੱਦ ਕਮਜੋਰ ਹੋ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹੁਣ ਸੂਬੇ ਦੀ ਵਾਗਡੋਰ ਸੁਲਝੇ ਅਤੇ ਸਿਆਣੇ ਸਿਆਸਤਦਾਨ ਕੈਪਟਨ ਅਮਰਿੰਦਰ ਸਿੰਘ ਦੇ ਹੱਥਾਂ ਵਿੱਚ ਦਿੱਤੀ ਹੈ, ਜੋ ਦਿਨ-ਰਾਤ ਸਖਤ ਮਿਹਨਤ ਕਰਕੇ ਮੁੜ ਸੂਬੇ ਨੂੰ ਵਿਕਾਸ ਦੀ ਲੀਹੇ ਪਾ ਰਹੇ ਹਨ। ਉਹਨਾਂ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਫਾਲਤੂ ਖਰਚੇ ਘੱਟ ਕਰਕੇ ਅਮਾਦਨ ਦੇ ਨਵੇਂ ਵਸੀਲੇ ਪੈਦਾ ਕੀਤੇ ਜਾ ਰਹੇ ਹਨ ਤਾਂ ਜੋ ਸੂਬੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕੇ।

ਸੇਖੜੀ ਨੇ ਕਿਹਾ ਕਿ ਸੂਬੇ ਦੇ ਲੋਕ ਕਾਂਗਰਸ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹਨ ਅਤੇ ਜਿਵੇਂ ਗੁਰਦਾਸਪੁਰ ਲੋਕ ਸਭਾ ਦੀ ਜ਼ਿਮਨੀ ਚੋਣ ਵਿੱਚ ਅਕਾਲੀ-ਭਾਜਪਾ ਗਠਜੋੜ ਨੂੰ ਕਰਾਰੀ ਹਾਰ ਮਿਲੀ ਸੀ, ਉਸੇ ਤਰਾਂ ਕਾਰਪੋਰੇਸ਼ਨ ਚੋਣਾਂ ਵਿੱਚ ਵੀ ਲੋਕ ਅਕਾਲੀ-ਭਾਜਪਾ ਗਠਜੋੜ ਨੂੰ ਨਕਾਰ ਕੇ ਕਾਂਗਰਸ ਪਾਰਟੀ ਨੂੰ ਸ਼ਾਨਦਾਰ ਢੰਗ ਨਾਲ ਜਿਤਾਉਣਗੇ। ਉਹਨਾਂ ਕਿਹਾ ਕਿ ਸਰਕਾਰ ਸੂਬੇ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਆਪਣੇ ਕਾਰਜਕਾਲ ਦੌਰਾਨ ਸੂਬੇ ਦਾ ਵਿਕਾਸ ਕਰਨ ਦੇ ਨਾਲ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰਨਗੇ।

# ਮੈਲਬੌਰਨ ਵਿਖੇ ਗਾਇਕ ਜੱਗੀ ਜਗਜੀਤ ਨੇ ਲੁੱਟਿਆ ਸਭਿਆਚਾਰਕ ਮੇਲਾ

ਜ਼ੀਰਾ ਪ੍ਰੋਡਕਸ਼ਨ ਦੇ ਸੁਰਿੰਦਰ ਥਿੰਦ, ਸੁਖਰਾਜ ਜ਼ੀਰਾ, ਦੀਪ ਭੱਟੀ, ਸੁਖਦੇਵ ਸੁੱਖਾ ਅਤੇ ਹੋਰ ਸਾਥੀਆਂ ਵਲੋਂ ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਵਿਖੇ ਸਭਿਆਚਾਰਕ ਮੇਲਾ ਕਰਵਾਇਆ ਗਿਆ।



ਇਸ ਮੇਲੇ ਵਿਚ ਨੌਜਵਾਨ ਗਾਇਕ ਜੱਗੀ ਜਗਜੀਤ ਨੇ ਆਪਣੀ ਦਮਦਾਰ ਪੇਸ਼ਕਾਰੀ ਕਰਦਿਆਂ ਸਭਿਆਚਾਰਕ ਗੀਤ ਗਾ ਕੇ ਮੇਲੇ ਵਿਚ ਹਾਜ਼ਰੀਨ ਦੇ ਦਿਲ ਲੁੱਟ ਲਏ। ਇਸ ਮੇਲੇ ਵਿਚ ਗਾਇਕਾ ਰੁਪਿੰਦਰ ਹਾਂਡਾ, ਪ੍ਰਭ ਗਿੱਲ, ਜਗਤਾਰ ਬਰਾੜ ਸਮੇਤ ਕਈ ਹੋਰ ਕਲਾਕਾਰਾਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰੀਆਂ। ਗਾਇਕ ਜੱਗੀ ਜਗਜੀਤ ਦਾ ਹਿੱਟ ਗੀਤ, ਮੁੱਠੀ ਲੂਣ , ਤੇਰਾ ਗੁੱਸੇ ਹੋ ਕੇ ਨਹੀਂਓ ਸਰਨਾ, ਸ਼ਹੀਦ ਊਧਮ ਸਿੰਘ, ਮਿਰਜ਼ਾ, ਨਿਸ਼ਾਨੀ ਅਤੇ ਹੋਰ ਕਈ ਲੋਕ ਤੱਥ ਗੀਤਾਂ ਨੇ ਮੈਲਬੌਰਨ ਸ਼ਹਿਰ ਵਿਚ ਧਮਾਲ ਪਾ ਦਿੱਤੀ। ਗਾਇਕ ਜੱਗੀ ਜਗਜੀਤ ਨੇ ਪ੍ਰੋਗਰਾਮ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇੰਨ੍ਹਾਂ ਗੀਤਾਂ ਦੇ ਰਚੇਤਾ ਪੰਜਾਬ ਦੇ ਸਿਰਮੌਰ ਗੀਤਕਾਰ ਮੰਗਲ ਹਠੂਰ ਹਨ, ਜਿੰਨ੍ਹਾਂ ਦੀ ਪ੍ਰੇਰਨਾ ਨਾਲ ਉਹ ਅੱਜ ਕਾਮਯਾਬੀ ਦੀ ਮੰਜ਼ਿਲ ਪ੍ਰਾਪਤ ਕਰ ਰਿਹਾ ਹੈ।

# ਚੰਗੇ ਸਮਾਜ ਦੀ ਸਿਰਜਣਾ ਲਈ ਸਹਿਣਸ਼ੀਲਤਾ ਦਾ ਮਹੱਤਵ

**ਮੋਗਾ–** ਅੱਜ ਵੀ ਇੱਕ ਖੇਤਰ ਦੇ ਲੋਕਾਂ ਤੋਂ ਦੂਜੇ ਖੇਤਰ ਦੇ ਲੋਕਾਂ ਵਿਚ, ਇੱਕ ਧਰਮ ਦੇ ਲੋਕਾਂ 'ਚ ਦੂਜੇ ਧਰਮ ਪ੍ਰਤੀ, ਇੱਕ ਦੂਜੇ ਦੇ ਜਾਤ ਪ੍ਰਤੀ ਠੰਢੀ ਜਿਹੀ ਨਫਰਤ, ਡਰ ਅਤੇ ਅਸੁਰੱਖਿਅਤ ਦੀ ਭਾਵਨਾ ਉਸਰਦੀ ਢਲਦੀ ਹੈ ਅਤੇ ਇਹ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਜਦੋਂ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਲੋਕਾਂ ਵਿਚ ਸਹਿਣਸ਼ੀਲਤਾ ਦੀ ਘਾਟ ਝਲਕਦੀ ਹੈ ਅਤੇ ਇਸੇ ਕਰਕੇ ਤਲਖੀ ਵਾਲੇ ਮਹੌਲ ਬਣਦੇ ਹਨ। ਗੁੱਸੇ ਨੂੰ ਕਾਬੂ ਵਿਚ ਰੱਖ ਕੇ ਸਹਿਣਸ਼ੀਲਤਾ ਅਪਨਾਉਣੀ ਚਾਹੀਦੀ ਹੈ। ਇਸ ਕੌਮਾਂਤਰੀ ਸਹਿਣਸ਼ੀਲਤਾ ਦਿਵਸ ਤੇ ਇਲਾਕੇ ਦੀਆਂ ਵੱਚ ਵੱਖ ਸ਼ਖਸੀਅਤਾਂ ਦੇ ਵਿਚਾਰ ਚਰਚਾ ਵਿਚ ਪੇਸ਼ ਹਨ।







**ਮਾਸਟਰ ਨਰਿੰਦਰ ਸਿੰਘ ਲੋਹਾਮ** ਦਾ ਕਹਿਣਾ ਹੈ ਕਿ ਧੋਖੇਬਾਜਾਂ ਤੋਂ ਸਦਾ ਹੀ ਬਚਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਚਾਲ ਵਿਚ ਕਦੇ ਵੀ ਫਸਣਾ ਨਹੀਂ ਇਹ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ। ਸਰਬ ਧਰਮ ਸੰਮੇਲਨ ਸਮਾਜ ਵਿਚ ਆਪਸੀ ਭਾਈਚਾਰਾ ਅਤੇ ਸ਼ਾਂਤੀ ਬਣਾਈ ਰੱਖਣ ਵਿਚ ਬਹੁਤ ਵਧੀਆ ਰੋਲ ਅਦਾ ਕਰ ਰਹੇ ਹਨ। ਖੂਨ ਇੱਕ ਹੈ ਫਿਰ ਇਹ ਵੰਡੀਆਂ ਕਿਸ ਵਾਸਤੇ। ਕਦੇ ਵੀ ਇਲਾਕੇ, ਖੇਤਰਵਾਦ, ਜਾਤ ਅਤੇ ਧਰਮ ਦੇ ਮੁੱਦੇ ਤੇ ਨਹੀਂ ਲੜ੍ਹਨਾ ਚਾਹੀਦਾ। ਮਨਾਂ ਵਿਚ ਸਹਿਣਸ਼ੀਲਤਾ ਸਿਰਜਕੇ ਸਰਬੱਤ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ।

**ਸ਼ਮਸ਼ੇਰ ਸਿੰਘ ਕੋਟ ਈਸੇ ਖਾਂ** ਦਾ ਕਹਿਣਾ ਹੈ ਕਿ ਆਮ ਦੇਖਦੇ ਹਾਂ ਕਿ ਕਈਆਂ ਨੂੰ ਛੋਟੀ ਜਿਹੀ ਗੱਲ ਤੇ ਗੁੱਸਾ ਆ ਜਾਂਦਾ ਹੈ ਤੇ ਫਿਰ ਪਾਰਾ ਇੱਕਦਮ ਚੜ੍ਹ ਜਾਂਦਾ ਹੈ। ਬੋਲ ਕੁਬੋਲ ਅਤੇ ਫਿਰ ਹੱਥੋਪਾਈ ਡਾਗੋ ਸੂਟੀ ਹੋ ਜਾਂਦੇ ਹਨ। ਸਭ ਕੁੱਝ ਆਪੇ ਤੋਂ ਬਾਹਰ ਹੋ ਜਾਂਦਾ ਹੈ। ਕਿਸੇ ਦੇ ਸੱਟਾਂਫੇਟਾਂ ਲੱਗ ਜਾਂਦੀਆਂ ਹਨ। ਜ਼ਖਮੀਆਂ ਨੂੰ ਹਸਪਤਾਲਾਂ ਵਿਚ ਭਰਤੀ ਕਰਵਾਇਆ ਜਾਂਦਾ ਹੈ। ਪਰਚੇ ਦਰਜ਼ ਹੁੰਦੇ ਹਨ ਅਤੇ ਕਾਨੂੰਨੀ ਪ੍ਰਕਿਰਿਆ ਚੱਲ ਪੈਂਦੀ ਹੈ। ਬੰਦਾ ਉਲਝਕੇ ਰਹਿ ਜਾਂਦਾ ਹੈ ਅਤੇ ਪੁੱਠੇ ਕੰਮਾਂ ਲਈ ਤੁਰਿਆ ਫਿਰਦਾ ਰਹਿੰਦਾ ਹੈ। ਇਹ ਚੰਗੀ ਗੱਲ ਨਹੀਂ। ਸਾਨੂੰ ਆਪਣੇ ਪੈਰਾਂ ਤੇ ਆਪ ਕੁਹਾੜੀ ਨਹੀਂ ਮਾਰਨੀ ਚਾਹੀਦੀ।

**ਲੈਕਚਰਾਰ ਤਰਸੇਮ ਸਿੰਘ ਬਰਾੜ** ਦਾ ਕਹਿਣਾ ਹੈ ਕਿ ਬਹੁਤੇ ਕੇਸਾਂ ਵਿਚ ਜਿਦਬਾਜੀ ਕਾਰਨ ਘਰੇਲੂ ਝਗੜੇ ਹੋ ਜਾਂਦੇ ਹਨ ਅਤੇ ਹੱਥੋਪਾਈ ਤੱਕ ਚਲੇ ਜਾਂਦੇ ਹਨ। ਸੱਟਾਂਫੇਟਾਂ ਖਾ ਕੇ ਲੋਕ ਹਸਪਤਾਲਾਂ ਵਿਚ ਦਾਖਲ ਹੋ ਜਾਂਦੇ ਹਨ ਅਤੇ ਦੂਜੀ ਧਿਰ ਤੇ ਪਰਚਾ ਦਰਜ ਕਰਾਉਂਦੇ ਹਨ। ਇਸ ਤਰ੍ਹਾਂ ਦੋਹਾਂ ਧਿਰਾਂ ਵਿਚ ਦੂਰੀ ਵਧਦੀ ਜਾਂਦੀ ਹੈ ਜਦੋਂ ਕਿ ਇਹ ਘਟਣੀ ਚਾਹੀਦੀ ਹੈ। ਸਮਾਜ ਵਿਚ ਸਭ ਨੂੰ ਸਹਿਣਸ਼ੀਲਤਾ ਮਨਾਂ ਵਿਚ ਬਣਾਈ ਰੱਖਣੀ ਚਾਹੀਦੀ ਹੈ ਅਤੇ ਸਦਾ ਹੀ ਪਿਆਰ ਮੁਹੱਬਤ ਦਾ ਆਸਰਾ ਲਿਆ ਜਾਵੇ। ਚੰਗੇ ਸਮਾਜ ਨੂੰ ਤਿਆਰ ਕਰਨ ਲਈ ਖੁਦ ਨੂੰ ਚੰਗੇ ਬਣਨਾ ਪੈਣਾ ਹੈ।

**ਚਰਨਜੀਤ ਸਿੰਘ ਡਾਲਾ** ਦਾ ਕਹਿਣਾ ਹੈ ਕਿ ਸਮਾਜ ਵਿੱਚੋਂ ਪਿਆਰ, ਸਨੇਹ ਅਤੇ ਨਿਮਰਤਾ ਸ਼ਬਦਾਂ ਦੀ ਘਾਟ ਝਲਕਦੀ ਹੈ ਅਤੇ ਦਿਨੋਂ ਦਿਨ ਤਲਖੀ ਵਾਲਾ ਮਹੌਲ ਉਸਰ ਰਿਹਾ ਹੈ। ਮਾਡਰਨ ਜ਼ਮਾਨੇ ਨੇ ਕਿਸ ਕਦਰ ਸਮਾਜ ਨੂੰ ਖੜ੍ਹਾ ਕਰ ਦਿੱਤਾ। ਲੋਕ ਕੀ ਦੇ ਕੀ ਬਣ ਗਏ? ਪਰ ਇਹ ਸਾਡੀ ਸੰਸਕ੍ਰਿਤੀ ਤਾਂ ਅਜਿਹੀ ਨਹੀਂ ਸੀ।

ਇਸ ਤਬਦੀਲੀ ਨੇ ਸਭ ਰੋਲ ਦਿੱਤਾ। ਦੇਸ਼ ਵਿਚ ਡਾਗਾਂ, ਸੋਟੇ, ਕਿਰਪਾਨਾ, ਕਟਾਰਾਂ ਅਤੇ ਖੰਜਰਾਂ ਨਾਲ ਲੋਕਾਂ ਦਾ ਘਾਣ ਹੁੰਦੇ ਸੁਣਿਆ ਦੇਖਿਆ ਪੜ੍ਹਿਆ ਹੈ। ਘਟ ਰਹੀ ਸਹਿਣਸ਼ੀਲਤਾ ਅਤੇ ਅਨਪੜ੍ਹਤਾ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਿਸ ਨੂੰ ਦੇਖ ਕੇ ਮਨ ਦੁਖੀ ਹੁੰਦਾ ਹੈ। ਸਹਿਣਸ਼ੀਲਤਾ ਦੇ ਧਾਰਨੀ ਬਣੀਏ ਅਤੇ ਸਮਾਜ ਨੂੰ ਸੁਰੱਖਿਅਤ ਰੱਖੀਏ।

**ਲੇਖਕ ਜਸਪਾਲ ਸਿੰਘ ਲੋਹਾਮ** ਦਾ ਕਹਿਣਾ ਹੈ ਕਿ ਘਰਾਂ, ਮੁਹੱਲਿਆਂ ਅਤੇ ਇਲਾਕੇ ਵਿਚ ਹੋਈ ਵਾਧ ਘਾਟ ਨੂੰ ਮਿਲ ਬੈਠ ਕੇ ਹੱਲ ਕਰ ਲੈਣਾ ਚਾਹੀਦਾ ਹੈ।

ਪੰਚਾਇਤੀ ਪੱਧਰ ਤੋਂ ਗੱਲ ਅੱਗੇ ਨਹੀਂ ਨਿੱਕਲਣੀ ਚਾਹੀਦੀ ਇਥੇ ਹੀ ਨਿਬੇੜਾ ਕਰ ਲੈਣਾ ਚਾਹੀਦਾ ਹੈ। ਆਪਣੇ ਮਨਾਂ ਵਿਚ ਬੈਠੀ ਮੈਂ ਦਾ ਖਾਤਮਾ ਕਰਨਾ ਅਤੀ ਜਰੂਰੀ ਹੈ। ਇਸਨੇ ਬਹੁਤ ਸਾਰੇ ਲੋਕਾਂ ਦੇ ਘਰਾਂ ਦਾ ਘਾਣ ਕੀਤਾ ਹੈ। ਲੜਾਈ ਝਗੜੇ ਵਿਚ ਸਮਾਂ, ਅਸ਼ਾਂਤੀ ਅਤੇ ਧਨ ਬਰਬਾਦੀ ਹੁੰਦੀ ਹੈ।

ਹਮੇਸ਼ਾ ਹੀ ਸਹਿਣਸ਼ੀਲਤਾ 'ਚ ਰਹਿਣਾ ਚਾਹੀਦਾ ਹੈ ਕਦੀ ਵੀ ਆਪੇ ਤੋਂ ਬਾਹਰ ਨਾ ਹੋਓ। ਮਨ ਸਥਿਰ ਰੱਖੋ। ਲੋੜ ਪੈਣ ਤੇ ਸਿਆਣੇ ਬੰਦੇ ਦੀ ਸਲਾਹ ਵੀ ਲੈ ਲੈਣੀ ਚਾਹੀਦੀ ਹੈ।

**– ਡਾ ਬਲਰਾਜ ਸਿੰਘ**

# ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਯਾਦ 'ਚ ਹੋਇਆ ਸਮਾਗਮ




**ਜਲੰਧਰ–** ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ (ਤਿੰਨੇ ਪਿੰਡ ਗਿੱਲਵਾਲੀ, ਅੰਮ੍ਰਿਤਸਰ), ਹਰਨਾਮ ਸਿੰਘ ਸਿਆਲਕੋਟੀ ਜੋ ਕਿ 16 ਨਵੰਬਰ 1915 ਨੂੰ ਲਾਹੌਰ ਕੇਂਦਰੀ ਜੇਲ੍ਹ ਫਾਂਸੀ ਦੇ ਫੰਦੇ 'ਤੇ ਲਟਕਾਏ ਗਏ ਅਤੇ ਬਰ੍ਹਮਾ ਸਾਜ਼ਸ਼ ਕੇਸ ਦੇ 6 ਸ਼ਹੀਦਾਂ ਹਰਨਾਮ ਸਿੰਘ ਸਾਹਰੀ (ਹੁਸ਼ਿਆਰਪੁਰ), ਨਰਾਇਣ ਸਿੰਘ ਬੱਲੋਂ (ਪਟਿਆਲਾ), ਚਾਲੀਆ ਰਾਮ ਸਾਹਨੇਵਾਲ (ਲੁਧਿਆਣਾ), ਵਿਸਾਖਾ ਸਿੰਘ ਬਾੜਾ (ਹੁਸ਼ਿਆਰਪੁਰ), ਨਿਰੰਜਣ ਸਿੰਘ ਸੰਗਤਪੁਰਾ, ਪਾਲਾ ਸਿੰਘ ਸ਼ੇਰਪੁਰ (ਲੁਧਿਆਣਾ) ਦੀ ਯਾਦ 'ਚ ਸ਼ਰਧਾਂਜ਼ਲੀ ਸਮਾਗਮ ਕੀਤਾ ਗਿਆ ਅਤੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫ਼ਲਤਾ 'ਤੇ ਮੁਬਾਰਕਵਾਦ ਦਿੰਦਿਆਂ ਅੱਗੇ ਤੋਂ ਮੇਲੇ ਨੂੰ ਹਰ ਪੱਖੋਂ ਹੋਰ ਵੀ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਪੜਚੋਲਵੀਂ ਨਜ਼ਰ ਨਾਲ ਮੋੜਵੀਂ ਝਾਤ ਮਾਰੀ ਗਈ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ, ਸੁਰਿੰਦਰ ਕੁਮਾਰੀ ਕੋਛੜ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਹਰਵਿੰਦਰ ਭੰਡਾਲ, ਰਣਜੀਤ ਸਿੰਘ ਔਲਖ, ਸੀਤਲ ਸਿੰਘ ਸੰਘਾ, ਬਲਵੀਰ ਕੌਰ ਬੁੰਡਾਲਾ, ਕੁਲਬੀਰ ਸਿੰਘ ਸੰਘੇੜਾ, ਮਨਜੀਤ ਸਿੰਘ ਤੇ ਚਰੰਜੀ ਲਾਲ ਕੰਗਣੀਵਾਲ ਤੋਂ ਇਲਾਵਾ ਪ੍ਰੋ. ਗੋਪਾਲ ਸਿੰਘ ਬੁੱਟਰ, ਡਾ. ਸੈਲੇਸ਼, ਸੁਮਨ ਲਤਾ, ਡਾ. ਹਰਜਿੰਦਰ ਸਿੰਘ ਅਟਵਾਲ ਆਦਿ ਨੇ ਸ਼ਹੀਦਾਂ ਨੂੰ ਨਮਸਤਕ ਹੁੰਦਿਆਂ ਤਿੰਨ ਰੋਜ਼ਾ ਮੇਲੇ ਦੇ ਅਨੇਕਾਂ ਪੱਖਾਂ ਉਪਰ ਚਰਚਾ ਕੀਤੀ।

ਸਮੂਹ ਬੁਲਾਰਿਆਂ ਨੇ ਅਮਰ ਸ਼ਹੀਦਾਂ ਦੇ ਅਧੂਰੇ ਕਾਰਜ ਨੇਪਰੇ ਚਾੜ੍ਹਨ ਲਈ ਉਨ੍ਹਾਂ ਵਰਗੀ ਭਾਵਨਾ ਨਾਲ ਪੜ੍ਹਨ, ਵਿਚਾਰਨ, ਅਧਿਐਨ ਕਰਨ ਅਤੇ ਲੋਕ ਸੰਗਰਾਮ ਦੇ ਖੇਤਰ ਡੱਟਵਾਂ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

# ਨਨਜ਼ ਨਾਲ ਜ਼ਬਰ ਜਨਾਹ ਕਰਨ ਵਾਲੇ ਨੂੰ ਉਮਰ ਕੈਦ

ਪੱਛਮੀ ਬੰਗਾਲ ਨਾਦੀਆ ਜ਼ਿਲੇ ਦੇ ਰਾਣਾਘਾਟ 'ਚ 72 ਸਾਲਾ ਨਨ ਨਾਲ 2015 'ਚ ਹੋਏ ਜ਼ਬਰ ਜਨਾਹ ਤੇ ਕਾਨਵੈਂਟ ਸਕੂਲ 'ਚ ਹੋਈ ਡਕੈਤੀ ਦੇ ਮਾਮਲੇ 'ਚ ਅਦਾਲਤ ਨੇ ਛੇ ਦੋਸ਼ੀਆਂ ਲਈ ਸਜ਼ਾ ਦਾ ਐਲਾਨ ਕਰ ਦਿੱਤਾ ਹੈ। ਨਨ ਨਾਲ ਜ਼ਬਰ ਜਨਾਹ ਮਾਮਲੇ 'ਤ ਸ਼ੇਖ ਨਜਰੁੱਲ ਇਸਲਾਮ ਉਰਫ ਨਜੂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਾਲ ਹੀ 50 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਗਿਆ ਹੈ। ਦੂਜੇ ਪਾਸੇ ਡਕੈਤੀ ਦੇ ਮਾਮਲੇ 'ਚ ਮਿਲਨ ਕੁਮਾਰ ਸਰਕਾਰ, ਓਹਿਦੂਲ ਇਸਲਾਮ, ਮੁਹੰਮਦ ਸਲੀਮ ਤੇ ਖਾਲਿਦੂਰ ਰਹਿਮਾਨ ਨੂੰ 10-10 ਸਾਲ ਬਾਮੁਸ਼ੱਕਤ ਕੈਦ ਤੇ 20-20 ਹਜ਼ਾਰ ਰੁਪਏ ਜੁਰਮਾਨਾ ਲਾਇਆ ਗਿਆ ਹੈ।

ਜੁਰਮਾਨਾ ਨਾ ਭਰਨ ਦੀ ਸੂਰਤ ਵਿੱਚ ਢਾਈ ਸਾਲ ਵਾਧੂ ਕੈਦ ਦੀ ਸਜ਼ਾ ਭੁਗਤਣੀ ਪਵੇਗੀ। ਇਸ ਦੇ ਨਾਲ ਹੀ ਅਪਰਾਧੀਆਂ ਦੀ ਮਦਦ ਕਰਨ ਤੇ ਗੋਪਾਲ ਸਰਕਾਰ ਨੂੰ ਸੱਤ ਸਾਲ ਬਾਮੁਸ਼ੱਕਤ ਕੈਦ ਤੇ 10 ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਜੁਰਮਾਨਾ ਨਾ ਭਰਨ ਤੇ ਡੇਢ ਸਾਲ ਦੀ ਵਾਧੂ ਕੈਦ ਭੁਗਤਣੀ ਪਵੇਗੀ। ਇਸ ਕਾਂਡ ਦਾ ਇੱਕ ਮੁਖ ਦੋਸ਼ੀ ਅਜੇ ਵੀ ਫਰਾਰ ਹੈ ਤੇ ਅਨੁਮਾਨ ਹੈ ਕਿ ਉਹ ਬੰਗਲਾ ਦੇਸ਼ 'ਚ ਹੈ। ਸਿਟੀ ਸੈਸ਼ਨ ਕੋਰਟ ਦੀ ਜੱਜ ਕੁਮਕੁਮ ਸਿਨਹਾ ਨੇ ਸਜ਼ਾ ਸੁਣਾਉਂਦਿਆਂ ਕਿਹਾ ਕਿ ਖੁਦ ਭਗਵਾਨ ਯਿਸੂ ਵੀ ਇਨ੍ਹਾਂ ਲੋਕਾਂ ਦੇ ਅਪਰਾਧ ਲਈ ਮਾਫੀ ਨਹੀਂ ਦੇ ਸਕਦੇ। ਇਹ ਨਾਮਾਫੀ ਯੋਗ ਅਪਰਾਧ ਹੈ। ਜ਼ਿਲੇ ਦੇ ਰਾਣਾਘਾਟ ਸਥਿਤ ਇੱਕ ਕਾਨਵੈਂਟ ਸਕੂਲ 'ਚ ਸੱਤ ਡਕੈਤਾਂ ਨੇ ਧਾਵਾ ਬੋਲਿਆ ਤੇ ਸੁਰੱਖਿਆ ਗਾਰਡਨੂੰ ਬਨ੍ਹ ਕੇ ਡਾਕਾ ਮਾਰਿਆ। ਉਸੇ ਦੌਰਾਨ ਸਕੂਲ 'ਚ ਮੌਜੂਦ 72 ਸਾਲਾ ਨਾਨ ਨਾਲ ਜ਼ਬਰ ਜਨਾਹ ਵੀ ਕੀਤਾ ਗਿਆ ਸੀ।

# ਪੰਜਾਬ ਭਵਨ ਵਿੱਚ ਸ਼ਹੀਦ ਸਰਾਭਾ ਦੀ ਯਾਦ ਵਿੱਚ ਸਮਾਗਮ

**ਸਰੀ–** ਸ਼ਹੀਦ ਕੌਮ ਦਾ ਸਰਮਾ[A]ਆ ਹੁੰਦੇ ਹਨ। ਕਰਤਾਰ ਸਿੰਘ ਸਰਾਭਾ [A]ਕ ਐਸਾ ਅਦੁੱਤੀ ਯੋਧਾ ਸੀ ਜਿਸਨੇ ਸਿਰਫ 19 ਸਾਲ ਦੀ ਗਭਰੇਟ ੁਮਰ ਵਿੱਚ ਦੇਸ਼ ਲ[A] ਸ਼ਹਾਦਤ ਦਾ ਜਾਮ ਪੀਤਾ। ੁਹਨਾਂ ਦੇ 102 ਵੇ ਸ਼ਹੀਦੀ ਦਿਵਸ ਤੇ ਵੈਨਕੂਵਰ ਵਿਚਾਰ ਮੰਚ ਅਤੇ ਕਾਮਾਗਾਟਾਮਾਰੂ ਫਾ ੁਡੇਸ਼ਨ ਵੱਲੋ ਪੰਜਾਬ ਭਵਨ ਸਰੀ ਕਨੇਡਾ ਨਜ਼ਦੀਕ ਸੁੱਖੀ ਬਾਠ ਮੋਟਰਜ਼ ਵਿੱਚ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗ[A]।



ਲੇਖਕ ਮੋਹਨ ਗਿੱਲ ਦੇ ਸੰਚਾਲਨ ਹੇਠ ਹੋਰੇ [A]ਸ ਪੋ ਗਰਾਮ ਵਿੱਚ ਪਟਿਆਲਾ ਪੰਜਾਬ ਤੋ ਫਿਲਮ ਲੇਖਕ ਗੁਰਪਰੀਤ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋ[A] ਅਤੇ ਸ਼ਹੀਦ ਸਰਾਭਾ ਤੇ ਬਣਾ[A] ਜਾ ਰਹੀ ਆਪਣੀ ਫਿਲਮ ਅਤੇ ਸ਼ਹੀਦ ਦੇ ਜੀਵਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਕਵਿੰਦਰ ਚਾਂਦ ,ਹਰੰਭਜਨ ਗਿੱਲ ,ਖੁਸ਼ਹਾਲ ਗਲੋਟੀ ,ਨਛੱਤਰ ਬਰਾੜ, ਅਮਰੀਕ ਪਲਾਹੀ, [A]ਦਰਜੀਤ ਧਾਮੀ, ਕੁਲਵਿੰਦਰ ਸ਼ੇਰਗਿਲ, ਹਰਦਮ ਮਾਨ ,ਅੰਗਰੇਜ਼ ਬਰਾੜ, ਹਰਮੀਤ, ਸੁਖਵਿੰਦਰ ਚੋਹਲਾ, ਅਲਮਸਤ ਦੇਸਰ ਪੁਰੀ, ਜੀਵਨ ਰਾਨਪੁਰੀ, ਜਰਨੈਲ ਸਿੰਘ ਆਰਟਿਸਟ ਆਦਿ ਅਤੇ ਹਾਜ਼ਰ ਕਵੀਆਂ ਨੇ ਆਪੋ ਆਪਣੇ ਸ਼ਬਦਾਂ ਅਤੇ ਕਵਿਤਾਵਾਂ ਨਾਲ ਸ਼ਰਧਾ ਦੇ ਫੁੱਲ ਭੇਂਟ ਕੀਤੇ।

# ਪਿੰਡ ਕਰਨਾਣਾ ਦਾ ਗੁਰਪ੍ਰੀਤ ਲਾਖਾ ਬਣਿਆ ਪਾਵਰ ਲਿਫਟਿੰਗ ਦਾ ਵਿਸ਼ਵ ਚੈਂਪੀਅਨ

**ਬੰਗਾ–** ਵਰਲਡ ਪਾਵਰ ਲਿਫਟਿੰਗ ਯੂਨੀਅਨ ਵਲੋਂ ਵਿਸ਼ਵ ਪਾਵਰ ਲਿਫਟਿੰਗ ਚੈਂਪੀਅਨਸ਼ਿਪ 2017 ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਕਰਵਾਈ ਗਈ। ਜਿਸ ਵਿੱਚ ਪਿੰਡ ਕਰਨਾਣਾ ਦੇ ਗੁਰਪ੍ਰੀਤ ਲਾਖਾ ਨੇ 60 ਕਿਲੋਗ੍ਰਾਮ ਭਾਰ ਵਰਗ ਵਿੱਚ ਭਾਗ ਲੈ ਕੇ ਗੋਲਡ ਮੈਡਲ ਜਿੱਤ ਕੇ ਚੈਂਪੀਅਨ ਦਾ ਖਿਤਾਬ ਹਾਸਿਲ ਕੀਤਾ। ਇਸ ਚੈਂਪੀਅਨਸ਼ਿਪ ਵਿੱਚ ਉਸਨੇ ਤਿੰਨ ਸ਼੍ਰੇਣੀਆਂ ਵਿੱਚ ਕੁੱਲ 445 ਕਿਲੋਗ੍ਰਾਮ ਭਾਰ ਚੁੱਕ ਕੇ ਭਾਰਤ ਦੀ ਝੋਲੀ ਵਿੱਚ ਸੋਨੇ ਦਾ ਤਮਗਾ ਪਾਇਆ। ਜ਼ਿਕਰਯੋਗ ਹੈ ਕਿ ਇਸ ਚੈਂਪੀਅਨਸ਼ਿਪ ਵਿੱਚ ਅਮਰੀਕਾ, ਯੂ.ਕੇ., ਜਰਮਨ, ਫਰਾਂਸ, ਸਪੇਨ, ਰਸ਼ੀਅਨ ਫੈਡਰੇਸ਼ਨ, ਸਾਊਥ ਅਫਰੀਕਾ ਅਤੇ ਇਰਾਨ ਵਰਗੇ ਦੇਸ਼ ਸ਼ਾਮਲ ਸਨ। ਪਿੰਡ ਕਰਨਾਣਾ ਦੀ ਡਾ.ਬੀ.ਆਰ.ਅੰਬੇਦਕਰ ਲਾਇਬਰੇਰੀ ਵਿੱਚ ਹੋਏ ਸਨਮਾਨ ਸਮਾਰੋਹ ਵਿੱਚ ਗੋਲਡ ਮੈਡਲ ਜੇਤੂ ਖਿਡਾਰੀ ਗੁਰਪ੍ਰੀਤ ਲਾਖਾ ਦਾ ਗ੍ਰਾਮ ਪੰਚਾਇਤ ਕਰਨਾਣਾ, ਪਤਵੰਤਿਆਂ ਅਤੇ ਪਿੰਡ ਵਾਸੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਕਰਨਾਣਾ ਦੇ ਸਰਪੰਚ ਲਵਦੀਪ ਕੁਮਾਰ ਨੇ ਗੁਰਪ੍ਰੀਤ ਲਾਖਾ ਦੇ ਸਨਮਾਨ ਸਮਾਰੋਹ ਮੌਕੇ ਕਿਹਾ ਪਿੰਡ ਕਰਨਾਣਾ ਦੇ ਖੇਡ ਖੇਤਰ ਵਿੱਚ ਵਿਲੱਖਣ ਨਾਮ ਹੈ ਕਿਉਂਕਿ ਇਸ ਪਿੰਡ ਦੀ ਇਕਾਈ ਤੋਂ ਸੰਘਰਸ਼ ਕਰਕੇ ਓਲੰਪੀਅਨ ਵੇਟਲਿਫਟਰ ਜਸਵੀਰ ਸਿੰਘ ਨੇ ਪਿੰਡ ਦਾ ਨਾਮ ਰੌਸ਼ਨ ਕੀਤਾ। ਹੁਣ ਗੁਰਪ੍ਰੀਤ ਲਾਖਾ ਪਾਵਰ ਲਿਫਟਿੰਗ ਵਿੱਚ ਵਿਸ਼ਵ ਚੈਂਪੀਅਨਸ਼ਿਪ ਵਿੱਚੋਂ ਗੋਲਡ ਮੈਡਲ ਜਿੱਤ ਕੇ ਪਿੰਡ, ਇਲਾਕੇ, ਪੰਜਾਬ ਅਤੇ ਭਾਰਤ ਦਾ ਮਾਣ ਵਧਾ ਰਿਹਾ ਹੈ।




ਜਿਸ ਦਾ ਗ੍ਰਾਮ ਪੰਚਾਇਤ ਵਲੋਂ ਸਨਮਾਨ ਕਰਦੇ ਹੋਏ ਫਖ਼ਰ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਸਿੱਖ ਨੈਸ਼ਨਲ ਕਾਲਜ ਬੰਗਾ ਵਿੱਚ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀ ਗੁਰਪ੍ਰੀਤ ਨੇ ਦੱਸਿਆ ਕਿ ਇਨ੍ਹਾਂ ਪ੍ਰਾਪਤੀਆਂ ਪਿੱਛੇ ਸਵਰਗੀ ਦਾਦਾ ਜੀ ਹਜ਼ਾਰਾ ਰਾਮ, ਮਾਤਾ ਪਿਤਾ ਰਾਮ ਕਿਸ਼ਨ ਲਾਖਾ ਅਤੇ ਪਰਵੀਨ ਦੇ ਅਸ਼ੀਰਵਾਦ ਅਤੇ ਸਹਿਯੋਗ ਭਰਿਆ ਹੱਥ ਰਿਹਾ ਹੈ।

ਗੁਰਪ੍ਰੀਤ ਨੇ ਮਹੰਤ ਪੂਰਨ ਦਾਸ ਯਾਦਗਾਰੀ ਕਸਰਤ ਘਰ ਮਜਾਰਾ-ਨੌ-ਅਬਾਦ ਦੇ ਕੋਚ ਅਮਰਜੀਤ ਬੱਬੂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਸ ਨੇ ਇਸ ਖੇਡ ਦੀ ਟਰੇਨਿੰਗ ਪੂਰੀ ਲਗਨ ਨਾ.ਲ ਕਰਵਾਈ।

ਇਸ ਵਿਸ਼ਵ ਚੈਂਪੀਅਨਸ਼ਿਪ ਵਿੱਚ ਅਮਰਜੀਤ ਬੱਬੂ ਗੁਣਾਚੌਰ ਨੇ ਵੀ 67 ਕਿਲੋਗ੍ਰਾਮ ਭਾਰ ਵਰਗ ਵਿੱਚ ਕੁਲ 515 ਕਿਲੋਗ੍ਰਾਮ ਭਾਰ ਚੁੱਕ ਕੇ ਚਾਂਦੀ ਦਾ ਮੈਡਲ ਜਿੱਤਿਆ। ਮਾਸਟਰਜ਼ ਸ਼੍ਰੇਣੀ ਵਿੱਚ ਜਸਵੰਤ ਸਿੰਘ ਲੱਧੜ ਵਾਸੀ ਕਰਨਾਣਾ ਨੇ ਵੀ 82 ਕਿਲੋਗ੍ਰਾਮ ਭਾਰ ਵਰਗ ਵਿੱਚ ਕੁੱਲ 450 ਕਿਲੋਗ੍ਰਾਮ ਭਾਰ ਚੁੱਕ ਕੇ ਗੋਡਲ ਮੈਡਲ ਪ੍ਰਾਪਤ ਕੀਤਾ।

ਸਨਮਾਨ ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਸੇਵਾ ਮੁਕਤ ਸੀ.ਈ.ਓ. ਸਿੱਖਿਆ ਵਿਭਾਗ ਲੈਂਬਰ ਰਾਮ ਲਾਖਾ, ਮੈਂਬਰ ਜ਼ਿਲ੍ਹਾ ਪਰੀਸ਼ਦ ਰਕੇਸ਼ ਕੁਮਾਰ, ਪੰਚ ਯੁੱਧਵੀਰ ਸਿੰਘ, ਪੰਚ ਰਾਜ ਕਰਨ, ਰੇਸ਼ਮ ਕਰਨਾਣਵੀ, ਸੁਰਿੰਦਰ ਸਿੰਘ, ਬਲਵੀਰ ਕੁਮਾਰ ਪੰਚ, ਸੁੱਚਾ ਸਿੰਘ ਲਾਖਾ, ਦਿਲਬਰ ਲਾਖਾ, ਮਹਿੰਦਰ ਲਾਖਾ, ਪਰਸ਼ੋਤਮ ਲਾਲ, ਸੋਢੀ ਰਾਮ, ਸੀਤਲ ਦਾਸ ਲਾਖਾ ਸਾਬਕਾ ਪੰਚ ਆਦਿ ਹਾਜ਼ਰ ਸਨ।

# ਪ੍ਰਦੂਸ਼ਣ ਅਤੇ ਸਿਆਸਤ ਦੀ ਭੇਂਟ ਚੜ੍ਹ ਰਹੀ ਸਾਫ ਹਵਾ

**ਪ੍ਰਦੂਸ਼ਨ ਕਾਰਨ ਸਿਰਫ ਦਿੱਲੀ ਹੀ ਪ੍ਰਭਾਵਤ ਨਹੀਂ ਹੈ। ਉਤਰ ਭਾਰਤ ਦੇ ਅਨੇਕਾਂ ਸ਼ਹਿਰਾਂ ਧੂੰਦ ਗੁਬਾਰ ਦਾ ਸ਼ਿਕਾਰ ਹਨ। ਜ਼ਰਾ ਫਰੀਦਾਬਾਦ ਜਾਂ ਗਾਜੀਆਬਾਦ ਦੇ ਨਿਵਾਸੀਆਂ ਦਾ ਵੀ ਹਾਲ ਪੁੱਛ ਲਉ? ਪੰਜਾਬ ਦੇ ਬਹੁਤੇ ਸ਼ਹਿਰ ਸਮੇਤ ਲੁਧਿਆਣਾ, ਜਲੰਧਰ, ਫਗਵਾੜਾ ਇਕ ਦਿਨ ਪਹਿਲਾਂ ਇਸ ਗੁਬਾਰ ਦੀ ਭੇਂਟ ਚੜ੍ਹੇ। ਲੋਕਾਂ ਨੂੰ ਸਾਹ ਲੈਣਾ ਔਖਾ ਹੋਇਆ। ਅੱਖਾਂ ਨੂੰ ਇਸ ਧੂੰਏ ਨੇ ਪ੍ਰਭਾਵਤ ਕੀਤਾ। ਪਾਰਕਾਂ ਵਿਚੋਂ ਬੱਚੇ ਘਰਾਂ 'ਚ ਦੁਬਕ ਕੇ ਬੈਠ ਗਏ। ਪੰਜਾਬ ਦੇ ਸਕੂਲ ਕਈ ਦਿਨ ਬੰਦ ਰਹੇ। ਪਰ ਸਰਕਾਰਾਂ ਵਲੋਂ ਇਸ ਵੱਡੀ ਸਮੱਸਿਆਂ ਦੇ ਹੱਲ ਲਈ ਕੋਈ ਕਾਰਗਰ ਪ੍ਰਬੰਧ ਕਰਨ ਦਾ ਯਤਨ ਹੀ ਨਹੀਂ ਹੋਇਆ। ਸਾਡੀਆਂ ਸਰਕਾਰਾਂ ਦੀ ਪਹਿਲ ਹੀ ਕੁਝ ਹੋਰ ਹੈ। ਸਾਡੇ ਕੋਲ ਸਾਫ ਸੁਥਰੀ ਹਵਾ ਦੇ ਇੰਤਜ਼ਾਮ ਲਈ ਪੈਸਾ ਨਹੀਂ ਹੈ, ਇਵੇਂ ਲੱਗਦਾ ਹੈ ਕਿ ਅਸੀਂ ਆਪਣੇ ਬੱਚਿਆਂ ਦਾ ਭਵਿੱਖ ਗਿਰਵੀ ਰੱਖਣਾ ਚਾਹੁੰਦੇ ਹਾਂ।**



ਗੁਰਮੀਤ ਸਿੰਘ ਪਲਾਹੀ
91-98158-02070

ਮੋਦੀ ਸਰਕਾਰ ਦੇ ਇੱਕ ਮੰਤਰੀ ਜੋ ਕਿ ਖ਼ੁਦ ਇੱਕ ਡਾਕਟਰ ਵੀ ਹੈ, ਉਸਨੇ ਇੱਕ ਅਧਿਕਾਰਤ ਬਿਆਨ ਵਿੱਚ ਵਿੱਚ ਕਿਹਾ ਹੈ ਕਿ ਹਵਾ ਪ੍ਰਦੂਸ਼ਣ ਨੁਕਸਾਨਦੇਹ ਤਾਂ ਹੈ, ਲੇਕਿਨ ਇਹ ਜਾਨਲੇਵਾ ਨਹੀਂ ਹੈ। ਪਰ ਅਸਲੀਅਤ ਇਸ ਤੋਂ ਬਿਲਕੁਲ ਵੱਖਰੀ ਹੈ। ਹਵਾ ਪ੍ਰਦੂਸ਼ਣ ਜਾਨਲੇਵਾ ਹੈ, ਇਸਦੇ ਸਬੂਤ ਉਪਲੱਬਧ ਹਨ। ਸਿਹਤ ਅਤੇ ਪ੍ਰਦੂਸ਼ਣ ਨਾਲ ਸਬੰਧਤ ਲੈਂਸੇਟ ਕਮਿਸ਼ਨ ਦੇ ਅਨੁਸਾਰ, ਹੈਲਥ ਇਫੈਕਟ ਇਨਸਟੀਚੀਊਟ ਇਹ ਗੱਲ ਕਹਿੰਦੀ ਹੈ ਕਿ 2015 ਵਿੱਚ ਦੁਨੀਆ ਦੇ ਦਸ ਸਭ ਤੋਂ ਵੱਡੀ ਅਬਾਦੀ ਵਾਲੇ ਸ਼ਹਿਰਾਂ ਵਿੱਚ ਪ੍ਰਦੂਸ਼ਨ ਕਾਰਨ ਸਭ ਤੋਂ ਵੱਧ ਮੌਤਾਂ ਭਾਰਤ ਅਤੇ ਬੰਗਲਾ ਦੇਸ਼ ਵਿੱਚ ਹੋਈਆਂ ਹਨ। ਲੈਂਸੇਟ ਲੋਕ-ਸਿਹਤ ਉਤੇ ਕੇਂਦਰਤ ਇੱਕ ਪ੍ਰਮੁੱਖ ਮੈਗਜ਼ੀਨ ਹੈ।

ਕੇਂਦਰ ਦੀ ਸਰਕਾਰ ਦੀ ਸਿਆਸੀ ਪ੍ਰਮੁੱਖਤਾ ਇਹਨਾਂ ਦਿਨਾ 'ਚ ਆਧਾਰ ਅਤੇ ਨਕਦੀਵਿਹੀਣ ਅਰਥ ਵਿਵਸਥਾ ਕਾਇਮ ਕਰਨ ਦੀ ਹੈ। ਜ਼ਹਿਰੀਲੀ ਹਵਾ ਨੇ ਉਤਰੀ ਭਾਰਤ ਦੇ ਲੋਕਾਂ ਦਾ ਜੀਊਣਾ ਦੁੱਭਰ ਕੀਤਾ ਹੋਇਆ ਹੈ। ਸਿਆਸੀ ਲੋਕ ਆਪੋ ਆਪਣੀਆਂ ਸਿਆਸੀ ਪਾਰਟੀਆਂ ਲਈ ਲਾਹਾ ਲੈਣ ਲਈ ਨਿੱਤ ਨਵੇਂ ਬਿਆਨ ਦਾਗ ਰਹੇ ਹਨ। ਦਿੱਲੀ ਅਤੇ ਇਸਦੇ ਆਸ ਪਾਸ ਦੇ ਖੇਤਰਾਂ 'ਚ ਛਾਈ ਧੁੰਦ ਸਭ ਨੂੰ ਇੱਕ ਜਿਹਾ ਪ੍ਰਭਾਵਤ ਕਰਦੀ ਹੈ। ਉਹ ਕਿਸੇ ਵੀ ਸਿਆਸੀ ਦਲਾਂ ਦੇ ਸਮਰਥਕਾਂ ਨਾਲ ਭੇਦ-ਭਾਵ ਨਹੀਂ ਕਰਦੀ। ਪਰ ਜੀਵਨ ਅਤੇ ਮੌਤ ਨਾਲ ਜੁੜੇ ਇਸ ਮੁੱਦੇ ਨਾਲ ਸਿੱਝਣ ਲਈ ਰਾਜਨੀਤਕ ਇੱਛਾ ਸ਼ਕਤੀ ਦੀ ਕਮੀ ਦਿਖਾਈ ਦਿੰਦੀ ਹੈ। ਕੋਈ ਵੀ ਸਰਕਾਰ ਇਸ ਜਾਨਲੇਵਾ ਪ੍ਰਦੂਸ਼ਣ ਨਾਲ ਦੋ ਚਾਰ ਹੋਣ ਲਈ ਨਾ ਗੰਭੀਰਤਾ ਵਿਖਾ ਰਹੀ ਹੈ ਅਤੇ ਨਾ ਹੀ ਇਮਾਨਦਾਰੀ ਨਾਲ ਸੋਚ ਰਹੀ ਹੈ। ਧੁੰਦ ਅਤੇ ਪ੍ਰਦੂਸ਼ਿਤ ਹਵਾ ਨੇ ਲੋਕਾਂ ਲਈ ਮੁਸੀਬਤਾਂ ਖੜੀਆਂ ਕੀਤੀਆਂ ਹੋਈਆਂ ਹਨ। ਅਸੀਂ ਸਾਰੇ ਇਸਦਾ ਕਾਰਨ ਵੀ ਜਾਣਦੇ ਹਾਂ ਅਤੇ ਇਹ ਵੀ ਜਾਣਦੇ ਹਾਂ ਕਿ ਇਸ ਤੋਂ ਨਿਜਾਤ ਪਾਉਣ ਲਈ ਕਿਸ ਕਿਸਮ ਦੇ ਕਦਮ ਚੁੱਕਣ ਦੀ ਲੋੜ ਹੈ। ਪਰ ਸਿਆਸੀ ਲੋਕਾਂ ਦੀ ਪ੍ਰਦੂਸ਼ਣ ਬਾਰੇ ਪ੍ਰੀਕਿਰਿਆ ਹੈਰਾਨ ਕਰਨ ਵਾਲੀ ਹੈ। ਪ੍ਰਦੂਸ਼ਨ ਕਾਰਨ ਸਿਰਫ ਦਿੱਲੀ ਹੀ ਪ੍ਰਭਾਵਤ ਨਹੀਂ ਹੈ। ਉਤਰ ਭਾਰਤ ਦੇ ਅਨੇਕਾਂ ਸ਼ਹਿਰਾਂ ਧੂੰਦ ਗੁਬਾਰ ਦਾ ਸ਼ਿਕਾਰ ਹਨ। ਜ਼ਰਾ ਫਰੀਦਾਬਾਦ ਜਾਂ ਗਾਜੀਆਬਾਦ ਦੇ ਨਿਵਾਸੀਆਂ ਦਾ ਵੀ ਹਾਲ ਪੁੱਛ ਲਉ? ਪੰਜਾਬ ਦੇ ਬਹੁਤੇ ਸ਼ਹਿਰ ਸਮੇਤ ਲੁਧਿਆਣਾ, ਜਲੰਧਰ, ਫਗਵਾੜਾ ਇਕ ਦਿਨ ਪਹਿਲਾਂ ਇਸ ਗੁਬਾਰ ਦੀ ਭੇਂਟ ਚੜ੍ਹੇ। ਲੋਕਾਂ ਨੂੰ ਸਾਹ ਲੈਣਾ ਔਖਾ ਹੋਇਆ। ਅੱਖਾਂ ਨੂੰ ਇਸ ਧੂੰਏ ਨੇ ਪ੍ਰਭਾਵਤ ਕੀਤਾ। ਪਾਰਕਾਂ ਵਿਚੋਂ ਬੱਚੇ ਘਰਾਂ 'ਚ ਦੁਬਕ ਕੇ ਬੈਠ ਗਏ। ਪੰਜਾਬ ਦੇ ਸਕੂਲ ਕਈ ਦਿਨ ਬੰਦ ਰਹੇ। ਪਰ ਸਰਕਾਰਾਂ ਵਲੋਂ ਇਸ ਵੱਡੀ ਸਮੱਸਿਆਂ ਦੇ ਹੱਲ ਲਈ ਕੋਈ ਕਾਰਗਰ ਪ੍ਰਬੰਧ ਕਰਨ ਦਾ ਯਤਨ ਹੀ ਨਹੀਂ ਹੋਇਆ। ਸਾਡੀਆਂ ਸਰਕਾਰਾਂ ਦੀ ਪਹਿਲ ਹੀ ਕੁਝ ਹੋਰ ਹੈ। ਸਾਡੇ ਕੋਲ ਸਾਫ ਸੁਥਰੀ ਹਵਾ ਦੇ ਇੰਤਜ਼ਾਮ ਲਈ ਪੈਸਾ ਨਹੀਂ ਹੈ, ਇਵੇਂ ਲੱਗਦਾ ਹੈ ਕਿ ਅਸੀਂ ਆਪਣੇ ਬੱਚਿਆਂ ਦਾ ਭਵਿੱਖ ਗਿਰਵੀ ਰੱਖਣਾ ਚਾਹੁੰਦੇ ਹਾਂ। ਇਹੋ ਜਿਹੀ ਗੰਭੀਰ ਪ੍ਰਦੂਸ਼ਤ ਸਥਿਤੀ ਵਿੱਚ ਦਿਲਚਸਪ ਗੱਲ ਇਹ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਚੁੱਪ ਹੈ। ਇਸ ਧੁੰਦ ਗੁਬਾਰ ਤੋਂ ਪ੍ਰਭਾਵਿਤ ਰਾਜ ਦਿੱਲੀ, ਪੰਜਾਬ ਹਰਿਆਣਾ ਇੱਕ ਦੂਜੇ ਉਤੇ ਇਲਜ਼ਾਮ ਲਗਾ ਰਹੇ ਹਨ। ਉਤਰ ਪ੍ਰਦੇਸ਼ ਅਤੇ ਰਾਜਸਥਾਨ ਵੀ ਇਸ ਸਮੱਸਿਆ ਤੋਂ ਪ੍ਰਭਾਵਤ ਹਨ ਪਰ ਇਹ ਰਾਜ ਹਾਲੇ ਇਸ ਟਕਰਾਅ ਤੋਂ ਅੱਲਗ ਹਨ। ਇੱਕ ਦੂਜੇ ਦੇ ਕੱਟੜ ਵਿਰੋਧੀ ਦਿੱਲੀ ਦੇ ਮੁੱਖਮੰਤਰੀ ਕੇਜਰੀਵਾਲ ਅਤੇ ਪੰਜਾਬ ਦੇ ਮੁੱਖਮੰਤਰੀ ਅਮਰਿੰਦਰ ਸਿੰਘ ਨੂੰ ਕੇਂਦਰ ਦੀ ਸਰਕਾਰ ਨੇ ਸਰਵਜਨਕ ਤੌਰ ਤੇ ਭਿੜਨ ਦਾ ਮੌਕਾ ਦੇ ਦਿੱਤਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਦਿੱਲੀ ਅਤੇ ਉਸਦੇ ਆਸਪਾਸ ਅਸਮਾਨ 'ਚ ਛਾਈ ਕਾਲੀ ਧੁੰਦ ਦੇ ਪਿੱਛੇ ਪਰਾਲੀ ਜਲਾਉਣਾ ਮੁੱਖ ਕਾਰਨ ਹੈ। ਪਰ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿੱਜ ਨੇ ਇਹ ਕਹਿਕੇ ਇਕ ਨਵੀਂ ਚਰਚਾ ਛੇੜ ਦਿਤੀ ਹੈ ਕਿ ਇਹੋ ਜਿਹੀਆਂ ਕਿਹੜੀਆਂ ਹਵਾਵਾਂ ਹਨ ਜੋ ਚਾਰੇ ਪਾਸਿਓਂ ਵਗਕੇ ਸਿਰਫ ਦਿੱਲੀ ਵਿੱਚ ਹੀ ਥੰਮ ਜਾਂਦੀਆਂ ਹਨ। ਉਹਨਾ ਨੇ ਸਵਾਲ ਕੀਤਾ ਕਿ ਪਰਾਲੀ ਤਾਂ ਇਕ ਮਹੀਨਾ ਜਲਦੀ ਹੈ, ਪਰ ਦਿੱਲੀ ਵਿੱਚ ਬਾਕੀ 11 ਮਹੀਨੇ ਪ੍ਰਦੂਸ਼ਨ ਕਿਥੋਂ ਆਉਂਦਾ ਹੈ?

ਇਹ ਠੀਕ ਹੈ ਕਿ ਹਰ ਸਾਲ ਇਸ ਨਵੰਬਰ ਦੇ ਮਹੀਨੇ ਪਰਾਲੀ ਜਲਾਉਣ ਨਾਲ ਧੁੰਦ ਗੁਬਾਰ ਵਧਦਾ ਹੈ। ਇਹ ਨੁਕਸਾਨਦੇਹ ਹੈ। ਕੀ ਅਸੀਂ ਇਸਦਾ ਕੋਈ ਹੱਲ ਨਹੀਂ ਲੱਭ ਸਕਦੇ? ਅਸਲ ਵਿੱਚ ਇਸ ਜ਼ਹਿਰੀਲੀ ਹਵਾ ਨੂੰ ਘੱਟ ਕੀਤਾ ਜਾ ਸਕਦਾ ਹੈ ਜੇਕਰ ਕੇਂਦਰ ਵਿੱਤੀ ਪੈਕੇਜ ਅਤੇ ਟੈਕਨੌਲੋਜੀ ਦੇਵੇ, ਜਿਸ ਨਾਲ ਇਸ ਗੰਭੀਰ ਸਮੱਸਿਆ ਨੂੰ ਪੈਦਾ ਹੋਣ ਤੋਂ ਪਹਿਲਾ ਹੀ ਰੋਕਿਆ ਜਾ ਸਕੇ। ਇਸ ਵਰ੍ਹੇ ਦੇ ਆਰੰਭ ਵਿੱਚ ਸੀ ਆਈ ਆਈ ਅਤੇ ਨੀਤੀ ਆਯੋਗ ਨੇ ਸਾਫ ਹਵਾ ਦੀ ਪਹਿਲ ਦੇ ਤਹਿਤ ਇੱਕ ਕਮੇਟੀ ਗਠਿਤ ਕੀਤੀ ਸੀ।

ਇਸ ਕਮੇਟੀ ਨੇ 3000 ਕਰੋੜ ਰੁਪਏ ਸਾਫ ਹਵਾ ਪ੍ਰਬੰਧਨ ਲਈ ਖਰਚ ਕਰਨ ਦੀ ਮਨਜੂਰੀ ਮੰਗੀ। ਇਸ ਕਮੇਟੀ ਨੇ ਖੇਤੀ ਸਬੰਧੀ ਕਚਰੇ ਦੇ ਪ੍ਰਬੰਧਨ (ਸਮੇਤ ਪਰਾਲੀ) ਲਈ ਹੋਰ ਉਪਾਅ ਲੱਭਣ ਵਾਸਤੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਦਿੱਤੇ ਜਾਣਾ ਸੁਝਾਇਆ। ਜੋ ਸੌਖੇ ਤਰੀਕੇ ਇਸ ਕਮੇਟੀ ਨੇ ਸੁਝਾਏ ਸਨ, ਉਸ ਵਿੱਚ ਇੱਟਾਂ ਅਤੇ ਮਿੱਟੀ ਦੇ ਡੋਮ ਬਣਾਕੇ ਪਰਾਲੀ ਸਾੜਨ ਦਾ ਵਿਕਲਪ ਵੀ ਇੱਕ ਸੀ। ਇਸ ਵਿੱਚ ਆਕਸੀਜਨ ਦੀ ਗੈਰ ਮੌਜੂਦਗੀ ਵਿੱਚ ਜੈਵਿਕ ਕੋਇਲਾ ਜਾਂ ਪਰਾਲੀ ਕੋਲਾ ਤਿਆਰ ਹੁੰਦਾ ਜੋ ਕਿ ਮਿੱਟੀ ਲਈ ਪੌਸ਼ਟਿਕ ਮੰਨਿਆ ਜਾਂਦਾ ਹੈ ਅਤੇ ਇਸਦਾ ਵਪਾਰਕ ਮੁੱਲ ਵੀ ਹੈ। ਪਰ ਕਿਉਂਕਿ ਕੇਂਦਰ ਅਤੇ ਸੂਬਾ ਸਰਕਾਰਾਂ ਵਿੱਚ ਇਸ ਵਿੱਤੀ ਭਾਰ ਨੂੰ ਚੁੱਕਣ ਲਈ ਕੋਈ ਸਮਝੌਤਾ ਨਹੀਂ ਹੋ ਸਕਿਆ, ਇਸ ਲਈ ਇਹ ਯੋਜਨਾ ਉਤੇ ਕੰਮ ਨਹੀਂ ਹੋ ਸਕਿਆ। ਸੂਬਿਆਂ 'ਚ ਰਾਜ ਕਰਦੀਆਂ ਧਿਰਾਂ ਉਤੇ ਵਿਰੋਧੀ ਧਿਰਾਂ ਵਲੋਂ ਇਸ ਥੋੜ੍ਹੀ ਜਿਹੀ ਮਿਲੀ ਰਕਮ ਨੂੰ ਗਲਤ ਵਰਤੋਂ ਦੇ ਇਲਜ਼ਾਮ ਤਾਂ ਲੱਗਾ ਦਿਤੇ ਗਏ, ਹਿਸਾਬ ਵੀ ਮੰਗਿਆ ਗਿਆ, ਇਹ ਜਾਣੇ ਬਿਨਾਂ ਕਿ ਇਹ ਰਕਮ ਕਿਵੇਂ ਤੇ ਕਿਥੇ ਖਰਚਣੀ ਸੀ ਅਤੇ ਇਸ ਨੂੰ ਖਰਚਣ ਲਈ ਜੋ ਯੋਜਨਾ ਦਿਤੀ ਗਈ ਕੀ ਉਹ ਸਮਾਂ ਰਹਿੰਦਿਆਂ ਲਾਗੂ ਹੋਣ ਯੋਗ ਵੀ ਸੀ। ਵਿਰੋਧੀ ਧਿਰ ਨੇ ਪੰਜਾਬ ਨੂੰ ਕੇਂਦਰ ਤੋਂ ਮਿਲੀ ਦੀ ਰਾਸ਼ੀ ਪਰਾਲੀ ਪ੍ਰਬੰਧਨ ਲਈ ਖਰਚ ਕਰਨ ਦਾ ਹਿਸਾਬ ਇਹ ਜਾਣੇ ਬਿਨ੍ਹਾਂ ਹੀ ਮੰਗ ਲਿਆ ਕਿ ਉਹ ਇਹ ਰਾਸ਼ੀ ਪੰਜਾਬ ਸਰਕਾਰ ਨੂੰ ਕਦੋਂ ਮਿਲੀ? ਅਸਲ ਵਿੱਚ ਸਿਆਸੀ ਧਿਰਾਂ ਪੰਜਾਬ ਵਿੱਚ ਪਹਿਲਾਂ ਪਾਣੀ ਦੇ ਮਸਲੇ ਉਤੇ ਇੱਕ ਦੂਜੇ ਨੂੰ ਠਿੱਬੀ ਲਾਉਣ ਦਾ ਯਤਨ ਕਰਦੀਆਂ ਰਹੀਆਂ, ਹੁਣ ਹਵਾ ਦੇ ਰਾਹ ਤੁਰੀਆਂ ਹੋਈਆਂ ਹਨ। ਉਂਜ ਪੰਜਾਬ ਸਰਕਾਰ ਨੇ ਪਰਾਲੀ ਪ੍ਰਬੰਧਨ ਲਈ ਸੂਬੇ 'ਚ ਅਗਲੇ 10 ਮਹੀਨਿਆਂ 'ਚ 400 ਪਲਾਂਟ ਲਾਕੇ ਪਰਾਲੀ ਨੂੰ ਬਾਇਉ ਫਿਊਲ 'ਚ ਕਨਵਰਟ ਕਰਨ ਲਈ ਚੇਨਈ ਦੀ ਇੱਕ ਕੰਪਨੀ ਨਾਲ ਸਮਝੌਤਾ ਕੀਤਾ ਹੈ। ਇਹ ਕੰਪਨੀ ਸੂਬੇ 'ਚ 10000 ਕਰੋੜ ਦਾ ਵਿਨੇਸ਼ ਕਰੇਗੀ। ਅਤੇ ਪਰਾਲੀ ਤੋਂ ਫਿਊਲ ਬਨਾਉਣ ਲਈ ਜੋ ਆਮਦਨ ਹੋਏਗੀ ਉਹ ਕੰਪਨੀ ਰੱਖੇਗੀ।

ਚੀਨ ਦਾ ਸ਼ਹਿਰ ਹੈ ਬੀਜਿੰਗ। ਦਿੱਲੀ ਵਰਗੀ ਸਥਿਤੀ ਉਥੇ ਵੀ ਬਣੀ ਹੋਈ ਹੈ। ਇਸ ਸ਼ਹਿਰ ਲਈ ਉਥੋਂ ਦੀ ਸਰਕਾਰ ਦੇ ਸਮਾਂ ਬੱਧ ਯੋਜਨਾ ਤਿਆਰ ਕੀਤੀ ਹੈ ਉਸ ਯੋਜਨਾ ਲਈ ਵਿੱਤੀ ਸਾਧਨ ਇਕੱਠੇ ਕੀਤੇ ਹਨ। ਦਿੱਲੀ ਤੇ ਆਸ ਪਾਸ ਖਰਾਬ ਹੋਈ ਹਵਾ ਇਸ ਸਾਲ ਦਾ ਨਵਾਂ ਮਾਮਲਾ ਨਹੀਂ। ਪਿਛਲੇ ਵਰ੍ਹੇ ਸੁਪਰੀਮ ਕੋਰਟ ਵਲੋਂ ਇਨਵਾਇਰਨਮੈਂਟ ਪੋਲਿਊਸ਼ਨ ਪ੍ਰੋਬੈਨਸ਼ਨ ਐਂਡ ਕੰਟਰੋਲ ਅਥਾਰਟੀ ਰਾਹੀਂ ਇਕ ਐਕਸ਼ਨ ਪਲਾਨ ਤਿਆਰ ਕਰਵਾਇਆ ਗਿਆ। ਪਰ ਇਸ ਨੂੰ ਦਿਲੀ ਸਰਕਾਰ ਵਲੋਂ ਲਾਗੂ ਨਹੀਂ ਕੀਤਾ ਗਿਆ, ਇਸ ਲਈ ਦਿੱਲੀ ਸਰਕਾਰ ਵਲੋਂ ਹੁਣ ਕੀਤੇ ਜਾ ਰਹੇ ਕਦਮਾਂ ਦਾ ਚਾਹੇ ਉਹ ਜਿਸਤ-ਟਾਂਕ ਵਾਹਨਾ ਦੀ ਆਵਾਜਾਈ ਲਾਗੂ ਕਰਨਾ ਹੋਵੇ ਜਾਂ ਹੋਰ ਢੰਗ, ਉਸਦਾ ਅਸਰ ਨਹੀਂ ਹੋ ਰਿਹਾ। ਅਸਲ ਵਿੱਚ ਤਾਂ ਹਰਿਆਣਾ ਦੇ ਮੁੱਖਮੰਤਰੀ ਤੇ ਦਿੱਲੀ ਦੇ ਮੁੱਖ-ਮੰਤਰੀ ਪ੍ਰਦੂਸ਼ਨ ਘਟਾਉਣ ਲਈ ਉਦਯੋਗਾਂ ਤੇ ਵਾਹਨਾਂ ਤੋਂ ਪ੍ਰਦੂਸ਼ਣ ਘਟਾਉਣ ਲਈ ,ਪਰਾਲੀ ਜਲਾਉਣਾ ਬੰਦ ਕਰਨ, ਡੀਜ਼ਲ ਪਟਰੋਲ ਦੀ ਥਾਂ ਸੀ ਐਨ ਜੀ ਨੂੰ ਵਾਹਨਾਂ 'ਚ ਵਰਤਣ ਲਈ ਜੋ ਰਣਨੀਤੀ ਤਿਆਰ ਕੀਤੀ ਗਈ ਹੈ, ਇਸ ਲਈ ਸਮਾਂ-ਬੱਧ ਯਤਨਾਂ ਦੀ ਲੋੜ ਪਏਗੀ ਤਾਂ ਹੀ ਵਾਯੂ ਪ੍ਰਦੂਸ਼ਨ ਤੋਂ ਕੁਝ ਰਾਹਤ ਮਿਲ ਸਕੇਗੀ।

ਸਿਰਫ ਕੇਂਦਰੀ ਸਿਹਤ ਮੰਤਰੀ ਵਲੋਂ ਦਿਲੀ ਐਨ ਸੀ ਆਰ ਵਿੱਚ ਹਵਾ ਦੀ ਗੁਣਵੱਤਾ ਸੁਧਾਰਨ ਦੇ ਲਗਾਤਾਰ ਦਾਵਿਆ ਨਾਲ ਕੁਝ ਨਹੀਂ ਸੌਰਨਾ। ਦਹਾਕਿਆਂ ਤੋਂ ਪ੍ਰਦੂਸ਼ਨ ਅਤੇ ਇਸਦੇ ਭੈੜੇ ਅਸਰਾਂ ਦਾ ਲੋਕਾਂ ਦੀ ਸਿਹਤ ਅਤੇ ਵਾਤਾਵਰਨ ਉਤੇ ਪ੍ਰਭਾਵ ਪ੍ਰਤੀ ਸਰਕਾਰਾਂ ਦੀ ਉਦਾਸੀਨਤਾ ਲਗਾਤਾਰ ਦਿਖਾਈ ਦੇ ਰਹੀ ਹੈ। ਪ੍ਰਦੂਸ਼ਨ ਹੀ ਵੱਡੀ ਪੱਧਰ ਉਤੇ ਬਿਮਾਰੀਆਂ ਫੈਲਣ ਦਾ ਮੁੱਖ ਕਾਰਨ ਹੈ ਅਤੇ ਦੁਨੀਆ ਦੇ 9 ਮਿਲੀਅਨ ਲੋਕ ਪ੍ਰਦੂਸ਼ਨ ਕਾਰਨ ਮੌਤ ਦੇ ਦਰ ਪੁੱਜੇ ਹਨ। ਹਵਾ, ਪਾਣੀ ਅਤੇ ਧਰਤੀ ਦਾ ਪ੍ਰਦੂਸ਼ਨ ਸਮੁੱਚੀ ਕੁਦਰਤ ਲਈ ਇੱਕ ਖਤਰਾ ਬਣਕੇ ਖੜਾ ਨਜ਼ਰ ਆ ਰਿਹਾ ਹੈ। ਪ੍ਰਦੂਸ਼ਨ, ਘੱਟ-ਆਮਦਨ ਅਤੇ ਦਰਮਿਆਨੀ ਆਮਦਨ ਦੇ ਲੋਕਾਂ ਦੀ ਆਰਥਿਕਤਾ ਅਤੇ ਸਿਹਤ ਲਈ ਵੱਡਾ ਭਾਰ ਹੈ। ਪਰ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਉਤੇ ਸਰਕਾਰਾਂ ਦਾ ਪ੍ਰਦੂਸ਼ਨ ਪ੍ਰਤੀ ਰਵੱਈਆ ਸਕਾਰਾਤਮਕ ਨਹੀਂ ਕਿਉਂਕਿ ਸਰਕਾਰਾਂ ਤਾਂ ਸਾਫ ਹਵਾ, ਸਾਫ ਪਾਣੀ, ਸਾਫ ਧਰਤੀ ਦੇ ਅਜੰਡੇ ਤੋਂ ਮੁੱਖ ਮੋੜੀ ਬੈਠੀਆਂ ਹਨ ਅਤੇ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਉਤੇ ਬੱਸ ਸਿਰਫ ਸਿਆਸਤ ਕਰਨ ਦੇ ਰਾਹ ਪਈਆਂ ਹੋਈਆਂ ਹਨ। ਵਿਸ਼ਵ ਪੱਧਰ ਉਤੇ ਬਣੀ ਵਾਤਾਵਰਨ ਸੰਭਾਲ ਸਬੰਧੀ 149 ਦੇਸ਼ਾਂ ਦੇ ਮੁਖੀਆਂ ਦੀ ਸੰਸਥਾ ਇਸ ਦੀ ਉਦਾਹਰਨ ਹੈ, ਜਿਸ ਤੋਂ ਅਮਰੀਕਾ ਦੇ ਟਰੰਪ ਪ੍ਰਾਸ਼ਾਸ਼ਨ ਨੇ ਆਪਣਾ ਮੁੱਖ ਮੋੜਨ ਦਾ ਪਿਛਲੇ ਵਰ੍ਹੇ ਐਲਾਨ ਕਰ ਦਿੱਤਾ ਸੀ।

# ਪੱਤਰਕਾਰ ਸੁਰੱਖਿਆ ਕਮੇਟੀ ਨੇ ਅੰਤਰ ਰਾਸ਼ਟਰੀ ਪੱਧਰ ਤੇ ਹੌਸਲੇਵਾਲੇ ਪੱਤਰਕਾਰਾਂ ਨੂੰ ਸਨਮਾਨਿਆ

**ਨਿਊਯਾਰਕ-** ਨਿਊਯਾਰਕ ਅਧਾਰਿਤ ਅੰਤਰ ਰਾਸ਼ਟਰੀ ਪੱਤਰਕਾਰ ਸੁਰੱਖਿਆ ਕਮੇਟੀ ਨੇ ਅੰਤਰ ਰਾਸ਼ਟਰੀ ਪੱਧਰ ਤੇ ਹੌਸਲੇ ਵਾਲੇ ਪੱਤਰਕਾਰਾਂ ਨੂੰ 27ਵੇਂ ਸਲਾਨਾ ਇੰਟਰਨੈਸ਼ਨਲ ਪ੍ਰੈਸ ਫਰੀਡਮ ਐਵਾਰਡ ਦੇ ਕੇ ਇਸੇ ਵਰ੍ਹੇ ਨਿਊਯਾਰਕ ਵਿਖੇ ਸਨਮਾਨਿਆ ਹੈ। ਇਸ ਵਰ੍ਹੇ ਦੇ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿਚ ਕੈਮਰੂਨ, ਮੈਕਸੀਕੋ, ਥਾਈਲੈਂਡ ਅਤੇ ਯਮਨ ਦੇ ਉਹ ਪੱਤਰਕਾਰ ਸ਼ਾਮਲ ਹਨ, ਜਿਹੜੇ ਆਪਣੇ ਹੌਸਲੇ ਵਾਲੇ ਕੀਤੇ ਕੰਮਾਂ ਕਾਰਨ ਜੇਲ੍ਹਾਂ ਵਿਚ ਬੈਠੇ ਹਨ। ਦੇਸ਼ ਤੋਂ ਬਾਹਰ ਕੱਢ ਦਿੱਤੇ ਗਏ ਹਨ ਜਾਂ ਜਿਹਨਾਂ ਨੂੰ ਜਾਨੋਂ ਮਾਰਨ ਦੀਆਂ ਲਗਾਤਾਰ ਧਮਕੀਆਂ ਮਿਲਦੀਆਂ ਹਨ। ਐਵਾਰਡ ਸਨਮਾਨ, ਜੋ 15 ਨਵੰਬਰ 2017 ਦੀ ਅੱਧੀ ਰਾਤ ਨੂੰ ਸੰਪੰਨ ਹੋਇਆ, ਵਿਚ 1000 ਤੋਂ ਵੱਧ ਲੋਕ ਸ਼ਾਮਲ ਹਨ, ਜਿਹਨਾਂ ਵਿਚ ਉਹਨਾਂ ਦੋ ਪੱਤਰਕਾਰਾਂ ਦੇ ਪਰਿਵਾਰ ਵੀ ਸ਼ਾਮਲ ਸਨ, ਜਿਹਨਾਂ ਨੂੰ ਇਹ ਐਵਾਰਡ ਪਹਿਲਾਂ ਹੀ ਚੁੱਕੇ ਹਨ। ਇਹਨਾਂ ਯੂਕਰੇਨ ਦੇ ਪਾਵੇਗਲ ਸ਼ਰਮੇਟ ਅਤੇ ਮੈਕਸੀਕੋਦੇ ਜਾਨਵੇਰਵਾਲਡੇਜ ਕਾਰਡੀਨਾਸ ਦੋਹਾਂ ਪੱਤਰਕਾਰਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਮੌਕੇ ਇਹਨਾਂ ਦੋਹਾਂ ਪੱਤਰਕਾਰਾਂ ਦੇ ਮਾਹਰਕੇ ਵਾਲੇ ਕੀਤੇ ਕੰਮਾਂ ਨੂੰ ਦਰਸਾਉਂਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਥਾਈਲੈਂਡ ਦੇ ਰਿਪੋਰਟਰ ਪਰਾਵਿਟ ਰਿਜਾਨਫਰੁਕ, ਕੈਮਰੂਨ ਦੇ ਅਹਿਮਦ ਅੱਬਾ, ਯਮਨ ਦੇ ਅਫਰਾਜ ਨਾਸੀਰ ਅਤੇ ਮੈਕਸੀਕੋ ਦੀ ਪੱਤਰਕਾਰ ਪੈਟਰੀਸੀਆ ਮਾਇਉਰਗਾ ਨੂੰ ਇਹ ਐਵਾਰਡ ਸੀ. ਪੀ. ਜੇ. ਵੱਲੋਂ ਪ੍ਰਦਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਗੇਵਿਸ ਰਿਡਿਸ ਪ੍ਰਧਾਨ ਸੀ. ਬੀ. ਐਸ. ਨਿਊਜ਼ ਨੇ ਕਿਹਾ ਕਿ ਅਸੀਂ ਉਹਨਾਂ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ ਹਾਂ, ਜਿਹਨਾਂ ਸਾਡੇ ਲਈ ਔਖਿਆਈਆਂ ਅਤੇ ਖਤਰਿਆਂ ਨੂੰ ਝੱਲ ਕੇ ਕੰਮ ਕੀਤਾ ਹੈ। ਅਸੀਂ ਕੰਧ ਵਾਂਗ ਉਹਨਾਂ ਪੱਤਰਕਾਰਾਂ ਨਾਲ ਖੜ੍ਹੇ ਹਾਂ, ਜਿਹਨਾਂ ਪਾਠਕਾਂ, ਸਰੋਤਿਆਂ, ਦਰਸ਼ਕਾਂ ਨੂੰ ਸਾਫ ਸੁਥਰੀ ਪੱਤਰਕਾਰੀ ਦੇਣ ਲਈ ਸਭੋ ਕੁਝ ਦਾਅ ਉਤੇ ਲਾਇਆ ਹੈ।

ਵਿਸ਼ਵ ਵਿਆਪੀ ਪੱਤਰਕਾਰ ਸੁਰੱਖਿਆ ਕਮੇਟੀ (ਸੀ. ਪੀ. ਜੇ.) ਵਿਸ਼ਵ ਭਰ ਦੇ ਪੱਤਰਕਾਰਾਂ ਨਾਲ ਉਹਨਾਂ ਨੂੰ ਹੌਸਲਾ ਦੇਣ ਲਈ ਹਰ ਵੇਲੇ ਖੜ੍ਹੀ ਦਿਸਦੀ ਹੈ। ਇਸ ਸੰਸਥਾ ਨੇ1.9 ਮਿਲੀਅਨ ਡਾਲਰ ਦੀ ਰਾਸ਼ੀ ਪੱਤਰਕਾਰਾਂ ਜਾਂ ਮ੍ਰਿਤਕ ਪੱਤਰਕਾਰਾਂ ਦੇ ਪਰਿਵਾਰਾਂ ਦੀ ਵਿੱਤੀ ਸਹਾਇਤਾ ਕਰਨ ਲਈ ਇਕੱਤਰ ਕੀਤੀ ਹੈ।

ਪੰਜਾਬੀ ਕਾਲਮ ਨਵੀਸ ਮੰਚ (ਰਜਿ.) ਪੱਤਰਕਾਰ ਸੁਰੱਖਿਆ ਕਮੇਟੀ ਸੀ. ਪੀ. ਜੇ. ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕਰਦਾ ਹੈ ਅਤੇ ਇਹ ਵਿਸ਼ਵਾਸ ਪ੍ਰਗਟਾਉਣ 'ਚ ਕੋਈ ਹਿਚਕਚਾਹਟ ਮਹਿਸੂਸ ਨਹੀਂ ਕਰਦਾ ਕਿ ਸਾਡੀ ਸੰਸਥਾ ਵੀ ਪੱਤਰਕਾਰਾਂ ਦੀ ਲਿਖਣ ਦੀ ਆਜ਼ਾਦੀ ਲਈ ਸੰਘਰਸ਼ਸ਼ੀਲ ਰਹੇਗੀ ਕਿਉਂਕਿ ਦੇਸ਼ ਭਾਰਤ ਵਿਚ ਪੱਤਰਕਾਰਾਂ ਨੂੰ ਗੰਭੀਰ ਸਥਿਤੀਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ ਅਤੇ ਆਜ਼ਾਦਾਨਾ ਕੰਮ ਕਰਦਿਆਂ ਗੌਰੀ ਲੰਕੇਸ਼ ਵਰਗੀਆਂ ਹੌਸਲੇ ਵਾਲੀਆਂ ਪੱਤਰਕਾਰਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ ਹਨ।

# ਅਮਰੀਕਾ, ਭਾਰਤ ਤੇ ਪਾਕਿਸਤਾਨ: ਕੌਣ ਕਿਸ ਦੇ ਨਾਲ ?

**(ਸਫਾ 6 ਦੀ ਬਾਕੀ)**

ਦੀ ਆਬਾਦੀ ਜੋ ਕਰੀਬ 30 ਕਰੋੜ ਹੈ, ਆਉਂਦੇ ਦਹਾਕਿਆਂ ਵਿੱਚ ਵਧ ਕੇ ਦੁੱਗਣੀ ਹੋ ਸਕਦੀ ਹੈ। ਅਮਰੀਕਾ ਅਤੇ ਯੂਰੋਪ ਦੀਆਂ ਸਰਕਾਰਾਂ ਉੱਤੇ ਕਾਰਪੋਰੇਟ ਦਾ ਪ੍ਰਭਾਵ ਬਹੁਤ ਹੈ। ਇਸ ਲਈ ਰਣਨੀਤਕ ਪੱਖ ਦੇ ਨਾਲ-ਨਾਲ ਆਰਥਿਕ ਪੱਖ ਤੋਂ ਵੀ ਅਮਰੀਕਾ ਲਈ ਭਾਰਤ ਦੀ ਬਹੁਤ ਮਹੱਤਤਾ ਹੈ।

ਅੱਤਵਾਦ ਨਾਲ ਝੰਬਿਆ ਹੋਣ ਦੇ ਬਾਵਜੂਦ ਪਾਕਿਸਤਾਨ ਆਪਣੀ ਭੂਗੋਲਿਕ ਸਥਿਤੀ ਕਾਰਨ ਦੁਨੀਆਂ ਦਾ ਇੱਕ ਮਹੱਤਵਪੂਰਨ ਮੁਲਕ ਬਣਿਆ ਹੋਇਆ ਹੈ। ਆਪਣੀ ਬਦਕਿਸਮਤੀ ਉਸ ਨੇ ਖ਼ੁਦ ਸਹੇੜੀ ਹੋਈ ਹੈ। ਉਹ ਦੂਜਿਆਂ ਨੂੰ ਬਰਬਾਦ ਕਰਨ ਦੇ ਚੱਕਰ ਵਿੱਚ ਖ਼ੁਦ ਬਰਬਾਦੀ ਦੇ ਰਾਹ ਪਿਆ ਹੋਇਆ ਹੈ। ਜਿਹੜੇ ਅੱਤਵਾਦੀ ਉਸ ਨੇ ਭਾਰਤ ਅਤੇ ਅਫ਼ਗਾਨਿਸਤਾਨ ਨੂੰ ਅਸਥਿਰ ਕਰਨ ਲਈ ਪੈਦਾ ਕੀਤੇ ਸਨ, ਉਹ ਆਖ਼ਰ ਉਸ ਲਈ ਹੀ ਵੱਡੀ ਸਿਰਦਰਦੀ ਬਣ ਚੁੱਕੇ ਹਨ। ਇਹ ਪਾਕਿਸਤਾਨ ਦੀ ਖ਼ੁਸ਼ਕਿਸਮਤੀ ਹੈ ਕਿ ਅਮਰੀਕਾ ਅਤੇ ਚੀਨ ਵਰਗੇ ਵੱਡੇ ਦੇਸ਼ਾਂ ਨੂੰ ਆਪਣੀਆਂ ਸਮੱਸਿਆਵਾਂ ਨਾਲ ਨਿਪਟਣ ਲਈ ਉਸ ਦੇ ਸਾਥ ਦੀ ਲੋੜ ਪੈ ਰਹੀ ਹੈ। ਅਮਰੀਕਾ ਨੂੰ ਅਫ਼ਗਾਨਿਸਤਾਨ ਵਿੱਚ ਪੈਰ ਧਰਨ ਲਈ ਪਾਕਿਸਤਾਨ ਦੀ ਧਰਤੀ ਵਿੱਚੋਂ ਲਾਂਘੇ ਦੀ ਜ਼ਰੂਰਤ ਹੈ। ਅਫਗਾਨਿਸਤਾਨ ਅਜਿਹਾ ਮੁਲਕ ਹੈ ਜਿਸ ਨੂੰ ਕੋਈ ਸਮੁੰਦਰ ਨਹੀਂ ਲੱਗਦਾ ਅਤੇ ਉਹ ਚਾਰੇ ਪਾਸਿਉਂ ਵੱਖ-ਵੱਖ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਉੱਥੇ ਪਹੁੰਚਣ ਲਈ ਹਿੰਦ ਮਹਾਂਸਾਗਰ ਦੇ ਅਰਬ ਸਾਗਰ ਇਲਾਕੇ ਵਿੱਚੋਂ ਹੋ ਕੇ ਪਾਕਿਸਤਾਨ ਦੀ ਧਰਤੀ ਤੋਂ ਲੰਘਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਹੈ। ਇਰਾਨ ਨਾਲ ਉਸ ਦੇ ਸੰਬੰਧ ਖ਼ਰਾਬ ਚੱਲ ਰਹੇ ਹਨ। ਚੀਨ ਲਈ ਪਾਕਿਸਤਾਨ ਦਾ ਮਹੱਤਵ ਰਣਨੀਤਕ ਅਤੇ ਆਰਥਿਕ ਦੋਵਾਂ ਮੁਹਾਜ਼ਾਂ ਉੱਤੇ ਹੈ। ਉਹ ਪਾਕਿਸਤਾਨ ਦੀ ਪਿੱਠ ਪੂਰਨ ਤੋਂ ਰੁਕ ਨਹੀਂ ਸਕਦਾ। ਚੀਨ ਨੂੰ ਖਾੜੀ ਦੇਸ਼ਾਂ, ਅਫਰੀਕਾ ਮਹਾਂਦੀਪ ਅਤੇ ਯੂਰੋਪ ਮਹਾਂਦੀਪ ਨੂੰ ਜਾਣ ਵਾਸਤੇ ਸਮੁੰਦਰੀ ਰਸਤਾ ਬਹੁਤ ਲੰਬਾ ਪੈਂਦਾ ਹੈ। ਇਸ ਕਾਰਨ ਉਸ ਨੇ ਪਾਕਿਸਤਾਨ ਵਿੱਚੋਂ ਹੋ ਕੇ ਸਿੱਧਾ ਅਰਬ ਸਾਗਰ ਵਿੱਚ ਪਹੁੰਚਣ ਦਾ ਰਸਤਾ ਚੁਣਿਆ ਹੋਇਆ ਹੈ। ਇਸ ਮੰਤਵ ਦੀ ਪੂਰਤੀ ਲਈ ਉਹ ਪੂਰੇ ਪਾਕਿਸਤਾਨ ਵਿੱਚ ਇੱਕ ਵੱਡਾ ਸੜਕੀ ਨੈੱਟਵਰਕ ਬਣਾ ਰਿਹਾ ਹੈ ਜਿਸ ਨੂੰ 'ਚੀਨ-ਪਾਕਿ ਆਰਥਿਕ ਗਲਿਆਰਾ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੁਨੀਆ ਦੀਆਂ ਦੋ ਮਹਾਂ ਸ਼ਕਤੀਆਂ ਨੂੰ ਪਾਕਿਸਤਾਨ ਦੀ ਲੋੜ ਹੈ ਅਤੇ ਪਾਕਿਸਤਾਨ ਇਸ ਦਾ ਖ਼ੂਬ ਫ਼ਾਇਦਾ ਉਠਾ ਰਿਹਾ ਹੈ। ਉਦਾਹਰਣ ਦੇ ਤੌਰ ਉੱਤੇ ਅਜਿਹੀਆਂ ਖ਼ਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ ਕਿ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਜਿਹੜਾ ਫੰਡ ਅੱਤਵਾਦ ਦੇ ਖ਼ਾਤਮੇ ਵਾਸਤੇ ਮਿਲਦਾ ਹੈ, ਉਹ ਉਸ ਨੂੰ ਉਲਟਾ ਅੱਤਵਾਦ ਨੂੰ ਸ਼ਹਿ ਦੇਣ ਲਈ ਵਰਤਦਾ ਰਹਿੰਦਾ ਹੈ। ਇਸੇ ਕਾਰਨ ਦੁਨੀਆ ਵਿੱਚ ਉਸ ਦਾ ਅਕਸ ਇੱਕ ਜ਼ਿੰਮੇਵਾਰ ਮੁਲਕ ਵਾਲਾ ਨਹੀਂ ਬਣ ਸਕਿਆ। ਅਮਰੀਕਾ ਨੂੰ ਸੁਚੇਤ ਰੂਪ ਵਿੱਚ ਇਹ ਵੀ ਪਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਨੂੰ ਕਿਸੇ ਵੀ ਤਰ੍ਹਾਂ ਬਰਾਬਰ ਰੱਖ ਕੇ ਵੇਖਣਾ ਪੂਰੀ ਤਰਾਂ ਗ਼ੈਰ-ਵਿਹਾਰਕ ਹੈ ਪਰ ਹਾਲਾਤ ਦੀ ਮਜਬੂਰੀ ਅਜਿਹੀ ਹੈ ਕਿ ਉਸ ਨੂੰ ਪਾਕਿਸਤਾਨ ਨੂੰ ਮਹੱਤਵ ਦੇਣ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਨਜ਼ਰ ਆਉਂਦਾ। ਇਸੇ ਕਾਰਨ ਅਮਰੀਕਾ ਸਰਕਾਰ ਦੇ ਨੁਮਾਇੰਦੇ ਭਾਰਤ ਵਿੱਚ ਹੋਰ ਬਿਆਨ ਦਿੰਦੇ ਅਤੇ ਪਾਕਿਸਤਾਨ ਜਾ ਕੇ ਹੋਰ ਬੋਲੀ ਬੋਲਦੇ ਹਨ।

ਭਾਰਤ-ਅਮਰੀਕਾ ਰਿਸ਼ਤਿਆਂ ਦਾ ਇੱਕ ਲੰਬਾ ਅਧਿਆਇ ਹੈ ਪਰ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਕੋਲ ਅਜਿਹਾ ਸੋਚਣ ਲਈ ਸਮਾਂ ਹੀ ਨਹੀਂ ਹੈ। ਉਨ੍ਹਾਂ ਉਪਰ ਤੱਤਕਾਲੀ ਸਮੱਸਿਆਵਾਂ ਭਾਰੂ ਰਹਿੰਦੀਆਂ ਜੋ ਉਨ੍ਹਾਂ ਨੂੰ ਉਲਝਾਈ ਰੱਖਦੀਆਂ ਹਨ। ਲੰਬੇ ਸਮੇਂ ਦੀ ਰਣਨੀਤੀ ਤਹਿਤ ਚੀਨ ਵਰਗੇ ਵੱਡੇ ਦੁਸ਼ਮਣ ਨੂੰ ਟਿਕਾਣੇ ਰੱਖਣ ਲਈ ਅਮਰੀਕਾ ਨੂੰ ਭਾਰਤ ਨਾਲ ਸਹਿਯੋਗ ਵਧਾਉਣ ਦੀ ਸਖ਼ਤ ਲੋੜ ਹੈ, ਫਿਰ ਵੀ ਅਮਰੀਕਾ ਦੀ ਵਿਦੇਸ਼ ਨੀਤੀ ਦੇ ਰਾਡਾਰ ਉੱਤੇ ਕਦੇ ਵੀ ਭਾਰਤ ਦੀ ਪੁਜ਼ੀਸ਼ਨ ਬਹੁਤੀ ਉੱਚੀ ਨਹੀਂ ਰਹੀ। ਹੁਣ ਭਾਵੇਂ ਉਹ ਭਾਰਤ ਨੂੰ ਸਲਾਮਤੀ ਕਾਊਂਸਿਲ ਵਿੱਚ ਵੇਖਣਾ ਤਾਂ ਚਾਹੁੰਦਾ ਹੈ ਪਰ ਉਸ ਦੀਆਂ ਰਣਨੀਤਕ ਮਜਬੂਰੀਆਂ ਉਸ ਨੂੰ ਇੰਜ ਕਰਨ ਦੇਣਗੀਆਂ ਜਾਂ ਨਹੀਂ, ਇਹ ਅਜੇ ਹੋਰ ਦੇਖਣਾ ਹੋਵੇਗਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ

**ਯੂਨੀਅਨ ਸਿਟੀ–** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਹਾੜਾ ਬੜੀ ਧੂੰਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਸ਼ੁਭ ਮੌਕੇ 'ਤੇ ਸਭਾ ਦੇ ਰਾਗੀ ਜਥੇਦਾਰ ਭਾਈ ਬਲਦੇਵ ਸਿੰਘ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਸਲੋਕਾਂ ਨਾਲ ਸੰਗਤ ਨੂੰ ਨਿਹਾਲ ਕੀਤਾ। ਸਭਾ ਦੇ ਚੇਅਰਮੈਨ ਹਰਮੇਸ਼ ਮਦਾਰਾ, ਉਪ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਅਤੇ ਪ੍ਰਧਾਨ ਕੇਵਲ ਸਿੰਘ ਨੇ ਸੰਗਤਾਂ ਨੂੰ ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਬ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੀ ਮਾਨਵਤਾ ਨੂੰ ਦੇਣ ਬਾਰੇ ਜਾਣੂ ਕਰਵਾਇਆ।

ਇਸ ਸ਼ੁਭ ਮੌਕੇ 'ਤੇ ਗੁਰੂ ਘਰ ਦੀ ਪਲਾਨਿੰਗ ਕਮੇਟੀ ਦੀ 100 ਫੀਸਦੀ ਮਨਜ਼ੂਰੀ ਮਿਲਣ ਤੇ ਸਭ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਨਾਲ ਹੀ ਸੰਗਤ ਨੂੰ ਬੇਨਤੀ ਕੀਤੀ ਕਿ ਉਹ 12 ਦਸੰਬਰ 2017 ਸ਼ਾਮ ਨੂੰ 7 ਵਜੇ ਯੂਨੀਅਨ ਸਿਟੀ, ਸਿਟੀ ਹਾਲ ਪਬਲਿਕ ਕੌਂਸਲ ਦੀ ਸੁਣਵਾਈ ਲਈ ਪਹੁੰਚਣ। ਇਸ ਮੌਕੇ ਤੇ ਸਭਾ ਪ੍ਰਤੀ ਸਮਰਪਿਤ ਭੈਣਾਂ ਅਤੇ ਬੱਚਿਆਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਲੰਗਰਾਂ ਦੀ ਸੇਵਾ ਦਾ ਮਾਣ ਭਾਈ ਰਾਮ ਲੁਬਾਨਾ ਜੀ ਨੂੰ ਪ੍ਰਾਪਤ ਹੋਇਆ। ਸਭਾ ਦੇ ਚੇਅਰਮੈਨ ਨੇ ਸੰਗਤ ਨੂੰ ਮੈਂਬਰਸ਼ਿਪ ਬਣਾਉਣ ਦੀ ਬੇਨਤੀ ਕੀਤੀ।

ਸਭਾ ਦੇ ਵਾਈਸ ਚੇਅਰਮੈਨ ਅਤੇ ਗੁਰੂ ਘਰ ਦੇ ਪ੍ਰਾਜੈਕਟ ਦੇ ਇੰਚਾਰਜ ਵਿਨੋਦ ਕੁਮਾਰ ਚੁੰਬਰ ਜੀ ਨੇ ਦੱਸਿਆ ਕਿ ਗੁਰੂ ਘਰ ਦੀ ਇਮਾਰਤ ਦਾ ਕੰਮ ਅਗਲੇ ਸਾਲ ਅਕਤੂਬਰ ਵਿਚ ਆਰੰਭ ਹੋ ਜਾਵੇਗਾ। ਉਹਨਾਂ ਨੇ ਇਹ ਵੀ ਬੇਨਤੀ ਕੀਤੀ ਕਿ ਇਹ ਗੁਰੂ ਘਰ ਕਿਸੇ ਇਕ ਦਾ ਨਹੀਂ ਹੈ। ਇਹ ਸਾਰੀ ਸੰਗਤ ਦਾ ਸਾਂਝਾ ਹੈ। ਸਾਰੀ ਸੰਗਤ ਦੀ ਮਦਦ ਨਾਲ ਹੀ ਇਸ ਦੀ ਇਮਾਰਤ ਤਿਆਰ ਹੋ ਸਕੇਗੀ। ਉਹਨਾਂ ਕਿਹਾ ਕਿ ਇਸ ਗੁਰੂ ਘਰ ਵਿਚ ਸਾਰੀਆਂ ਕੌਮਾਂ ਨੂੰ ਇਕ ਨਜ਼ਰ ਨਾਲ ਦੇਖਿਆ ਜਾਵੇਗਾ। ਇਸ ਸ਼ੁਭ ਮੌਕੇ ਹੁੰਮਾ ਹੁੰਮਾ ਕੇ ਸੰਗਤ ਪਹੁੰਚੀ ਅਤੇ ਸਭਾ ਦੇ ਪ੍ਰਧਾਨ ਕੇਵਲ ਸਿੰਘ ਜੀ ਅਤੇ ਸਾਬਕਾ ਪ੍ਰਧਾਨ ਮੋਹਿੰਦਰ ਸਿੰਘ ਮਾਹੀ ਨੇ ਸੰਗਤਾਂ ਨੂੰ ਸਾਥ ਦੇਣ ਦੀ ਬੇਨਤੀ ਕੀਤੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ।









ਰਿਪੋਰਟ ਅਤੇ ਤਸਵੀਰਾਂ: ਵਿਨੋਦ ਕੁਮਾਰ ਚੁੰਬਰ
Shri Guru Ravidass Sabha Bay Area (California) Members, Sangat, Siropas and Langar at "Newark Community Park"











ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਮੈਂਬਰ ਅਤੇ ਸੰਗਤ William Cann Memorial Civic Center" ਵਿਖੇ


ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਮੈਂਬਰ ਅਤੇ ਸੰਗਤ William Cann Memorial Civic Center" ਵਿਖੇ




ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਮੈਂਬਰ ਅਤੇ ਸੰਗਤ William Cann Memorial Civic Center" ਵਿਖੇ

## Holla Mohalla Wrestling Club organized a party in the honor of

# Hardeep Singh Mayor and SP Jagjit Singh Saroya








All images: Prem K. Chumber "Desh Doaba"
















## Holla Mohalla Wrestling Club organized a party in the honor of

# Hardeep Singh Mayor and SP Jagjit Singh Saroya














All images: Prem K. Chumber "Desh Doaba"















On November 19th, 2017, Holla Mohalla Wrestling Club organized a party for Hardeep Singh who recently elected as a Mayor in Los Molinos, CA and SP Jagjit Singh Saroya who came in United States from Punjab to promote Jagjit Wrestling Academy, Wariana, Jalandhar, Punjab. This dinner party organized in Royal Indian Cuisine and Banquet, Stockton (California). More than 150 guests attended the party. Jagjit Singh Saroya attended the party with his parents, brothers S. Ranjit Singh Saroya and S. Harjit Singh Saroya, and other family members. Most guests in the party were from the families of wrestlers and coaches. Jagga Singh Dhaliwal (Wrestling Coach) from Seattle, WA, S. Gurpal Singh Takhar (Wrestling Coach), S. Sukhbir Singh (Wrestling Coach), Jagdeep Singh (International Wrestler), Jagmohan Rana, Harkamal Singh, Paramjit Singh Pamma, Sona Atwal Sonu, Tirth Singh Sohal (owner of AAA Truck Wash, Tire & Lube), Prem K. Chumber (Editor-In-Chief: Desh Doaba weekly newspaper), Deepa Sahi, Avtaar Lakha, Jaswant Singh Shaad, SarbSaroya, Jassi Jaswinder Singh, Raj Kumar, Sukhwant Singh Chahal (Owner of Jag Trucking Inc), Balwinder Singh Mann, Mehtaab Singh, Tarsem Lal, Jatinder Judge, Mandeep Singh Satija, Pattu Raj Singh, KamalpreetDaudharia, Gurparkash Singh, Surinder Singh, Navtej Singh, Randhir Singh, Lalit Sharma, Narpinder Joshi, Nirmal Mann, Manjinder Mann, Skinder Mann(Owners of Mann Bros Trucking), VeenaSaagar (Singer), Shaukat Rosy (Singer), Christmas Saagar (Musician) supported the team to make this occasion successful.

****

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ












**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 18 ਨਵੰਬਰ 2017 ਦਿਨ ਸ਼ਨੀਵਾਰ ਨੂੰ ਸਵਰਗਵਾਸੀ ਸ੍ਰੀ ਜੋਗਿੰਦਰ ਰਾਮ ਸੂਦ, ਬੀਬੀ ਕਰਮੀ ਸੂਦ, ਸ੍ਰੀ ਕੁਲਦੀਪ ਸੁਮਨ ਪਰਿਵਾਰ ਵੱਲੋਂ ਸ੍ਰੀ ਸਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਜਿਸ ਵਿਚ ਸ਼ਨੀਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਕੁਲਦੀਪ ਸੁੰਮਨ (ਕਮੇਟੀ ਮੈਂਬਰ ਗੁਰੂ ਘਰ), ਬੀਬੀ ਰਜਨੀ ਬਾਲਾ ਸੁਮਨ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਸ੍ਰੀ ਪ੍ਰਸ਼ੋਤਮ ਸੂਦ, ਇੰਦਰਜੀਤ ਸਿੰਘ ਰੰਧਾਵਾ (ਲਾਈਵ ਔਕ), ਸ੍ਰੀ ਰਾਮ ਪ੍ਰਕਾਸ਼ ਰਾਜੂ, ਬੀਬੀ ਪਰਮਜੀਤ ਕੌਰ ਰਾਜੂ, ਸ੍ਰੀ ਸੰਤੋਖ ਸਿੰਘ ਮਹਿਮੀ, ਸ੍ਰੀ ਹਰਦਿਆਲ ਬੰਗਾ, ਬੀਬੀ ਸਿਮਰਜੀਤ ਕੌਰ ਸੁਮਨ ਪਤਨੀ ਮੁਹਿੰਦਰ ਪਾਲ ਸੁਮਨ ਜੀ ਨੂੰ ਵੀ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ





**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 17, 18, 19 ਨਵੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਦੀ ਰੀਮਾਡਲਿੰਗ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਜੀ ਦੇ ਜਾਪ ਕਰਵਾਏ ਗਏ, ਜਿਸ ਵਿਚ 17 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 19 ਨਵੰਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਭਾਈ ਦਰਸ਼ਨ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਬੀਬੀ ਅਲੋਚਨਾ ਰਾਏ, ਭਾਈ ਜੋਗਿੰਦਰ ਸਿੰਘ ਸ਼ੌਂਕੀ ਜੀ ਨੇ ਵੀ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਇਹਨਾਂ ਸਮਾਗਮਾਂ ਵਿਚ ਤਿੰਨੇ ਦਿਨ ਸੰਗਤਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਮੰਘਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।**
**ਤਿਨ ਕੀ ਸੋਭਾ ਕਿਆਗਈ ਜਿ ਸਾਹਿਬ ਮੇਲੜੀਆਹ।**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 16 ਨਵੰਬਰ ਦਿਨ ਵੀਰਵਾਰ ਨੂੰ ਸ਼ਾਮਾਂ ਦੇ ਦੀਵਾਨ ਵਿਚ ਮੰਘਰਿ ਮਹੀਨੇ ਦੀ ਸੰਗਰਾਂਦ ਮਨਾਈ ਗਈ।

ਜਿਸ ਵਿਚ ਸ਼ਾਮ ਵੇਲੇ ਸ੍ਰੀ ਰਹਿਰਾਸ ਸਾਹਿਬ, ਬਾਰਹ ਮਾਹਾ ਮਾਂਝ ਮਹਲਾ 5 ਬਾਣੀਆਂ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ ਸੰਵਿਧਾਨ



ਕੁਲਦੀਪ ਚੰਦ
91-9417563054

ਅੱਜ ਅਸੀਂ ਭਾਰਤੀ ਸੰਵਿਧਾਨ ਦਿਵਸ ਮਨਾ ਰਹੇ ਹਾਂ। ਭਾਰਤ ਦਾ ਸੰਵਿਧਾਨ ਜੋਕਿ ਦੁਨੀਆ ਦਾ ਸਭਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੂਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਸੰਵਿਧਾਨ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਅੰਤਰ-ਰਾਸ਼ਟਰੀ ਮਸ਼ਹੂਰ ਕ੍ਰਾਂਤੀਕਾਰੀ ਕਾਮਰੇਡ ਐਮ ਐਨ ਰਾਓ ਨੇ 1934 ਵਿੱਚ ਦਿੱਤਾ ਸੀ ਜਿਸਨੂੰ ਕਾਂਗਰਸ ਨੇ 1935 ਵਿੱਚ ਸਵਿਕਾਰ ਕਰ ਲਿਆ। 1940 ਵਿੱਚ ਬ੍ਰਿਟੇਨ ਨੇ ਇੱਕ ਪ੍ਰਸਤਾਵ ਪੇਸ ਕੀਤਾ ਜਿਸਨੂੰ ਅਗੱਸਤ ਆਫਰ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਭ;ਰਤ ਵਾਸੀਆਂ ਵਲੋਂ ਅਪਣਾ ਸੰਵਿਧਾਨ ਬਣਾਉਣ ਨੂੰ ਮਾਨਤਾ ਦੇਣਾ ਵੀ ਸ਼ਾਮਿਲ ਸੀ। ਇਸ ਲਈ ਭਾਰਤੀਆਂ ਨੇ ਦੂਜੇ ਵਿਸ਼ਵ ਯੁੱਧ ਵਿੱਚ ਬ੍ਰਿਟੇਨ ਦੀ ਮੱਦਦ ਕੀਤੀ। ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬ੍ਰਿਟੇਨ ਨੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਿਨਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜ਼ਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੋਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿਚੋਂ ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜੇਂਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸਨ। ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਉਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੂਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਗਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗੱਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕਾ ਗ੍ਰਿਹ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਸਰ ਬੈਨੇਗਲ ਨਾਰਸਿੰਗ ਰਾਓ ਨੂੰ ਜੋ ਕਿ 1950-54 ਦੌਰਾਨ ਪਹਿਲੇ ਭਾਰਤੀ ਅੰਤਰਰਾਸ਼ਟਰੀ ਨਿਆਂ ਜਸਟਿਸ ਰਹੇ ਹਨ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਦੀ ਮੌਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਲੱਗਭੱਗ 166 ਦਿਨ ਆਮ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ। ਡਰਾਫਟ ਸੰਵਿਧਾਨ ਤੇ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ 2000 ਸੋਧ ਕੀਤੇ ਗਏ।

ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟਿਸ਼ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਅੱਜ ਦੇ ਦਿਨ 26 ਨਵੰਬਰ 1949 ਨੂੰ ਸਾਰੀ ਕਾਰਵਾਈ ਮੁਕੰਮਲ ਹੋ ਗਈ ਅਤੇ ਸਵਿੰਧਾਨ ਸਭਾ ਨੇ ਸਵਿੰਧਾਨ ਸਵਿਕਾਰ ਕਰ ਲਿਆ। ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ।




ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਤਕਰੀਬਨ 6 ਕਰੋੜ (ਉਸ ਸਮੇਂ) ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਹੋਈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6, 7, 8, 9, 60, 324, 366, 367, 379, 380, 388, 391, 392, 393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖੱਤ ਕੀਤੇ। ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮਮਨੋਹਰ ਸਿਨਹਾ ਅਤੇ ਨੰਦਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। ਅੰਤ 26 ਜਨਵਰੀ, 1950 ਨੂੰ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਨ ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸੀ ਕਿਉਂਕਿ 26 ਜਨਵਰੀ 1930 ਨੂੰ ਹੀ ਕਾਂਗਰਸ ਨੇ ਸੰਪੂਰਨ ਸਵੈਰਾਜ ਦਿਵਸ ਮਨਾਇਆ ਸੀ ਅਤੇ ਮੁਕੰਮਲ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸਾਲ 2015 ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਸੰਵਿਧਾਨ ਦਿਵਸ ਦੇ ਤੋਰ ਤੇ ਮਨਾਉਣ ਦੀ ਘੋਸ਼ਣਾ ਵੀ ਕੀਤੀ ਗਈ। ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਸੰਵਿਧਾਨ ਲਾਗੂ ਹੋਣ ਤੋਂ 67 ਸਾਲ ਬਾਦ ਵੀ ਦੇਸ਼ ਦੇ ਬਹੁਤੇ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਵਿੱਚ ਦੇਸ਼ ਦੇ ਵੱਖ ਵੱਖ ਵਰਗਾਂ ਦੀ ਸੁਰੱਖਿਆ ਅਤੇ ਖੁਸ਼ਹਾਲੀ ਦਾ ਲਾਭ ਸਹੀ ਅਰਥਾਂ ਵਿੱਚ ਉਨ੍ਹਾਂ ਵਰਗਾਂ ਤੱਕ ਪਹੁੰਚ ਸਕੇ ਅਤੇ ਹਰ ਵਰਗ ਅਪਣੇ ਆਪ ਨੂੰ ਸੱਚਾ ਭਾਰਤੀ ਹੋਣ ਤੇ ਮਾਣ ਮਹਿਸੂਸ ਕਰ ਸਕੇ।

## ਮਸੀਹੀ ਸੰਸਾਰ ਦੀ ਡੈਸਕ ਤੋਂ

# ਪਾਸਟਰ ਜਤਿੰਦਰ ਪੀ ਗਿੱਲ ਦੀ ਭਾਰਤ ਫੇਰੀ

ਬੀਤੇ ਦਿਨੀ ਬੈਥਲਹਮ ਪੰਜਾਬੀ ਚਰਚ ਨਿਊਯਾਰਕ ਦੇ ਪਾਸਟਰ ਜਤਿੰਦਰ ਪੀ. ਗਿੱਲ ਪ੍ਰਭੂ ਯਿਸੂ ਮਸੀਹ ਜੀ ਦੇ ਵਚਨ ਦੇ ਪ੍ਰਚਾਰ ਲਈ ਆਪਣੇ ਸਾਥੀਆਂ ਪਾਸਟਰ ਤਿਮੋਥੀ ਅਤੇ ਪਾਸਟਰ ਐਰਿਕ ਮਿਲਵਾਨੀ ਨਾਲ ਭਾਰਤ ਦੇ ਦੌਰੇ ਤੇ ਗਏ। ਬੈਥਲਹਮ ਚਰਚ ਗੁੰਮਟਾਲਾ ਦੇ ਪਾਸਟਰ ਜਤਿਦਰ ਗਿੱਲ ਅਤੇ ਉਨ੍ਹਾਂ ਦੀ ਕਲੀਸਿਆ ਵਲੋਂ ਸਭ ਦਾ ਨਿੱਘਾ ਸਵਾਗਤ ਕੀਤਾ ਗਿਆ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੈਥਲਹਮ ਚਰਚ ਗੁਮਟਾਲਾ ਵਲੋਂ 2 ਰੋਜ਼ਾ ਮਸੀਹੀ ਕਨਵੈਨਸ਼ਨ ਕਰਵਾਈ ਗਈ ਜਿਸ ਦਾ ਉਦਘਾਟਨ ਪਾਸਟਰ ਜਤਿੰਦਰ ਪੀ. ਗਿੱਲ, ਤਿਮੋਥੀ ਡਿਸੂਜਾ ਅਤੇ ਪਾਸਟਰ ਐਰਿਕ ਮਲਵਾਨੀ ਨੇ ਸਾਂਝੇ ਤੌਰ ਤੇ ਕੀਤਾ।



ਇਸ ਦੌਰਾਨ ਪਾਸਟਰ ਸਾਹਿਬਾਨ ਨੇ ਸੰਗਤ ਨੂੰ ਪਵਿੱਤਰ ਪੁਸਤਕ ਬਾਈਬਲ ਦੇ ਹਵਾਲੇ ਨਾਲ ਵਚਨ ਸੁਣਾਉਂਦੇ ਹੋਏ ਦੱਸਿਆ ਕਿ ਪਰਮੇਸ਼ਵਰ ਦਾ ਵਚਨ ਮਨੁੱਖ ਲਈ ਦੀਪਕ ਦੇ ਸਮਾਨ ਹੈ ਜਿਸ ਦੀ ਰੋਸ਼ਨੀ ਨਾਲ ਮਨੁੱਖ ਨੂੰ ਪਰਮੇਸ਼ਵਰ ਦੇ ਰਾਜ ਵਿੱਚ ਜਾਣ ਲਈ ਰਸਤਾ ਮਿਲਦਾ ਹੈ। ਉਹਨ ਨੇ ਦੱਸਿਆ ਕਿ ਪ੍ਰਭੂ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਸੁਮੇਲ ਨਾਲ ਮਨੁੱਖੀ ਜੀਵਨ ਬਦਲ ਦੇ ਕੇ ਪਵਿੱਤਰ ਹੋ ਜਾਂਦਾ ਅਤੇ ਮਨੁੱਖ ਪਾਪਾਂ ਤੋਂ ਤੋਬਾ ਕਰਕੇ ਆਪਣਾ ਜੀਵਨ ਪ੍ਰਭੂ ਦੇ ਦੱਸੇ ਹੋਏ ਮਾਰਗ ਅਨੁਸਾਰ ਬਤੀਤ ਕਰਕੇ ਪਰਮੇਸ਼ਵਰ ਦੇ ਰਾਜ ਦੇ ਭਾਗੀ ਹੋਣ ਦਾ ਹੱਕਦਾਰ ਬਣ ਜਾਂਦਾ ਹੈ। ਦੋ ਦਿਨਾਂ ਕੈਨਵੈਨਸ਼ਨ ਦੌਰਾਨ ਰੋਗੀਆਂ ਲਈ ਪ੍ਰਾਰਥਨਾਵਾਂ ਕੀਤੀਆਂ ਗਈਆਂ। ਇਸ ਦੌਰਾਨ ਮਸੀਹੀ ਭਜਨਾਂ ਦੇ ਮੁਕਾਬਲੇ ਵੀ ਕਰਵਾਏ ਗਏ।

ਇਸ ਦੌਰੇ ਦੌਰਾਨ ਪਾਸਟਰ ਜਤਿੰਦਰ ਪੀ. ਗਿੱਲ ਨੇ ਓਪਰ ਡੋਰ ਚਰਚ ਖੋਜੇਵਾਲ ਵਿਖੇ ਚਰਚ ਦੇ ਮੁਖ ਪ੍ਰਬੰਧਕ ਪਾਸਟਰ ਹਰਪ੍ਰੀਤ ਸਿੰਘ ਦਿਓਲ ਦੀ ਅਗਵਾਈ ਹੇਠ ਅਯੋਜਨ ਸਭਾ ਨੂੰ ਵੀ ਸੰਬੋਧਨ ਕਰਦਿਆਂ ਸੰਗਤ ਨੂੰ ਕਿਹਾ ਕਿ ਕਈ ਵਾਰ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਨਾ ਮਿਲਣ ਕਾਰਨ ਅਸੀਂ ਮਾਯੂਸ ਹੋ ਜਾਂਦੇ ਹਾਂ ਪਰੰਤੂ ਸਨੂੰ ਆਪਣਾ ਵਿਸ਼ਵਾਸ ਕਾਇਮ ਰੱਖ ਕੇ ਪ੍ਰਭੂ ਯਿਸੂ ਮਸੀਹ ਜੀ ਅੱਗੇ ਪ੍ਰਾਰਥਨਾ ਕਰਦੇ ਰਹਿਣਾ ਚਾਹੀਦਾ ਹੈ। ਪ੍ਰਾਰਥਨਾਵਾਂ ਕਰਨ ਨਾਲ ਜਿੱਥੇ ਸਾਨੂੰ ਬਰਕਤਾਂ ਮਿਲਦੀਆਂ ਹਨ, ਉਥੇ ਸਾਡੀ ਆਤਮਾ ਵੀ ਪਵਿੱਤਰ ਹੁੰਦੀ ਹੈ। ਇਸ ਸਭਾ ਦੌਰਾਨ ਦੂਰੋਂ ਨੇੜਿਓਂ ਸੰਗਤ ਨੇ ਹੁੰਮ ਹੁੰਮਾ ਕੇ ਸ਼ਿਰਕਤ ਕੀਤੀ ਤੇ ਪ੍ਰਭੂ ਦੀ ਬਰਕਤਾਂ ਪਾਈਆਂ। ਫਾਇਰ ਐਂਡ ਫੇਥ ਚਰਚ, ਪਿੰਡ ਕਾਂਗਣਾ ਨਕੋਦਰ ਵਿਖੇ ਰੈਵ. ਡੈਨੀਅਲ ਦੇ ਪ੍ਰਬੰਧਾਂ ਹੇਠ ਪ੍ਰਾਰਥਨਾ ਸਭਾ ਕਰਵਾਈ ਗਈ। ਚਰਚ ਦੇ ਪ੍ਰਬੰਧਕ ਰੈਵ. ਡੈਨੀਅਲ ਨੇ ਪਾਸਟਰ ਜਤਿੰਦਰ ਪੀ. ਗਿੱਲ, ਪਾਸਟਰ ਤਿਮੋਥੀ ਡਿਸੂਜਾ ਅਤੇ ਪਾਸਟਰ ਐਰਿਕ ਮਿਲਵਾਨੀ ਦਾ ਹਾਰਦਿਕ ਸਵਾਗਤ ਕੀਤਾ। ਉਕਤ ਪਾਸਟਰ ਸਾਹਿਬਾਨ ਨੇ ਬਾਈਬਲ ਦੇ ਹਵਾਲੇ ਨਾਲ ਵਚਨ ਦਾ ਪ੍ਰਚਾਰ ਕੀਤਾ। ਉਪਰੰਤ ਆਈਆਂ ਸੰਗਤਾਂ ਨੂੰ ਪ੍ਰਭੂ ਤੋਂ ਬਰਕਤਾਂ ਪਾਈਆਂ। ਇਸ ਵਿਸ਼ੇਸ਼ ਮੌਕੇ ਤੇ ਭਜਨ ਮੰਡਲੀਆਂ ਵਲੋਂ ਪ੍ਰਭੂ ਯਿਸੂ ਮਸੀਹ ਜੀ ਦੀ ਮਹਿਮਾ ਲਈ ਭਜਨ ਗਾਏ ਗਏ ਅਤੇ ਪ੍ਰਭਾਵਸ਼ਾਲੀ ਅਰਾਧਨਾ ਕੀਤੀ ਗਈ।

ਪ੍ਰਭੂ ਦੇ ਵਚਨ ਨਾਲ ਇਹਨਾਂ ਸਭਾਵਾਂ ਨੂੰ ਪਾਸਟਰ ਸਾਹਿਬਾਨ ਦੁਆਰਾ ਸੰਪੰਨ ਕੀਤਾ ਗਿਆ। ਪਾਸਟਰ ਜਤਿੰਦਰ ਪੀ ਗਿੱਲ ਅਤੇ ਦੂਸਰੇ ਪਾਸਟਰ ਸਾਹਿਬਾਨ ਨੇ ਇਸ ਭਾਰਤੀ ਦੌਰੇ ਦੌਰਾਨ ਦਿਨ ਰਾਤ ਪ੍ਰਭੂ ਯਿਸੂ ਮਸੀਹ ਜੀ ਦੇ ਵਚਨ ਰਾਹੀਂ ਸੇਵਕਾਈ ਕੀਤੀ ਜਿਸ ਦੀ ਸਾਰੀ ਸੰਗਤ ਨੇ ਭਰਪੂਰ ਅਨੰਦ ਮਾਣਿਆ ਤੇ ਸਭ ਨੇ ਖੂਬ ਬਰਕਤਾਂ ਪਾਈਆਂ।

# ਅੰਮ੍ਰਿਤਸਰ 'ਚ ਮਸੀਹੀ ਸ਼ਾਂਤੀ



**ਅੰਮ੍ਰਿਤਸਰ** - ਰਣਜੀਵ ਐਵੇਨਿਊ ਵਿਖੇ ਮਸੀਹੀ ਸ਼ਾਂਤੀ ਉਤਸਵ ਰੈਵ. ਰਾਮਜੀਤ ਸਿੰਘ ਦੀ ਅਗਵਾਈ ਵਿੱਚ ਹੋਇਆ ਜਿਸ ਵਿੱਚ ਇੰਟਰਨੈਸ਼ਨਲ ਗੌਸਪਲ ਸਿੰਗਰ ਅਨਿਲ ਕਾਂਤ ਨੇ ਪ੍ਰਭੂ ਯਿਸੂ ਦੀਆਂ ਸਿੱਖਿਆਵਾਂ ਤੇ ਅਧਾਰਿਤ ਗੀਤਾਂ ਨਾਲ ਸਮੇਂ ਨੂੰ ਬਨ੍ਹ ਰੱਖਿਆ। ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਲੋਕ ਪ੍ਰਭੂ ਯਿਸੂ ਦੇ ਦਰ ਦੀਆਂ ਬਰਕਤਾਂ ਨਾਲ ਭਰਪੂਰ ਹੋ ਕੇ ਆਪਣੇ ਘਰਾਂ ਨੂੰ ਪੁੱਜੇ। ਇਸ ਮੌਕੇ ਤੇ ਅਤੀ ਸਤਿਕਾਰਤ ਪੀ.ਕੇ. ਸਾਮੰਤਾ ਰਾਏ ਮਾਡਰੇਟਰ ਸੀ.ਐਨ.ਆਈ., ਬਿਸ਼ਪ ਪੀ.ਕੇ ਜੌਹਨ, ਡਾ. ਗੁਰਸ਼ਰਨ ਕੌਰ, ਓਪਨ ਡੋਰ ਚਰਚ, ਪਾਸਟਰ ਇਮਾਨੂੰਏਲ ਰਾਜਾ ਝੱਬਾਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਪ੍ਰਬੰਧਕ ਕਮੇਟੀ ਮੈਂਬਰਾਂ ਦੇ ਨਾਮ ਇਸ ਪ੍ਰਕਾਰ ਹਨ ਪਾਸਟਰ ਰਵਿੰਜਰ ਸ਼ਰਮਾ, ਪਾਸਟਰ ਵਿਲੀਅਮ ਖੋਖਰ, ਪਾਸਟਰ ਰਮਨ ਕੁਮਾਰ, ਪਾਸਟਰ ਦੀਪਕ ਮੈਥੀਊ ਤੇ ਅੰਮ੍ਰਿਤਸਰ ਤੋਂ ਸਾਰੇ ਪਾਸਟਰ ਸਾਹਿਬਾਨ ਪੁੱਜੇ ਜਿਨ੍ਹਾਂ ਵਿੱਚ ਅੰਮ੍ਰਿਤਸਰ ਤੋਂ ਲੀਡਰ ਸਾਹਿਬਾਨ ਡੈਨੀਅਲ ਮਸੀਹ, ਬਲਵਿੰਦਰ ਜੌਹਨ, ਅਨਵਰ ਮਸੀਹ, ਜਸਪਾਲ ਮਸੀਹ , ਉਲਫਤ ਰਾਜ ਪ੍ਰਧਾਨ ਰਾਸ਼ਟਰੀ ਪੀਸ ਕੌਂਸਲ, ਪਾਸਟਰ ਸੋਖਾ ਮਸੀਹ ਤਰਨ ਤਾਰਨ, ਮੇਜਰ ਮੰਗਾ ਮਸੀਹ ਬਿਆਸ, ਪਾਸਟਰ ਕਰਨੈਲ ਸਿੰਘ ਅਜਨਾਲਾ, ਪਾਸਟਰ ਐਸ.ਐਸ. ਚੌਧਰੀ ਬਟਾਲਾ ਸ਼ਾਮਲ ਹਨ

**-ਪਾਸਟਰ ਰਵਿੰਦਰ ਕੁਮਾਰ ਸ਼ਰਮਾ**

# ਦੁਨੀਆਂ ਮੁੜ ਵਿਸ਼ਵ ਜੰਗ ਦੇ ਕੰਢੇ 'ਤੇ ਪੋਪ

ਰੋਮ- ਅਤੀ ਸਤਿਕਾਰਤ ਪੋਪ ਫਰਾਂਸਿਸ ਨੇ ਇੱਕ ਵਾਰ ਹੋਰ ਵੱਡੀ ਜੰਗ ਦਾ ਡਰ ਪ੍ਰਗਟ ਕੀਤਾ ਹੈ। ਇਟਲੀ ਵਿੱਚ ਅਮਰੀਕੀ ਫੌਜੀਆਂ ਦੇ ਕਬਰਿਸਤਾਨ ਦਾ ਦੌਰਾ ਕਰਨ ਪਿਛੋਂ ਉਨ੍ਹਾਂ ਕਿਹਾ ਕਿ ਦੁਨੀਆਂ ਇੱਕ ਵਾਰ ਮੁੜ ਵਿਸ਼ਵ ਜੰਗ ਦੇ ਕੰਢੇ 'ਤੇ ਖੜ੍ਹੀ ਹੈ। ਇਸ ਤੋਂ ਮਨੁੱਖਤਾ ਨੂੰ ਬਚਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜੰਗ ਕਾਰਨ ਨਿਰਦੋਸ਼ਾਂ ਦੀ ਮੌਤ ਤੋਂ ਬਿਨਾਂ ਕੁਝ ਵੀ ਹਾਸਲ ਨਹੀਂ ਹੋਵੇਗਾ। ਉਨ੍ਹਾਂ ਉੱਤਰੀ ਕੋਰੀਆ ਅਤੇ ਅਮਰੀਕਾ ਦਰਮਿਆਨ ਵੱਧ ਰਹੇ ਤਣਾਅ ਤੇ ਵੀ ਚਿੰਤਾ ਪ੍ਰਗਟਾਈ।

## ਸ਼ਹੀਦੀ ਪੁਰਬ ਲਈ ਵਿਸ਼ੇਸ਼

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁਤੀ ਸ਼ਹਾਦਤ



ਔਰੰਗਜ਼ੇਬ ਨੇ ਜਿਸ ਤਰ੍ਹਾਂ ਪਿਉ, ਸ਼ਾਹਜਹਾਨ ਤੇ ਭੈਣ ਨੂੰ ਕੈਦ ਅਤੇ ਭਰਾਵਾਂ ਦਾ ਕਤਲ ਕਰਨ ਤੋਂ ਬਾਅਦ ਪੀਰਾਂ-ਫਕੀਰਾਂ ਪੁਰ ਜ਼ੁਲਮ ਢਾਹ, ਦਿੱਲੀ ਦਾ ਤਖਤ ਹਥਿਆਇਆ, ਉਸਦੇ ਫਲਸਰੂਪ ਮੁਲਾਂ-ਮੌਲਵੀਆਂ ਤੇ ਉਸਦੇ ਆਪਣੇ ਦੀਨ-ਭਰਾਵਾਂ, ਮੁਸਲਮਾਨਾਂ ਦਾ ਇੱਕ ਵੱਡਾ ਹਿਸਾ, ਉਸ ਨਾਲ ਨਾਰਾਜ਼ ਹੋ, ਬਗਾਵਤ ਕਰਨ ਦੀਆਂ ਵਿਉਂਤਾਂ ਗੁੰਦਣ ਲਗ ਪਿਆ ਸੀ। ਜਿਸਦੀਆਂ ਮਿਲ ਰਹੀਆਂ ਸੂਹਾਂ ਨੇ ਔਰੰਗਜ਼ੇਬ ਨੂੰ ਪ੍ਰੇਸ਼ਾਨ ਕਰ ਦਿੱਤਾ। ਇਸ ਸਥਿਤੀ ਵਿਚੋਂ ਉਭਰਨ ਅਤੇ ਹਾਲਾਤ ਨੂੰ ਸੰਭਾਲਣ ਦੇ ਉਦੇਸ਼ ਨਾਲ ਉਸਨੇ ਆਪਣੇ-ਆਪਨੂੰ ਦੀਨ ਦਾ ਸਭ ਤੋਂ ਵਡਾ ਸ਼ੁਭਚਿੰਤਕ ਸਾਬਤ ਕਰ, ਮੁਸਲਮਾਨਾਂ ਦੇ ਦਿਲ ਵਿੱਚ ਆਪਣੇ ਪ੍ਰਤੀ ਵਿਸ਼ਵਾਸ ਪੈਦਾ ਕਰਨ ਲਈ, ਗੈਰ-ਮੁਸਲਮਾਨਾਂ, ਵਿਸ਼ੇਸ਼ ਕਰਕੇ ਹਿੰਦੂਆਂ ਪੁਰ ਜ਼ੁਲਮ ਢਾਹੁਣੇ ਅਤੇ ਉਨ੍ਹਾਂ ਨੂੰ ਡਰਾ, ਧਮਕਾ ਅਤੇ ਲਾਲਚ ਦੇ ਦੀਨ ਵਿੱਚ ਸ਼ਾਮਲ ਕਰਨ ਦੀ ਮੁਹਿਮ ਸ਼ੁਰੂ ਕਰ ਦਿੱਤੀ।



ਜਸਵੰਤ ਸਿੰਘ 'ਅਜੀਤ'
91-95827-198 90

ਇਹ ਮੁਹਿੰਮ ਉਸਨੇ ਕਸ਼ਮੀਰ ਤੋਂ ਅਰੰਭ ਕੀਤੀ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਪਹਿਲਾਂ ਕਸ਼ਮੀਰ ਨੂੰ ਹੀ ਕਿਉਂ ਚੁਣਿਆ? ਔਰੰਗਜ਼ੇਬ ਦੀ ਇਸ ਨੀਤੀ ਦੇ ਸੰਬੰਧ ਵਿੱਚ ਇਤਿਹਾਸਕਾਰਾਂ ਨੇ ਵੱਖ-ਵੱਖ ਵਿਚਾਰ ਪ੍ਰਗਟਾਏ ਹਨ। ਭਾਈ ਮਨੀ ਸਿੰਘ ਅਨੁਸਾਰ ਉਸਨੇ ਸੋਚਿਆ ਕਿ ਕਸ਼ਮੀਰ ਵਿੱਚ ਬ੍ਰਾਹਮਣ ਵੱਡੀ ਗਿਣਤੀ ਵਿੱਚ ਵਸਦੇ ਹਨ, ਜੋ ਹਿੰਦੂਆਂ ਨੂੰ ਧਾਰਮਕ ਸਿਖਿਆ ਦੇ, ਉਨ੍ਹਾਂ ਨੂੰ ਆਪਣੇ ਧਰਮ ਵਿੱਚ ਪਰਪੱਕ ਰਹਿਣ ਦੀ ਪ੍ਰੇਰਨਾ ਕਰਦੇ ਹਨ। ਜੇ ਇਨ੍ਹਾਂ ਨੂੰ ਮੁਸਲਮਾਣ ਬਣਾ ਲਿਆ ਜਾਏ ਤਾਂ ਬਾਕੀ ਹਿੰਦੂਆਂ ਨੂੰ ਮੁਸਲਮਾਣ ਬਣਾਉਣ ਵਿੱਚ ਉਸਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਹੀਂ ਆਇਗੀ। ਇਨ੍ਹਾਂ ਨੂੰ ਵੇਖ, ਉਹ ਆਪਣੇ-ਆਪ ਹੀ ਇਸਲਾਮ ਧਰਮ ਅਪਨਾਣ ਲਈ ਅਗੇ ਆਉਣ ਲਗਣਗੇ।

ਇਸੇ ਸੋਚ ਅਧੀਨ ਔਰੰਗਜ਼ੇਬ ਨੇ ਪਹਿਲਾਂ ਕਸ਼ਮੀਰ ਦੇ ਬ੍ਰਾਹਮਣਾ ਅਤੇ ਦੂਸਰੇ ਹਿੰਦੂਆਂ ਨੂੰ ਮੁਸਲਮਾਣ ਬਣਨ ਤੇ ਮਜਬੂਰ ਕਰਨ ਲਈ, ਉਨ੍ਹਾਂ ਪੁਰ ਜ਼ੁਲਮ ਢਾਹੁਣਾ ਸ਼ੁਰੂ ਕਰ ਦਿੱਤਾ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਸਾਮ-ਦਾਮ-ਦੰਡ ਦਾ ਹਰ ਢੰਗ ਅਪਨਾਇਆ। ਔਰੰਗਜ਼ੇਬ ਵਲੋਂ ਇਸ ਤਰ੍ਹਾਂ ਕੀਤੇ ਜਾ ਰਹੇ ਅੰਨ੍ਹੇ ਜ਼ੁਲਮਾਂ ਤੋਂ ਘਬਰਾ, ਆਪਣੇ ਧਰਮ ਨੂੰ ਬਚਾਣ ਦੀ ਪੁਕਾਰ ਲੈ ਕਸ਼ਮੀਰੀ ਬ੍ਰਾਹਮਣਾ ਦਾ ਇੱਕ ਪ੍ਰਤੀਨਿਧੀ ਮੰਡਲ, ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਹਿੰਦੂ-ਰਾਜਪੂਤ ਰਾਜਿਆਂ ਦਾ ਦਰ ਖੜਕਾਉਣ ਤੁਰ ਪਿਆ। ਇਨ੍ਹਾਂ ਪੰਡਤਾਂ ਦੇ ਪ੍ਰਤੀਨਿਧੀ ਮੰਡਲ ਨੇ ਜਾ ਹਰ ਹਿੰਦੂ-ਰਾਜਪੂਤ ਰਾਜੇ ਦੇ ਦਰ ਤੇ ਦਸਤਕ ਦਿੱਤੀ।

ਪਰ ਉਨ੍ਹਾਂ ਦੀ ਮਦਦ ਲਈ ਕੋਈ ਵੀ ਤਿਆਰ ਨਾ ਹਇਆ। ਕਿਸੇ ਨੇ ਰੁਝੇਵਿਆਂ ਵਿੱਚ ਰੁਝੇ ਹੋਣ ਦਾ ਬਹਾਨਾ ਕਰ ਇਨ੍ਹਾਂ ਨਾਲ ਮੁਲਾਕਾਤ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਅਤੇ ਕਿਸੇ ਨੇ ਮੁਗਲ ਹਕੂਮਤ ਦੇ ਮੁਕਾਬਲੇ ਆਪਣੇ-ਆਪ ਦੇ ਬਹੁਤ ਹੀ ਕਮਜ਼ੋਰ ਹੋਣ ਦੀ ਗਲ ਕਹਿ, ਕਿਸੇ ਵੀ ਤਰ੍ਹਾਂ ਦੀ ਮਦਦ ਕਰ ਸਕਣ ਦੇ ਸਮਰਥ ਨਾ ਹੋਣ ਦੀ ਗਲ ਕਹਿ ਆਪਣਾ ਪਿਛਾ ਛੁਡਾ ਲਿਆ। ਸਭ ਪਾਸਿਉਂ ਨਿਰਾਸ਼ ਹੋ ਜਦੋਂ ਉਹ ਵਾਪਸ ਮੁੜੇ ਤਾਂ ਰਸਤੇ ਵਿੱਚ ਜਿਥੇ ਕਿਥੇ ਵੀ ਪੜਾਅ ਕਰਦੇ, ਆਪੋ ਵਿੱਚ ਮਿਲ ਬੈਠ ਸਲਾਹ ਕਰਦੇ ਕਿ ਹੁਣ ਕੀ ਕੀਤਾ ਜਾਏ ਅਤੇ ਕਿਹੜਾ ਰਾਹ ਅਪਨਾਇਆ ਜਾਏ, ਜਿਸ ਨਾਲ ਉਨ੍ਹਾਂ ਦਾ ਧਰਮ ਅਤੇ ਜਾਨ-ਮਾਲ, ਬਚ ਸਕਣ, ਪਰ ਉਨ੍ਹਾਂ ਨੂੰ ਕੋਈ ਵੀ ਰਾਹ ਵਿਖਾਈ ਨਾ ਦਿੰਦਾ। ਇਤਿਹਾਸਕ ਮਾਨਤਾ ਅਨੁਸਾਰ ਇੱਕ ਰਾਤ ਪੰਡਤ ਕ੍ਰਿਪਾ ਰਾਮ ਨੂੰ ਸੁਪਨੇ ਵਿੱਚ ਸ਼ਿਵ ਜੀ ਦੇ ਦਰਸ਼ਨ ਹੋਏ, ਜਿਨ੍ਹਾਂ ਉਸਨੂੰ ਕਿਹਾ ਕਿ ਉਹ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਜਾਣ। ਉਸਨੇ ਉਸੇ ਸਮੇਂ ਉਠ ਆਪਣੇ ਸਾਥੀਆਂ ਨਾਲ ਸੁਪਨੇ ਦੀ ਗਲ ਸਾਂਝੀ ਕੀਤੀ।

ਕ੍ਰਿਪਾ ਰਾਮ ਪਾਸੋਂ ਸੁਪਨੇ ਦੀ ਗਲ ਸੁਣ, ਉਸਦੇ ਸਾਥੀ ਬ੍ਰਾਹਮਣਾਂ ਨੂੰ ਆਪਣਾ ਧਰਮ ਬਚ ਜਾਣ ਦੀ ਕੁਝ ਆਸ ਤਾਂ ਬਝੀ, ਪਰ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਡਰੇ ਉਹ ਪੁਰੀ ਤਰ੍ਹਾਂ ਨਿਸ਼ਚਿੰਤ ਨਾ ਹੋ ਸਕੇ।

ਇਸਦਾ ਕਾਰਣ ਉਹ ਇਹ ਸਮਝਦੇ ਸਨ, ਕਿ ਜੇ ਹਿੰਦੂ ਰਾਜਪੂਤ ਰਾਜਿਆਂ ਨੇ ਫੌਜੀ ਸ਼ਕਤੀ ਹੋਣ ਦੇ ਬਾਵਜੂਦ ਉਨ੍ਹਾਂ ਦੀ ਬਾਂਹ ਨਹੀਂ ਫੜੀ ਤਾਂ ਇੱਕ ਫਕੀਰ ਬਾਬਾ ਨਾਨਕ ਦੀ ਗਦੀ ਦਾ ਵਾਰਿਸ ਉਨ੍ਹਾਂ ਦੀ ਸਹਾਇਤਾ ਕਿਵੇਂ ਕਰ ਸਕੇਗਾ? ਫਿਰ ਵੀ 'ਡੁਬਦੇ ਨੂੰ ਤਿਨਕੇ ਦਾ ਸਹਾਰਾ' ਮੰਨ ਉਹ ਅਨੰਦਪੁਰ ਸਾਹਿਬ ਵਲ ਤੁਰ ਪਏ।

ਅਨੰਦਪੁਰ ਸਾਹਿਬ ਪੁੱਜ ਕੇ ਉਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਜਾ ਪੁਕਾਰ ਕੀਤੀ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਵਿੱਚ ਕਸ਼ਮੀਰੀ ਪੰਡਤਾਂ ਨੇ ਗਲ ਵਿੱਚ ਪਲਾ ਪਾ ਸਤਿਗੁਰਾਂ ਦੇ ਚਰਨਾਂ ਵਿੱਚ ਅਰਜੋਈ ਕੀਤੀ ਕਿ : 'ਬਾਹਿ ਅਸਾਡੀ ਪਕੜੀਏ ਗੁਰੂ ਹਰਿਗੋਬਿੰਦ ਕੇ ਚੰਦ' ਜਿਸ ਤੇ ਸ੍ਰੀ ਤੇਗ ਬਹਾਦਰ ਜੀ ਨੇ ਫੁਰਮਾਇਆ : 'ਚਿਤ ਚਰਨ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਏ। ਬਾਹਿ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਹਿ ਨਾ ਛੋੜੀਐ'। 'ਸ਼ਹੀਦ ਬਿਲਾਸ' ਦੇ ਲੇਖਕ ਨੇ ਇਸ ਸਥਿਤੀ ਦਾ ਵਰਣਨ ਇਉਂ ਕੀਤਾ ਹੈ : 'ਤਬ ਸਤਿਗੁਰ ਇਵ ਮਨ ਠਹਿਰਾਈ। ਬਿਨ ਸਿਰ ਦੀਏ ਜਗਤ ਦੁਖ ਪਾਈ'।

ਸ੍ਰੀ ਗੁਰੂ ਤੇਗ ਬਹਾਦਰ ਜੀ, ਜੋ ਸਾਰੇ ਹਾਲਾਤ ਤੋਂ ਪਹਿਲਾਂ ਹੀ ਜਾਣੂ ਸਨ, ਨੇ ਬਹੁਤ ਹੀ ਸੋਚ-ਵਿਚਾਰ ਕੇ ਪੰਡਤਾਂ ਨੂੰ ਕਿਹਾ ਕਿ ਅਜਿਹੇ ਹਾਲਾਤ ਵਿੱਚ ਤੁਹਾਡੀ ਅਤੇ ਤੁਹਾਡੇ ਧਰਮ ਦੀ ਰਖਿਆ ਤਾਂ ਹੀ ਹੋ ਸਕਦੀ ਹੈ, ਜੇ ਕੋਈ ਮਹਾਨ ਆਤਮਾ ਆਪਣਾ ਬਲੀਦਾਨ ਦੇਣ ਲਈ ਤਿਆਰ ਹੋਵੇ। ਸਿੱਖ ਇਤਿਹਾਸ ਅਨੁਸਾਰ ਇਸੇ ਸਮੇਂ ਬਾਲਕ ਗੋਬਿੰਦ ਰਾਏ ਜੀ ਖੇਡਦੇ-ਖੇਡਦੇ ਦਰਬਾਰ ਵਿੱਚ ਆ ਗਏ। ਉਨ੍ਹਾਂ ਸਾਰੀ ਗਲ ਸੁਣ, ਕਿਹਾ ਕਿ ਪਿਤਾ ਗੁਰਦੇਵ, ਇਸ ਸਮੇਂ ਸੰਸਾਰ ਵਿੱਚ ਤੁਹਾਡੇ ਤੋਂ ਮਹਾਨ ਆਤਮਾ ਕੌਣ ਹੈ? ਗੁਰੂ ਨਾਨਕ ਦੇ ਦਰ ਤੋਂ ਵੱਡਾ ਤੇ ਉਚਾ ਦਰ ਹੋਰ ਕਿਹੜਾ ਹੋ ਸਕਦਾ ਹੈ? ਗੁਰੂ ਨਾਨਕ ਦੇਵ ਜੀ ਦੀ ਜੋਤ ਤੋਂ ਉਚੀ ਹੋਰ ਕਿਹੜੀ ਜੋਤ ਹੋ ਸਕਦੀ ਹੈ? ਇਸਲਈ ਇਹ ਬਲੀਦਾਨ ਇਸੇ ਦਰ ਤੋਂ ਹੋਣਾ ਚਾਹੀਦਾ ਹੈ। ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਗੁਰੂ ਨਾਨਕ ਦੇ ਜੀ ਦੀ ਜਗਾਈ ਗਈ ਜੋਤ ਨੂੰ ਜਗਦਿਆਂ ਰਖਣ ਲਈ ਸ਼ਹਾਦਤ ਦੀ ਕਾਇਮ ਕੀਤੀ ਗਈ ਪਰੰਪਰਾ ਨੂੰ ਇਸੇ ਦਰ ਤੋਂ ਅਗੇ ਵਧਾਇਆ ਜਾਣਾ ਚਾਹੀਦਾ ਹੈ।

ਇਹ ਸੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਮੁਸਕ੍ਰਾਏ ਤੇ ਕਹਿਣ ਲਗੇ ਕਿ ਬੇਟਾ ਇਹੀ ਨਹੀਂ, ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਦਿੱਤੀ ਗਈ ਸ਼ਹਾਦਤ ਤੋਂ ਬਾਅਦ ਪਿਤਾ ਗੁਰਦੇਵ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਧਰਮ ਅਤੇ ਮਜ਼ਲੂਮ ਦੀ ਰਖਿਆ ਲਈ ਜੋ ਤਲਵਾਰ ਚੁਕੀ ਸੀ, ਉਹ ਵੀ ਚੁਕਣੀ ਪਵੇਗੀ। ਇਸਤੇ ਬਾਲਕ ਗੋਬਿੰਦ ਰਾਏ ਨੇ ਕਮਰ ਵਿੱਚ ਬੱਧੀ ਛੋਟੀ ਕਿਰਪਾਨ ਮਿਆਨ ਵਿਚੋਂ ਕਢ, ਕਿਹਾ ਕਿ ਜਦੋਂ ਤਕ ਜ਼ੁਲਮ ਅਤੇ ਅਨਿਆਇ ਇਸ ਧਰਤੀ ਪੁਰ ਕਾਇਮ ਰਹਿਣਗੇ, ਤਦ ਤਕ ਉਨ੍ਹਾਂ ਵਿਰੁਧ ਜਦੋਜਹਿਦ ਜਾਰੀ ਰਹੇਗੀ ਅਤੇ ਇਸਦੀ ਅਗਵਾਈ ਸਦਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਤੋਂ ਹੀ ਕੀਤੀ ਜਾਂਦੀ ਰਹੇਗੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਾਲਕ ਗੋਬਿੰਦ ਰਾਏ ਨੂੰ ਸੀਨੇ ਨਾਲ ਲਾ ਲਿਆ ਅਤੇ ਨਿਰਾਸ਼ ਬ੍ਰਾਹਮਣਾ ਨੂੰ ਕਿਹਾ ਕਿ ਜਾਉ, ਔਰੰਗਜ਼ੇਬ ਨੂੰ ਕਹਿ ਦਿਉ ਕਿ ਜੇ ਉਹ, ਉਨ੍ਹਾਂ ਦੇ ਗੁਰੂ, ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਏ ਤਾਂ ਉਹ ਸਾਰੇ ਹੀ ਬਿਨਾ ਕਿਸੇ ਹੀਲ-ਹੁਜਤ ਦੇ ਮੁਸਲਮਾਨ ਹੋ ਜਾਣਗੇ।

ਬ੍ਰਾਹਮਣਾਂ ਨੇ ਤੁਰੰਤ ਹੀ ਇਹ ਸੁਨੇਹਾ ਕਸ਼ਮੀਰ ਦੇ ਹਾਕਮ ਨੂੰ ਜਾ ਦਿਤਾ ਅਤੇ ਉਸਨੇ ਵੀ ਅਗੋਂ ਇਸ ਸੁਨੇਹੇ ਨੂੰ ਔਰੰਗਜ਼ੇਬ ਤਕ ਜਾ ਪਹੁੰਚਾਇਆ। ਔਰੰਗਜ਼ੇਬ ਨੇ ਇਸਤਰ੍ਹਾਂ ਆਪਣੀ ਮੰਜ਼ਿਲ ਦੀ ਪ੍ਰਾਪਤੀ ਆਸਾਨ ਸਮਝ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਹੁਣ ਸਿਰਫ ਹਿੰਦੂ ਧਰਮ ਦੀ ਹੀ ਅਜ਼ਾਦੀ ਦੀ ਰਖਿਆ ਦਾ ਸੁਆਲ ਨਹੀਂ ਸੀ, ਸਗੋਂ ਸੰਸਾਰ ਦੇ ਸਮੁਚੇ ਧਰਮਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਵਿਸ਼ਵਾਸ ਦੀ ਆਜ਼ਾਦੀ ਦੀ ਰਖਿਆ ਦਾ ਸੁਆਲ ਸੀ।

ਜੇ ਜ਼ਾਲਮ ਤਲਵਾਰ ਦੇ ਜ਼ੋਰ ਨਾਲ ਕਿਸੇ ਵੀ ਇੱਕ ਧਰਮ ਦੇ ਪੈਰੋਕਾਰਾਂ ਦਾ ਧਰਮ ਸਮੂਹਕ ਰੂਪ ਵਿੱਚ ਬਦਲਣ ਵਿੱਚ ਸਫਲ ਹੋ ਜਾਂਦਾ ਤਾਂ ਸੰਸਾਰ ਭਰ ਵਿੱਚ ਇੱਕ ਨਵੀਂ ਜਦੋ-ਜਹਿਦ ਸ਼ੁਰੂ ਹੋ ਜਾਣੀ ਸੀ।

ਦੇਸ ਅਤੇ ਪ੍ਰਦੇਸ਼ ਦੀਆਂ ਸਰਹਦਾਂ ਵੱਡੀਆਂ ਕਰਨ ਦੀ ਲੜਾਈ ਦੇ ਨਾਲ ਹੀ ਧਰਮ ਫੈਲਾਣ ਲਈ ਵੀ ਤਲਵਾਰ ਦੀ ਧਾਰ ਤੇਜ਼ ਹੋ ਜਾਣੀ ਸੀ। ਜਦ ਵੀ ਕਿਸੇ ਇੱਕ ਧਰਮ ਨੂੰ ਮੰਨਣ ਵਾਲੇ ਦਾ ਰਾਜ ਕਿਸੇ ਦੂਸਰੇ ਧਰਮ ਨੂੰ ਮੰਨਣ ਵਾਲੇ ਦੇ ਦੇਸ਼ ਤੇ ਕਾਇਮ ਹੁੰਦਾ ਤਾਂ ਤਲਵਾਰ ਦੇ ਜ਼ੋਰ ਨਾਲ ਉਥੋਂ ਦਾ ਧਰਮ ਬਦਲਣ ਦੀ ਲਹਿਰ ਚਲ ਪੈਣੀ ਸੀ। ਇਸ ਕਰਕੇ ਮੁਗਲ ਹਾਕਮਾਂ ਵਲੋਂ ਤਲਵਾਰ ਦੇ ਜ਼ੋਰ ਨਾਲ ਧਰਮ ਬਦਲਣ ਦੀ ਜੋ ਪਿਰਤ ਪਾਈ ਜਾ ਰਹੀ ਸੀ, ਉਸਨੂੰ ਠਲ੍ਹ ਪਾਇਆ ਜਾਣਾ ਬਹੁਤ ਜ਼ਰੂਰੀ ਹੋ ਗਿਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਠਲ੍ਹ ਪਾਣ ਲਈ ਆਪਣੀ ਸ਼ਹੀਦੀ ਦੇਣ ਦਾ ਨਿਸ਼ਚਾ ਕਰ ਲਿਆ ਅਤੇ ਦਿੱਲੀ ਵਲ ਚਲ ਪਏ। ਆਗਰੇ ਪੁਜ ਉਨ੍ਹਾਂ ਆਪਣੇ ਤਿੰਨ ਸਿੱਖਾਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੇ ਨਾਲ ਗ੍ਰਿਫਤਾਰੀ ਦਿੱਤੀ ਅਤੇ ਉਥੋਂ ਉਨ੍ਹਾਂ ਨੂੰ ਦਿੱਲੀ ਲਿਆ, ਅੰਤਾਂ ਦੇ ਤਸੀਹੇ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕਰ ਦਿੱਤਾ ਗਿਆ।

ਅਤੇ ਅੰਤ ਵਿੱਚ : ਇਸੇ ਸ਼ਹੀਦੀ ਦੇ ਸਦਕੇ ਹੀ ਕੁਝ ਸਮੇਂ ਬਾਅਦ ਇੱਕ ਸਿੱਖ ਨੇ ਉਸ ਔਰੰਗਜ਼ੇਬ ਨੂੰ ਪੱਥਰ ਮਾਰ, ਆਪਣੇ ਰੋਸ ਤੇ ਗੁੱਸੇ ਦਾ ਪ੍ਰਗਟਾਵਾ ਕੀਤਾ, ਜਿਸਦੇ ਦਬਦਬੇ ਨਾਲ ਸਾਰਾ ਹਿੰਦੁਸਤਾਨ ਕੰਬ ਰਿਹਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪ੍ਰਤੀਕਰਮ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੰਤ ਸਿਪਾਹੀ ਦਾ ਰੂਪ ਦੇ ਜਬਰ-ਜ਼ੁਲਮ ਅਤੇ ਅਨਿਆਇ ਦੇ ਵਿਰੁਧ ਸਦੀਵੀ ਜਦੋਜਹਿਦ ਜਾਰੀ ਰਖਣ ਦਾ ਮੁੱਢ ਬੰਨ੍ਹ ਦਿੱਤਾ।

# ਅਕਾਲੀ-ਭਾਜਪਾ ਗਠਜੋੜ ਪੁਰ ਖਤਰੇ ਦੇ ਬਾਦਲ?

ਬੀਤੇ ਕੁਝ ਸਮੇਂ ਤੋਂ ਰਾਜਸੀ ਹਲਕਿਆਂ ਵਿੱਚ ਇਹ ਚਰਚਾ ਚਲਦੀ ਆਮ ਸੁਣਨ ਨੂੰ ਮਿਲ ਰਹੀ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਭਾਜਪਾ ਦਾ ਗਠਜੋੜ, ਜੋ ਲੰਮੇਂ ਸਮੇਂ ਤੋਂ ਨਹੁੰ-ਮਾਸ ਵਾਂਗ ਅਟੁੱਟ ਮੰਨਿਆ ਜਾਂਦਾ ਚਲਿਆ ਆ ਰਿਹਾ ਸੀ, ਟੁਟਣ ਦੇ ਕਿਨਾਰੇ ਆ ਪੁਜਾ ਹੈ। ਇਸਦੇ ਨਾਲ ਹੀ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਜੇ ਅਜਿਹਾ ਹੁੰਦਾ ਹੈ ਤਾਂ ਫਿਰ ਇਸ ਗਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਵਿੱਚ ਹੋਣ ਵਾਲੀਆਂ ਅਗਲੀਆਂ ਚੋਣਾਂ, ਭਾਵੇਂ ਉਹ ਲੋਕਸਭਾ ਦੀਆਂ ਹੋਣ ਜਾਂ ਵਿਧਾਨਸਭਾ ਦੀਆਂ ਜਾਂ ਫਿਰ ਸਥਾਨਕ ਕਾਪੋਰੇਸ਼ਨਾਂ ਦੀਆਂ, ਭਾਜਪਾ ਆਪਣੇ ਬਲਬੂਤੇ ਹੀ ਲੜੇਗੀ। ਇਤਨਾ ਹੀ ਨਹੀਂ ਦਿੱਲੀ ਦੀਆਂ ਵਿਧਾਨਸਭਾ ਅਤੇ ਨਗਰ ਨਿਗਮ ਦੀਆਂ ਚੋਣਾਂ ਵਿੱਚ ਵੀ ਭਾਜਪਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਤੀਨਿਧ ਸਿੱਖਾਂ ਨੂੰ ਉਮੀਦਵਾਰ ਬਣਾਉਣ ਦੀ ਬਜਾਏ, ਆਪਣੇ ਨਾਲ ਜੁੜੇ ਚਲੇ ਆ ਰਹੇ ਸਿੱਖ ਮੁੱਖੀਆਂ, ਜੋ ਗਠਜੋੜ ਦੇ ਚਲਦਿਆਂ ਅਣਗੋਲੇ ਕੀਤੇ ਚਲੇ ਆ ਰਹੇ ਹਨ, ਨੂੰ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ। ਇਸਦਾ ਕਾਰਣ ਇਹ ਮੰਨਿਆ ਜਾ ਰਿਹਾ ਹੈ ਕਿ ਪਿਛਲੇ ਦਿਨੀਂ ਭਾਜਪਾ ਦੀ ਸਹਿਯੋਗੀ ਸੰਸਥਾ ਆਰਐਸਐਸ ਦੀ ਇਕਾਈ ਰਾਸ਼ਟਰੀ ਸਿੱਖ ਸੰਗਤ ਵਲੋਂ ਦਿੱਲੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਿਸ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਉਸ ਨਾਲੋਂ ਨਾ ਕੇਵਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਉਸਦੀ ਸੱਤਾ ਅਧੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਨੇ ਆਪ ਕਿਨਾਰਾ ਕੀਤੀ ਰਖਿਆ ਸਗੋਂ ਅਕਾਲ ਤਖਤ ਤੋਂ ਜਾਰੀ ਇੱਕ ਹੁਕਮਨਾਮੇ ਦਾ ਸਹਾਰਾ ਲੈ, ਆਮ ਸਿੱਖਾਂ ਨੂੰ ਵੀ ਉਸਤੋਂ ਦੂਰੀ ਬਣਾਈ ਰਖਣ ਦੀ ਪ੍ਰੇਰਨਾ ਕੀਤੀ। ਇਥੋਂ ਤਕ ਕਿ ਗੁਰਦੁਆਰਾ ਕਮੇਟੀ ਦੇ ਉਨ੍ਹਾਂ ਮੈਂਬਰਾਂ ਨੂੰ ਵੀ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕ ਦਿੱਤਾ, ਜੋ ਭਾਜਪਾ ਦੇ ਪ੍ਰਤੀਨਿਧੀ ਵਜੋਂ ਵਿਧਾਇਕ ਅਤੇ ਨਗਰ ਨਿਗਮ ਦੇ ਮੈਂਬਰ ਚੁਣੇ ਗਏ ਹੋਏ ਹਨ, ਜਦਕਿ ਉਸ ਲਈ ਅਜਿਹਾ ਕੀਤਾ ਜਾਣਾ ਗਠਜੋੜ ਦੀਆਂ ਮਾਨਤਾਵਾਂ ਦੀ ਸਪਸ਼ਟ ਉਲੰਘਣਾ ਹੈ। ਚਲ ਰਹੀ ਇਸ ਚਰਚਾ ਦੇ ਦਾਅਵੇ ਦੀ ਪੁਸ਼ਟੀ ਵਿੱਚ ਭਾਜਪਾ ਦੇ ਕੁਝ ਮੁੱਖੀਆਂ, ਜਿਨ੍ਹਾਂ ਵਿੱਚ ਪੰਜਾਬ ਭਾਜਪਾ ਦੇ ਸੀਨੀਅਰ ਮੁੱਖੀ ਵੀ ਸ਼ਾਮਲ ਹਨ, ਦੇ ਉਨ੍ਹਾਂ ਬਿਆਨਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਵਿੱਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਦਾ ਬਾਈਕਾਟ ਅਤੇ ਵਿਰੋਧ ਕੀਤੇ ਜਾਣ ਪੁਰ ਨਾਰਾਜ਼ਗੀ ਪ੍ਰਗਟ ਕਰਦਿਆਂ, ਉਸ ਨਾਲੋਂ ਨਾਤਾ ਤੋੜ ਲੈਣ ਤੇ ਭਵਿੱਖ ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਸਾਰੀਆਂ ਚੋਣਾਂ ਆਪਣੇ ਹੀ ਬੂਤੇ ਲੜਨ ਦਾ ਦਾਅਵਾ ਕੀਤਾ ਹੈ।

ਇਨ੍ਹਾਂ ਬਦਲੇ ਹਾਲਾਤ ਦੀ ਰੋਸ਼ਨੀ ਵਿੱਚ ਪੰਜਾਬ ਦੀ ਰਾਜਨੀਤੀ ਨਾਲ ਸੰਬੰਧਤ ਚਲੇ ਆ ਰਹੇ ਮਾਹਿਰਾਂ ਦੀ ਮਾਨਤਾ ਹੈ ਕਿ ਭਾਜਪਾ-ਅਕਾਲੀ ਗਠਜੋੜ ਦੇ ਟੁੱਟਣ ਦੀਆਂ ਸੰਭਾਵਨਾਵਾਂ ਪ੍ਰਗਟ ਕਰਦਿਆਂ, ਜੋ ਦਾਅਵੇ ਕੀਤੇ ਜਾ ਰਹੇ ਹਨ, ਉਹ ਮਾਤ੍ਰ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਦਾ ਬਾਈਕਾਟ ਅਤੇ ਵਿਰੋਧ ਕੀਤੇ ਜਾਣ ਤੋਂ ਉਪਜੇ ਰੋਸ ਦਾ ਨਤੀਜਾ ਹਨ। ਇਨ੍ਹਾਂ ਮਾਹਿਰਾਂ ਅਨੁਸਾਰ ਇਹ ਸੰਭਾਵਨਾ ਉਹ ਲੋਕ ਹੀ ਪ੍ਰਗਟ ਕਰ ਰਹੇ ਹਨ, ਜੋ ਪੰਜਾਬ ਦੀ ਜ਼ਮੀਨੀ ਰਾਜਨੀਤੀ ਦੀ ਸੱਚਾਈ ਤੋਂ ਬਿਲਕੁਲ ਅਨਜਾਣ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬੀਤੇ ਸਮੇਂ ਵਿੱਚ ਵੀ ਕਈ ਵਾਰ ਅਜਿਹੇ ਹਾਲਾਤ ਬਣੇ, ਜਿਨ੍ਹਾਂ ਦੇ ਚਲਦਿਆਂ ਇਸ ਗਠਜੋੜ ਦੇ ਟੁੱਟ ਜਾਣ ਦੀਆਂ ਜ਼ੋਰਦਾਰ ਸੰਭਾਵਨਾਵਾਂ ਪ੍ਰਗਟ ਕੀਤੀਆਂ ਜਾਣ ਲਗ ਪਈਆਂ ਸਨ। ਜਿਵੇਂ, ਅੰਮ੍ਰਿਤਸਰ ਲੋਕਸਭਾ ਸੀਟ ਪੁਰ ਅਰੁਣ ਜੇਤਲੀ ਦੀ ਹੋਈ ਕਰਾਰੀ ਹਾਰ ਅਤੇ ਵਿਧਾਨਸਭਾ ਚੋਣਾਂ ਦੇ ਸਮੇਂ ਸਿੱਧੂ ਪਤੀ-ਪਤਨੀ ਵਲੋਂ ਦਿੱਤੀਆਂ ਜਾਂਦੀਆਂ ਰਹੀਆਂ ਧਮਕੀਆਂ ਦੇ ਚਲਦਿਆਂ ਵੀ ਇਸ ਗਠਜੋੜ ਦੇ ਟੁੱਟਣ ਦੀਆਂ ਭਵਿੱਖ ਬਾਣੀਆਂ ਕੀਤੀਆਂ ਜਾਂਦੀਆਂ ਰਹੀਆਂ, ਪ੍ਰੰਤੂ ਇਨ੍ਹਾਂ ਸਭ ਕੁਝ ਦੇ ਬਾਵਜੂਦ ਗਠਜੋੜ ਨੇ ਨਾ ਟੁੱਟਣਾ ਸੀ ਤੇ ਨਾ ਹੀ ਟੁੱਟਾ। ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਅਕਾਲੀ-ਭਾਜਪਾ ਗਠਜੋੜ ਕਿਸੇ ਸਿਧਾਂਤ ਜਾਂ ਆਦਰਸ਼ ਪੁਰ ਅਧਾਰਤ ਨਹੀਂ, ਜੋ ਜ਼ਰਾ ਜਿਹਾ ਸੇਕ ਲਗਣ ਨਾਲ ਹੀ ਟੁੱਟ ਜਾਇਗਾ। ਉਨ੍ਹਾਂ ਅਨੁਸਾਰ ਇਹ ਗਠਜੋੜ, ਪੰਜਾਬ ਦੇ ਰਾਜਸੀ ਹਾਲਾਤ ਦੇ ਚਲਦਿਆਂ, ਦੋਹਾਂ ਹੀ ਪਾਰਟੀਆਂ ਦੀ ਨਿਜ ਹਿਤਾਂ ਅਧਾਰਤ ਮਜਬੂਰੀਆਂ ਦਾ ਨਤੀਜਾ ਹੈ। ਦੋਹਾਂ ਪਾਰਟੀਆਂ ਦੇ ਮੁੱਖੀ ਜਾਣਦੇ ਹਨ ਕਿ ਉਹ ਬਿਨਾ ਆਪਸੀ ਗਠਜੋੜ ਦੇ ਨਾ ਤਾਂ ਪ੍ਰਦੇਸ਼ ਦੀ ਸੱਤਾ ਦੇ ਗਲਿਆਰਿਆਂ ਤਕ ਪੁਜ ਸਕਦੇ ਹਨ ਅਤੇ ਨਾ ਹੀ ਇੱਕ ਮਜ਼ਬੂਤ ਅਧਾਰ ਬਣਾਈ ਰਖਣ ਵਿੱਚ ਸਫਲ ਹੋ ਸਕਦੇ ਹਨ। ਉਨ੍ਹਾਂ ਅਨੁਸਾਰ ਭਾਵੇਂ ਦੋਹਾਂ ਹੀ ਪਾਰਟੀਆਂ ਦੇ ਮੁੱਖੀ ਦਾਅਵਾ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਧਰਮ-ਨਿਰਪੇਖ ਅਤੇ ਲੋਕਤਾਂਤ੍ਰਿਕ ਮਾਨਤਾਵਾਂ ਪੁਰ ਅਧਾਰਤ ਹੈ, ਪ੍ਰੰਤੂ ਸੱਚਾਈ ਇਹੀ ਹੈ ਕਿ ਉਨ੍ਹਾਂ ਦੀ ਰਾਜਨੀਤੀ ਫਿਰਕਿਆਂ ਵਿਸ਼ੇਸ਼ ਦੇ ਸਹਾਰੇ ਹੀ ਫਲਦੀ-ਫੁਲਦੀ ਚਲੀ ਆ ਰਹੀ ਹੈ। ਜਿਥੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਰਾਜਨੀਤੀ ਸਿੱਖਾਂ ਦੀ ਪ੍ਰਤੀਨਿਧਤਾ ਅਤੇ ਉਨ੍ਹਾਂ ਦੇ ਹਿਤਾਂ-ਅਧਿਕਾਰਾਂ ਦੀ ਰਖਿਆ ਕਰਨ ਦੇ ਦਾਅਵਿਆਂ ਪੁਰ ਟਿੱਕੀ ਹੋਈ ਹੈ, ਉਥੇ ਹੀ ਭਾਜਪਾ ਦੀ ਰਾਜਨੀਤੀ ਹਿੰਦੂਆਂ ਦੀ ਪ੍ਰਤੀਨਿਧਤਾ ਕਰਨ ਦੇ ਸਹਾਰੇ ਪਨਪਦੀ ਹੈ। ਇਹੀ ਕਾਰਣ ਹੈ ਕਿ ਚੋਣਾਂ ਸਮੇਂ ਭਾਜਪਾ ਨੂੰ ਸਿੱਖਾਂ ਦੇ ਸਹਿਯੋਗ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਪੁਰ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਹਿੰਦੂਆਂ ਦਾ ਸਮਰਥਨ ਹਾਸਲ ਕਰਨ ਲਈ ਭਾਜਪਾ ਦੇ ਸਹਾਰੇ ਦੀ ਲੋੜ ਬਣੀ ਰਹਿੰਦੀ ਹੈ ਤੇ ਇਹ ਸਵਾਰਥ-ਸਿੱਧੀ ਤਾਂ ਹੀ ਸੰਭੰਵ ਹੈ ਜੇ ਉਹ ਇੱਕ-ਦੁਜੇ ਦੇ ਪੂਰਕ ਬਣੇ ਰਹਿਣ ਤੇ ਇਹ ਪੂਰਕਤਾ ਸਿਧਾਂਤਹੀਣ ਗਠਜੋੜ ਬਿਨਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ।



ਇਸ ਗੱਲ ਵਿੱਚ ਵੀ ਕੋਈ ਸ਼ਕ ਨਹੀਂ ਕਿ ਦੋਹਾਂ ਪਾਰਟੀਆਂ, ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਮੁੱਖੀ ਸਮਝਦੇ ਹਨ ਕਿ ਉਨ੍ਹਾਂ ਨੂੰ ਗਲ ਵਿੱਚ ਪਏ ਇਸ ਗਠਜੋੜ ਦੇ ਢੋਲ ਨੂੰ ਮਜਬੂਰੀ-ਵਸ ਵਜਾਣਾ ਪੈ ਰਿਹਾ ਹੈ। ਉਹ ਇਸ ਢੋਲ ਨੂੰ ਗਲ ਵਿਚੋਂ ਲਾਹੁਣਾ ਵੀ ਚਾਹੁੰਦੇ ਹਨ ਅਤੇ ਇਸ ਉਦੇਸ਼ ਲਈ ਉਨ੍ਹਾਂ ਵਲੋਂ ਸਮੇਂ-ਸਮੇਂ ਕੋਸ਼ਿਸ਼ ਵੀ ਕੀਤੀ ਜਾਂਦੀ ਰਹੀ ਪਰ ਉਹ ਕਦੀ ਵੀ ਸਫਲ ਨਹੀਂ ਹੋ ਪਾਏ। ਇੱਕ ਵਾਰ ਤਾਂ ਭਾਜਪਾ ਨੇ ਗਠਜੋੜ ਦੀ ਮਜਬੂਰੀ ਦੇ ਢੋਲ ਨੂੰ ਗਲੋਂ ਲਾਹੁਣ ਲਈ ਗੰਭੀਰ ਜਤਨ ਵੀ ਕੀਤਾ। ਉਸਨੇ ਆਰਐਸਐਸ ਦੀ ਇਕਾਈ ਰਾਸ਼ਟਰੀ ਸਿੱਖ ਸੰਗਤ ਨੂੰ ਪੰਜਾਬ ਵਿੱਚ ਸਰਗਰਮ ਕਰ, ਉਸਨੂੰ ਸ਼ੋਮਣੀ ਅਕਾਲੀ ਦਲ (ਬਾਦਲ) ਦੇ ਵੋਟ-ਬੈਂਕ ਵਿੱਚ ਸੰਨ੍ਹ ਲਾਉਣ ਦੀ ਜ਼ਿਮੇਂਦਾਰੀ ਸੌਂਪ ਦਿੱਤੀ।

ਇਸ ਜਥੇਬੰਦੀ ਨੇ ਭਾਜਪਾ ਦੇ ਸਹਿਯੋਗ ਨਾਲ ਸਾਰੇ ਪੰਜਾਬ, ਵਿਸ਼ੇਸ਼ ਕਰ ਪੰਜਾਬ ਦੇ ਪਿੰਡਾਂ ਵਿੱਚ ਆਪਣਾ ਜਾਲ ਵਿਛਾਣਾ ਸ਼ੁਰੂ ਕਰ ਦਿੱਤਾ। ਦਸਿਆ ਗਿਆ ਹੈ ਕਿ ਪੂਰੀ ਤਾਕਤ ਝੋਂਕਣ ਦੇ ਬਾਵਜੂਦ ਰਾਸ਼ਟਰੀ ਸਿੱਖ ਸੰਗਤ ਦੇ ਮੁੱਖੀਆਂ ਨੂੰ ਆਪਣੇ ਉਦੇਸ਼ ਵਿੱਚ ਸਫਲਤਾ ਨਹੀਂ ਮਿਲੀ, ਹਾਲਾਂਕਿ ਉਨ੍ਹਾਂ ਇਹ ਪ੍ਰਭਾਵ ਦੇਣ ਦੀ ਪੂਰੀ ਕੋਸ਼ਿਸ਼ ਵੀ ਕੀਤੀ ਕਿ ਉਨ੍ਹਾਂ ਦਾ ਉਦੇਸ਼ ਰਾਜਨੈਤਿਕ ਨਹੀਂ, ਸਗੋਂ ਸਿੱਖਾਂ ਨੂੰ ਇੱਕ-ਜੁਟ ਕਰਨਾ ਅਤੇ ਉਨ੍ਹਾਂ ਨੂੰ ਉਸ ਨਿਰਾਸ਼ਾ ਦੇ ਵਾਤਾਵਰਣ ਵਿਚੋਂ ਉਭਾਰਨਾ ਹੈ, ਜੋ ਨੀਲਾ ਤਾਰਾ ਸਾਕੇ ਤੇ ਨਵੰਬਰ-84 ਦੇ ਸਿੱਖ ਕਤਲ-ਏ-ਆਮ ਕਾਰਣ ਪੈਦਾ ਹੋਈ ਹੈ।

ਉਧਰ ਸ. ਸੁਖਬੀਰ ਸਿੰਘ ਬਾਦਲ ਨੇ ਜਦੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਦੇ ਅਹੁਦੇ ਦੀਆਂ ਜ਼ਿਮੇਂਦਾਰੀਆਂ ਸੰਭਾਲੀਆਂ ਉਸੇ ਸਮੇਂ ਹੀ ਉਨ੍ਹਾਂ ਐਲਾਨ ਕਰ ਦਿੱਤਾ ਕਿ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਗੁਰਦੁਆਰਿਆਂ ਦੀ ਰਾਜਨੀਤੀ ਵਿਚੋਂ ਬਾਹਰ ਕਢ ਉਸਨੂੰ ਕੌਮੀ ਪਾਰਟੀ ਵਜੋਂ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਆਪਣੇ ਇਸ ਫੈਸਲੇ ਪ੍ਰਤੀ ਈਮਾਨਦਾਰਾਨਾ ਸੋਚ ਹੋਣ ਦਾ ਅਹਿਸਾਸ ਕਰਵਾਣ ਲਈ, ਇੱਕ ਤਾਂ ਸ਼ਿਮਲਾ ਵਿੱਖੇ, ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਅਰਦਾਸ ਕੀਤੇ ਦੇ ਅਕਾਲੀ ਦਲ ਦੇ ਇਜਲਾਸ ਦਾ ਆਯੋਜਨ ਕੀਤਾ ਤੇ ਦੂਜਾ ਦਲ ਦੇ ਮਹਤੱਵਪੂਰਣ ਅਹੁਦਿਆਂ ਪੁਰ ਗੈਰ-ਸਿੱਖਾਂ, ਖਾਸ ਤੌਰ ਤੇ ਹਿੰਦੂਆਂ ਦੀ ਨਿਯੁਕਤੀਆਂ ਕਰ ਉਨ੍ਹਾਂ ਨੂੰ ਜ਼ਿਮੇਂਦਾਰੀਆਂ ਸੌਂਪੀਆਂ। ਅਕਾਲੀ ਦਲ ਦੇ ਇਸ ਨਵੇਂ ਸਰੂਪ ਦਾ ਸ਼ਕਤੀ ਪ੍ਰਦਰਸ਼ਨ ਕਰਨ ਲਈ ਉਨ੍ਹਾਂ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਪਛਮੀ ਦਿੱਲੀ ਦੇ ਇਲਾਕੇ ਵਿੱਚ ਇੱਕ ਜਲਸੇ ਦਾ ਆਯੋਜਨ ਵੀ ਕਰਵਾਇਆ, ਜੋ ਆਸ ਦੀ ਕਸੌਟੀ ਤੇ ਪੂਰਾ ਨਾ ਉਤਰ ਸਕਿਆ। ਇਥੋਂ ਤਕ ਕਿ ਉਸ ਵਿੱਚ ਸਿੱਖਾਂ ਦੀ ਹਾਜ਼ਰੀ ਵੀ ਉਨ੍ਹਾਂ ਦੀ ਆਸ ਨੂੰ ਪੂਰਿਆਂ ਨਾ ਕਰ ਸਕੀ।

ਅਤੇ ਅੰਤ ਵਿੱਚ : ਇਸਤਰ੍ਹਾਂ ਦੋਹਾਂ ਹੀ ਪਾਰਟੀਆਂ ਦੇ ਮੁੱਖੀ, ਇੱਕ-ਦੂਜੇ ਪੁਰ ਨਿਰਭਰਤਾ ਖਤਮ ਕਰਨ ਦੇ, ਆਪਣੇ ਉਦੇਸ਼ ਵਿੱਚ ਸਫਲ ਨਾ ਹੋ ਸਕੇ। ਇਸੇ ਨਿਰਾਸ਼ਾ ਭਰੀ ਸਥਿਤੀ ਨੇ ਉਨ੍ਹਾਂ ਨੂੰ ਮਜਬੂਰ ਕਰ ਦਿੱਤਾ ਕਿ ਦੋਹਾਂ ਪਾਰਟੀਆਂ ਵਿੱਚ ਭਾਵੇਂ ਕਿਤਨੀ ਹੀ ਕੜਵਾਹਟ ਪੈਦਾ ਹੋ ਜਾਏ, ਰਾਜਨੀਤਿਕ ਹਿਤਾਂ ਦੇ ਚਲਦਿਆਂ ਦੋਹਾਂ ਵਿੱਚ ਗੈਰ-ਸਿਧਾਂਤਕ ਅਤੇ ਆਦਰਸ਼ਹੀਨ ਗਠਜੋੜ ਬਣਿਆ ਰਹਿਣਾ ਚਾਹੀਦਾ ਹੈ। ਇਹੀ ਕਾਰਣ ਹੈ ਕਿ ਇਹ ਮੰਨ ਲੈਣਾ ਕਿ ਕਿਸੀ ਵੀ ਮੁੱਦੇ ਪੁਰ ਗੰਭੀਰ ਮਤਭੇਦ ਪੈਦਾ ਹੋ ਜਾਣ 'ਤੇ ਅਕਾਲੀ-ਭਾਜਪਾ ਗਠਜੋੜ ਟੁੱਟ ਜਾਇਗਾ, ਹਵਾ ਵਿੱਚ ਤੀਰ ਚਲਾਣਾ ਹੋਵੇਗਾ।

**– ਜਸਵੰਤ ਸਿੰਘ 'ਅਜੀਤ'**

# ਅੰਬੇਦਕਰੀ ਦੀਪ ਦੀ ਚੜ੍ਹਦੀ ਕਲਾ



ਬਖ਼ਸ਼ੀ ਰਾਮ
91-94632 68101

'ਪੜ੍ਹੋ ਜੁੜੋ ਸੰਘਰਸ਼ ਕਰੋ' ਇਹ ਹਰਮਨ ਪਿਆਰੇ ਤੇ ਪ੍ਰਸਿਧ ਸ਼ਬਦ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਾਹਿਬ ਜੀ ਦੇ ਕਹੇ ਗਏ ਹੋਏ ਹਨ। ਆਮ ਤੌਰ ਤੇ ਹੀ ਬੁਲਾਰੇ ਉਨ੍ਹਾਂ ਪ੍ਰਥਾਏ ਸਜਾਏ ਗਏ ਹਰੇਕ ਮੰਚ ਤੋਂ ਹੀ ਬੋਲ ਬੋਲ ਕੇ ਸੁਣਾਉਂਦੇ ਰਹਿੰਦੇ ਹਨ। ਪਰ ਕੀ ਅਸੀਂ ਅਮਲੀ ਤੌਰ ਤੇ ਇਨ੍ਹਾਂ ਨੂੰ ਆਪਣੀ ਨਿੱਜੀ ਜ਼ਿੰਦਗ਼ੀ ਵਿਚ ਕਦੇ ਦਾਖ਼ਲ ਵੀ ਹੋਣ ਦਿੱਤਾ ਹੈ । ਮੈਂ ਹੀ ਜਵਾਬ ਦੇ ਦਿੰਦਾ ਹਾਂ ਮਿੱਤਰੋ ਕਿ ਨਹੀਂ ਦਾਖ਼ਲ ਹੋਣ ਦਿੱਤਾ।ਨਾ ਤੁਸੀਂ ਪੜ੍ਹਦੇ ਹੋ ਨਾ ਜੁੜਦੇ ਹੋ ਤੇ ਨਾ ਸੰਘਰਸ਼ ਹੀ ਕਰਦੇ ਹੋ। ਪਿਛਲੇ ਮਹੀਨੇ ਸਾਡਾ ਹਰਮਨ ਪਿਆਰਾ ਮਾਸਿਕ ਪੇਪਰ ਅੰਬੇਦਕਰੀ ਦੀਪ ਮਾਇਕ ਕਮਜ਼ੋਰੀਆਂ ਕਰ ਕੇ ਹੀ ਜਾਰੀ ਨਹੀਂ ਹੋ ਸਕਿਆ ਤੇ ਇਸ ਮਹੀਨੇ ਸਤੰਬਰ-ਅਕਤੂਬਰ ਦਾ ਇਕੱਠਾ ਸੰਸਕਰਣ ਜਾਰੀ ਕਰਨਾ ਪਿਆ। ਇਹ ਆਰਥਿਕ ਤੰਗੀਆਂ ਕਿਉਂ ਆਈਆਂ? ਇਨ੍ਹਾਂ ਲਈ ਕੌਣ ਜ਼ਿੰਮੇਵਾਰ ਹੈ? ਕੀ ਪ੍ਰਬੰਧ ਕਰਤਾ ਲੋਕ ਹੀ ਇਸ ਸਭ ਲਈ ਜ਼ਿੰਮੇਵਾਰ ਹਨ? ਕੀ ਉਹ ਈਮਾਨਦਾਰੀ ਨਾਲ ਫੰਡਾਂ ਨੂੰ ਸਾਂਭ ਕੇ ਨਹੀਂ ਚਲਾਉਂਦੇ? ਜਾਂ ਕੀ ਉਹ ਕੋਈ ਅਵਾਗੌਣ ਗ਼ਲਤ ਮਲਤ ਖ਼ਰਚੇ ਕਰਦੇ ਰਹਿੰਦੇ ਹਨ? ਮਿਤਰੋ, ਮੇਰਾ ਅਜਿਹੇ ਪ੍ਰਸ਼ਨ ਉਠਾਉਣ ਦਾ ਮੇਰਾ ਨਿਜੀ ਤੌਰ ਤੇ ਕੋਈ ਹੱਕ ਤਾਂ ਨਹੀਂ ਹੈ। ਪਰ ਮੈਂ ਵੀ ਇਸ ਪੇਪਰ ਦਾ ਇਕ ਮਾੜਾ ਮੋਟਾ ਜਿਹਾ ਪਾਠਕ ਹਾਂ ਤੇ ਕਦੇ ਕਦੇ ਕੋਈ ਕੋਈ ਲਿਖ਼ਤ ਵੀ ਪੇਪਰ ਨੂੰ ਦੇ ਦਿੰਦਾ ਹਾਂ।

ਲ਼ੱਗਭੱਗ ਜਿੰਨੀ ਪੇਪਰ ਦੀ ਜ਼ਿੰਦਗੀ ਹੈ ਮੈਂ ਓਦੋਂ ਤੋਂ ਹੀ ਇਸ ਨਾਲ ਜੁੜਿਆ ਹੋਇਆ ਹਾਂ। ਸਮੇਂ ਅਨੁਸਾਰ ਕਦੇ ਕਦੇ ਇਸ ਦੇ ਪ੍ਰਬੰਧਕਾਂ ਮਿਤਰਾਂ ਨਾਲ ਵੀ ਫੋਨ ਉਤੇ ਜੁੜ ਜਾਂਦਾ ਹਾਂ।ਵਿਸ਼ੇਸ਼ ਤੌਰ ਤੇ ਮਾਨਯੋਗ ਮੁੱਖ ਸੰਪਾਦਕ ਸਾਹਿਬ ਸ: ਦਰਸ਼ਨ ਸਿੰਘ ਬਾਜਵਾ ਜੀ ਬਹੁਤ ਪਿਆਰ ਭਰਿਆ ਭਾਵ ਰੱਖਦੇ ਹਨ ਮੇਰੇ ਪ੍ਰਤੀ । ਕਦੇ ਕਦੇ ਅੰਬੇਦਕਰੀ ਦੀਪ ਬਾਰੇ ਵੀ ਵਿਚਾਰ ਵਟਾਂਦਰਾ ਕਰ ਲੈਂਦੇ ਹਨ।ਇਸ ਆਉਣ ਵਾਲੇ ਆਰਥਕ ਸੰਕਟ ਬਾਰੇ ਉਨ੍ਹਾਂ ਨੇ ਕਈ ਮਹੀਨੇ ਪਹਿਲਾਂ ਮੈਨੂੰ ਥੋੜ੍ਹਾ ਇਸ਼ਾਰਾ ਵੀ ਦਿੱਤਾ ਸੀ। ਜਦ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਹਰੇਕ ਪਾਠਕ ਨੂੰ ਇਕ ਹੋਰ ਪਾਠਕ ਬਣਾਉਣ ਲਈ ਅਪੀਲ ਪਾ ਦਿੱਤੀ ਜਾਵੇ ਜਾਂ ਘੱਟੋ ਘੱਟ ਇਕ ਸਾਲ ਦਾ ਹੋਰ ਚੰਦਾ ਜਮ੍ਹਾਂ ਕਰਵਾ ਲਿਆ ਜਾਵੇ। ਤਾਂ ਉਨ੍ਹਾਂ ਨੇ ਬੜੀ ਹੀ ਮਾਯੂਸੀ ਤੇ ਉਦਾਸੀ ਵਿਚ ਕਈ ਕੁਝ ਦੱਸਿਆ। ਉਨ੍ਹਾਂ ਹੋਰ ਮਾਇਕ ਤਕਲੀਫਾਂ ਦੇ ਨਾਲ ਨਾਲ ਮਹੱਤਵ ਪੂਰਣ ਭੇਦ ਦਸਿਆ ਕਿ ਬਹੁਤ ਸਾਰੇ ਮੌਜੂਦਾ ਪਾਠਕ /ਚੰਦੇਦਾਰ ਹੀ ਲਗਾਤਾਰ ਚੰਦਾ ਨਹੀਂ ਦੇ ਰਹੇ। ਕਈਆਂ ਨੇ ਵਰ੍ਹਿਆਂ ਤੋਂ ਚੰਦਾ ਜਮ੍ਹਾਂ ਨਹੀਂ ਕਰਵਾਇਆ ਪਰ ਪਰਚਾ ਲਗਾਤਾਰ ਜਾ ਰਿਹਾ ਹੈ। ਮਿਤਰੋ ਇਹ ਤਾਂ ਬੜੀ ਚੌਂਕਾਉਣ ਵਾਲੀ ਸਥਿਤੀ ਹੈ। ਆਖ਼ਰ ਤੁਸੀਂ ਮੁਫਤ ਪਰਚਾ ਕਿੰਨਾ ਕੁ ਚਿਰ ਪੜ੍ਹ ਸਕਦੇ ਹੋ। ਅਖ਼ੀਰ ਉਹ ਦਿਨ ਆ ਹੀ ਗਿਆ ਜੋ ਕਦੇ ਕਦੇ ਉਦਾਸੀ ਦੇ ਪਲਾਂ ਵਿਚ ਕਿਆਸਿਆ ਜਾ ਸਕਦਾ ਹੈ ਪਰਚਾ ਇਕ ਮਹੀਨੇ ਲਈ ਪਿੱਛੇ ਪਾਉਣਾ ਪਿਆ। ਸਿਆਣੇ ਪ੍ਰਬੰਧਕਾਂ ਨੇ ਅਗਲੇ ਮਹੀਨੇ ਵਿਚ ਦੋ ਮਹੀ-ਨਿਆਂ ਦਾ ਇਕੱਠਾ ਪਰਚਾ ਜਾਰੀ ਕਰ ਦਿੱਤਾ ।



ਇੱਕ ਗੱਲ ਸਮਝ ਲਵੋ ਮਿੱਤਰੋ ਕਿ ਅੱਜ ਦੇ ਮੁਕਾਬਲੇ ਦੇ ਯੁਗ ਵਿਚ ਤੁਹਾਡਾ ਦਲਿਤ ਪਛੜਿਆ ਮੂਲ ਨਿਵਾਸੀ ਸਮਾਜ ਮੀਡੀਆ ਪੱਖੋਂ ਬਹੁਤ ਪਛੜਿਆ ਹੋਇਆ ਹੈ। ਜਿਸ ਸਮਾਜ ਪਾਸ ਆਪਣੇ ਲੇਖਕ ਚਿੰਤਕ ਵਿਦਵਾਨ ਮੀਡੀਆ ਨਹੀਂ, ਉਹ ਕਦੇ ਤਰੱਕੀ ਨਹੀਂ ਕਰ ਸਕਦਾ। ਯਾਦ ਰੱਖੋ ਤੁਹਾਡਾ ਹਰਮਨ ਪਿਆਰਾ ਅੰਬੇਡਕਰੀ ਦੀਪ ਚੰਗਾ ਚੱਲ ਰਿਹਾ ਪਰਚਾ ਕਦੇ ਤੁਹਾਡੀਆਂ ਆਪਣੀਆਂ ਕਮਜ਼ੋਰੀਆਂ ਕਾਰਣ ਹੀ ਤੁਹਾਡੇ ਹੱਥਾਂ ਵਿਚੋਂ ਕਿਰ ਨਾ ਜਾਵੇ। ਕਿੰਨੇ ਹੁੰਦੇ ਹਨ ਕੋਈ ਵੀਹ ਪੱਚੀ ਰੁਪਏ ਮਹੀਨਾ। ਇਕ ਰੁਪਈਆ ਵੀ ਹਰ ਰੋਜ਼ ਦਾ ਖ਼ਰਚ ਨਹੀਂ ਬੈਠਦਾ ਤੇ ਗਿਆਨ ਕਿੰਨਾ ਮਿਲਦਾ ਹੈ, ਦੁਨੀਆਂ ਭਰ ਦਾ, ਦੁਨੀਆਂ ਭਰ ਦੇ ਚੋਟੀ ਦੇ ਲਿਖਾਰੀਆਂ, ਚਿੰਤਕਾਂ ਦਾ ਲਿਖਿਆ ਸਾਹਿਤ ਤੁਹਾਡੇ ਪਾਸ ਪਹੁੰਚਦਾ ਹੈ। ਉਨ੍ਹਾਂ ਦੇ ਵਡਮੁੱਲੇ ਵਿਚਾਰ ਤੁਹਾਨੂੰ ਬਣੇ ਬਣਾਏ ਮਿਲਦੇ ਹਨ।।ਹਾਲੇ ਤੱਕ ਦਲਿਤ ਪਛੜੇ ਸਮਾਜ ਪਾਸ ਆਪਣਾ ਤਾਕਤਵਰ ਮੀਡੀਆ ਨਹੀਂ ਆਇਆ। ਇਹੀ ਕਾਰਣ ਹੈ ਕਿ ਬਿਪਰਵਾਦੀ ਭਾਰਤੀ ਮੀਡੀਆ ਜੋ ਅੱਜ ਲਗ ਭਗ ਦਲਿਤ ਮੂਲ ਨਿਵਾਸੀ ਵਿਰੋਧ ਵਿਚ ਉਨ੍ਹਾਂ ਵਿਰੁਧ ਇੱਕ ਪਲੇਟ ਫਾਰਮ ਤੇ ਖੜ੍ਹਾ ਹੈ ਤੇ ਕੋਈ ਉਨ੍ਹਾਂ ਦੀ ਹਿਤਕਾਰੀ ਸੂਚਨਾ ਕਦੇ ਮੀਡੀਆ ਵਿਚ ਵਾਹ ਲੱਗਦੀ ਆਉਣ ਨਹੀਂ ਦਿੰਦਾ ਤੇ ਜੇਕਰ ਉਨ੍ਹਾਂ ਦੀ ਕੋਈ ਵਿਰੋਧੀ ਖ਼ਬਰ ਹੋਵੇ ਤਾਂ ਬਾਰ ਬਾਰ ਉਸ ਨੂੰ ਦੂਹਰਾ ਦੂਹਰਾ ਕੇ ਹਵਾ ਦੇਣੋਂ ਨਹੀਂ ਹਟਦਾ। ਇਸ ਦਾ ਮੁਕਾਬਲਾ ਕਰਨ ਲਈ ਬਰਾਬਰ ਦਾ ਮੀਡੀਆ ਹੋਣਾ ਜ਼ਰੂਰੀ ਹੈ ਮਿੱਤਰੋ।

ਕਿਸੇ ਵੀ ਪਰਿਓਦਿਚਿਅਲ ਦੇ ਪ੍ਰਕਾਸ਼ਿਤ ਕਰਨ ਵਿਚ ਸਫਲ ਹੋਣਾ ਆਸਾਨ ਕੰਮ ਨਹੀਂ ਹੈ। ਵਿਸ਼ੇਸ਼ ਕਰਕੇ ਦਲਿਤ ਪਛੜੇ ਵੰਚਿਤ ਸਮਾਜ ਵਰਗੇ ਲੋਕਾਂ ਵਿਚ ਜਿਹੜੇ ਹਮੇਸ਼ਾ ਹੀ ਸਾਧਨ ਹੀਣ ਰਹਿੰਦੇ ਹਨ। ਪਹਿਲੀ ਸਮੱਸਿਆ ਸਰਮ-ਾਇਆ ਲਾਉਣ ਦੀ ਹੈ। ਸਾਡੇ ਲੋਕ ਬਹੁਤੇ ਧਨਾਢ ਤਾਂ ਨਹੀਂ ਹੁੰਦੇ ਕਿ ਜਿੰਨੇ ਚਾਹੋ ਪੈਸੇ ਝੋਕ ਦਿਓ ਅਜਿਹੇ ਕਾਰੋਬਾਰ ਵਿਚ ਜਿਸ ਦੇ ਸਫਲ ਹੋਣ ਦੇ ਮੌਕੇ ਹੀ ਨਾ ਦਿਸਦੇ ਹੋਣ। ਪਰਚੇ ਵਾਸਤੇ ਮੈਟਰ ਇਕੱਤਰ ਕਰਨਾ, ਸਟਾਫ ਭਰਤੀ ਕਰਨਾ, ਪਾਠਕ ਗਾਹਕ ਪੈਦਾ ਕਰਨੇ। ਕੋਈ ਅਸਾਨ ਕੰਮ ਨਹੀਂ ਹੈ। ਪਰਚੇ ਦੀਆਂ ਆਪਣੀਆਂ ਪਰੇਸ਼ਾ-ਨੀਆਂ ਅਲੱਗ ਜਿਵੇਂ ਕਿ ਮੈਟਰ ਤਿਆਰ ਕਰਨਾ, ਐਡਿਟਿੰਗ, ਪਰੂਫਿੰਗ, ਕੰਪੋਜ਼ੀ-ਟਿੰਗ, ਪਰੂਫ ਰੀ-ਡਿੰਗ, ਟਾਈਟਲ ਤਿਆਰ ਕਰਨਾ। ਪੇਪਰ ਤਿਆਰ ਕਰ ਕੇ ਪਾਠਕਾਂ ਤੱਕ ਪਹੁੰਚਾਉਣਾ, ਚੰਦੇ ਇਕੱਤਰ ਕਰਨਾ ਸਭ ਪਹਾੜ ਸਰ ਕਰ ਲੈਣ ਜਿੰਨੀਆਂ ਮੁਸ਼ਕਿਲਾਂ ਹਨ ਸਭ ਤੋਂ ਜ਼ਰੂਰੀ ਕੰਮ ਕਿਸੇ ਪਰਚੇ ਲਈ ਕਮਰਸ਼ਲ ਇਸ਼ਤਿਹਾਰ ਇਕੱਤਰ ਕਰਨਾ ਹੁੰਦਾ ਹੈ ਜਿਸ ਤੋਂ ਬਿਨਾਂ ਕੋਈ ਵੀ ਪੇਪਰ ਆਪਣੇ ਆਪ ਵਿਚ ਸਫਲ ਨਹੀਂ ਹੋ ਸਕਦਾ।

ਅੰਬੇਦਕਰੀ ਦੀਪ ਇਹ ਸਭ ਸਟੇਜਾਂ ਸਫਲਤਾ ਪੂਰਬਕ ਪਾਰ ਕਰ ਕੇ ਪੱਕੀਆਂ ਲੀਹਾਂ ਤੇ ਪੈ ਚੁੱਕਾ ਹੋਇਆ ਹੈ। ਹੁਣ ਥੋੜੇ ਜਿਹੇ ਥਿੜਕ ਕੇ ਵੀਰਿਓ ਪਰਚੇ ਦੇ ਪ੍ਰਕਾਸ਼ਿਤ ਹੋਣ ਨੂੰ ਕਮਜ਼ੋਰ ਨਾ ਹੋਣ ਦਿਓ।

ਮੇਰੀ ਆਪ ਸਭ ਅੰਬੇਦਕਰੀ ਦੀਪ ਦੀ ਮੌਜੂਦਾ ਪਾਠਕ, ਲੇਖਕ, ਮਿੱਤਰ ਟੀਮ ਨੂੰ ਪੁਰਜ਼ੋਰ ਬੇਨਤੀ ਹੈ ਕਿ ਜਿਨ੍ਹਾਂ ਦੇ ਚੰਦੇ ਏਰੀਅਰ ਵਿਚ ਹਨ ਉਹ ਵੀਰ ਆਪਣੇ ਏਰੀਅਰ ਚੰਦੇ ਤੁਰਤ ਜਮ੍ਹਾਂ ਕਰਵਾ ਕੇ ਅਗਲੇ ਦੋ ਸਾਲ ਲਈ (ਘੱਟੋ ਘੱਟ) ਹੋਰ ਚੰਦਾ ਜਮ੍ਹਾਂ ਕਰਵਾਉਣ।

ਬਾਕੀ ਦੇ ਚੰਦਾਕਾਰ ਵੀ ਇਕ ਸਾਲ ਦਾ ਹੋਰ ਚੰਦਾ ਆਪਣੇ ਕੋਲੋਂ ਅਗੇਤਰਾ ਜਮ੍ਹਾਂ ਕਰਵਾਉਣ ਤਾਂ ਜੋ ਪਰਚਾ ਆਪਣੇ ਪੈਰਾਂ ਸਿਰ ਤਕੜਾ ਹੋ ਸਕੇ। ਸਾਰੇ ਦੇ ਸਾਰੇ ਮੌਜੂਦਾ ਪਾਠਕ ਇਕ ਇਕ ਹੋਰ ਪਾਠਕ ਅੰਬੇਦਕਰੀ ਦੀਪ ਨਾਲ ਜੋੜਨ। ਜੇਕਰ ਅੰਬੇਦਕਰੀ ਦੀਪ ਦੇ ਸੁਹਿਰਦ ਪਾਠਕ ਅਜਿਹਾ ਕਰਦੇ ਹਨ ਤਾਂ ਕੋਈ ਕਾਰਣ ਨਹੀਂ ਰਹਿ ਜਾਂਦਾ ਕਿ ਪਰਚਾ ਉੱਠ ਨਾ ਸਕੇ।

# ਗੁਰਦਾਸਪੁਰ ਜਿੱਤ ਦੇ ਤੋਹਫੇ

ਡੈਨੀਅਲ ਥੋਬਾ

ਸਤੰਬਰ-ਅਕਤੂਬਰ ਦੇ ਮਹੀਨਿਆਂ ਵਿੱਚ ਬਿਜਲਈ ਅਤੇ ਪ੍ਰਿੰਟ ਮੀਡੀਆ ਵਿੱਚ ਬਹੁਚਰਚਿਤ ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਛਾਈ ਰਹੀ। ਪਹਿਲਾਂ ਇਸ ਲਈ ਕਿ ਸਵਰਗੀ ਵਿਨੋਦੀ ਖੰਨਾ ਦੇ ਦਿਹਾਂਤ ਕਾਰਨ ਕਰਵਾਈ ਜਾ ਰਹੀ ਇਸ ਚੋਣ ਵਿੱਚ ਕਿਸਨੂੰ ਟਿਕਟ ਮਿਲਦੀ ਹੈ, ਫਿਰ ਵੱਖ ਵੱਖ ਧਿਰਾਂ ਵਿੱਚ ਜ਼ੋਰ-ਅਜ਼ਮਾਈ ਕਾਰਨ ਕੇਵਲ ਇਸ ਹਲਕੇ ਜਾਂ ਇਸ ਸੀਟ ਤੇ ਕਬਜ਼ਾ ਕਰਨ ਵਿੱਚ ਕੌਣ ਸਫਲ ਹੁੰਦਾ ਹੈ। ਫਿਰ ਮੀਡੀਆ ਨਾਲ ਜੁੜੇ ਲੋਕ ਮੁਲਾਂਕਣ ਕਰਨ ਵਿੱਚ ਰੁਝੇ ਗਏ ਕਿ ਅਕਾਲੀ-ਭਾਜਪਾ ਗਠਜੋੜ ਇਹ ਸੀਟ ਕਿਉਂ ਹਾਰਿਆਂ ਅਤੇ ਕਾਂਗਰਸ ਇਹ ਸੀਟ ਕਿਵੇਂ ਕੱਢਣ ਵਿੱਚ ਸਫਲ ਰਹੀ। ਅਸੀਂ ਪਹਿਲਾਂ ਵੀ ਇਸ ਵਿਸ਼ੇ ਬਾਰੇ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦੇ ਰਹੇ ਹਾਂ ਕਿ ਕਾਂਗਰਸ ਜਾਂ ਪੰਜਾਬ ਸਰਕਾਰ ਆਪਣੀਆਂ ਪ੍ਰਾਪਤੀਆਂ ਦੇ ਬਲਬੂਤੇ ਨਹੀਂ ਸਗੋਂ ਗਠਜੋੜ ਦੀਆਂ ਕਮਜ਼ੋਰੀਆਂ ਅਤੇ ਕੇਂਦਰ ਸਰਕਾਰ ਦੀਆਂ ਨੋਟਬੰਦੀ ਅਤੇ ਜੀ.ਐਸ.ਟੀ. (ਵਸਤੂ ਤੇ ਸੇਵਾ ਕਰ) ਵਰਗੀਆਂ ਨੀਤੀਆਂ ਵਿੱਚ ਕਿਥੋਂ ਤੱਕ ਸਫਲ ਹੋਈ ਹੈ ਕਿ ਕਿਉਂਕਿ ਆਮ ਬੰਦਾ ਨੋਟਬੰਦੀ ਕਾਰਨ ਹੋਈ ਖੱਜਲ ਖੁਆਰੀ ਨੂੰ ਅੱਜ ਤੱਕ ਭੁੱਲ ਨਹੀਂ ਸਕਿਆ। ਉਥੇ ਜੀ.ਐਸ.ਟੀ ਨੇ ਛੋਟੇ ਅਤੇ ਮੱਧ ਵਪਾਰੀ ਵਰਗ ਦੀਆਂ ਮੁਸ਼ਕਲਾਂ ਵਿੱਚ ਵਾਧਾ ਕੀਤੇ ਜਾਣ ਨੇ ਵੀ ਹੋਰ ਕਾਰਨਾਂ ਨਾਲ ਮਿਲ ਕੇ ਕਾਂਗਰਸ ਦੀ ਜਿੱਤ ਯਕੀਨੀ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਈ। ਪ੍ਰੰਤੂ ਕੁਝ ਵਿਸ਼ੇਸ਼ ਕਾਰਨਾਂ ਕਰਕੇ ਜੋ ਹੁਕਮਰਾਨ ਪਾਰਟੀ ਵਲੋਂ ਇਸ ਜਿੱਤ ਤੋਂ ਬਾਅਦ ਪੈਦਾ ਹੋਏ ਹਨ। ਉਹਨਾਂ ਨੇ ਇੱਕ ਵਾਰ ਸਾਡਾ ਧਿਆਨ ਆਪਣੇ ਵੱਲ ਖਿੱਚਿਆ ਹੈ ਜਿਸਦਾ ਜ਼ਿਕਰ ਅਸੀਂ ਆਪਣੇ ਪਾਠਕਾਂ ਨਾਲ ਕਰਨਾ ਜ਼ਰੂਰੀ ਸਮਝਦੇ ਹਾਂ।

ਲੋਕਤੰਤਰ ਵਿੱਚ ਜਨਤਾ ਇਹ ਆਸ ਕਰਦੀ ਹੈ ਕਿ ਜਿਸ ਪਾਰਟੀ ਨੂੰ ਇਹ ਸਮਰਥਨ ਦੇ ਕੇ ਲੋਕ ਸਭਾ ਵਿੱਚ ਲਿਆ ਰਹੀ ਹੈ, ਉਹ ਉਸ ਨਾਲ ਚੋਣਾਂ ਦੌਰਾਨ ਜੋ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਗਏ ਵਾਅਦੇ ਵੀ ਪੂਰੇ ਕਰੇ। ਪ੍ਰੰਤੂ ਸਾਡੇ ਦੇਸ਼ ਵਿੱਚ ਰਾਜਨੀਤੀ ਇਸ ਤਰ੍ਹਾਂ ਚਲਦੀ ਹੈ ਕਿ ਉਸਦਾ ਇਕੋ ਇੱਕ ਉਦੇਸ਼ ਕੇਵਲ ਸਤਾ ਹਥਿਆਉਣਾ ਹੀ ਬਣ ਗਿਆ ਹੈ। ਇੱਕ ਵਾਰ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰ ਲਓ। ਲੋਕ ਤੁਹਾਡੇ 'ਮਕਰ ਜਾਲ' ਵਿੱਚ ਫਸ ਗਏ। ਭਾਰੀ ਬਹੁਮਤ ਦਿਵਾ ਕੇ ਰਾਜ ਭਾਗ ਦੀ ਵਾਗ ਡੋਰ ਤੁਹਾਡੇ ਹੱਥਾਂ ਵਿੱਚ ਫੜਾ ਦਿੱਤੀ। ਵਾਅਦਿਆਂ ਦਾ ਕੀ ਹੈ? ਉਨ੍ਹਾਂ ਬਾਰੇ ਵੀ ਵੇਖੀ ਜਾਏਗੀ।

ਭਾਵੇਂ ਕਿ ਇਸ ਚੋਣ ਸਮੇਂ ਵੀ ਸਰਕਾਰ ਵਿੱਚ ਬੈਠੇ ਮਹਾਰਥੀ ਆਪਣੇ ਐਲਾਨਾਂ ਬਿਆਨਾਂ ਨਾਲ ਲੋਕਾਂ ਦਾ ਢਿੱਡ ਭਰਦੇ ਰਹਿੰਦੇ ਹਨ ਅਤੇ ਹੁਣ ਵੀ ਅਜਿਹੀ ਬਿਆਨਬਾਜ਼ੀ ਕਰੀ ਜਾ ਰਹੇ ਹਨ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਨਾਲ ਕੀਤਾ ਗਿਆ ਇੱਕ ਇੱਕ ਵਾਅਦਾ ਪੂਰਾ ਕੀਤਾ ਜਾਵੇਗਾ। ਪ੍ਰੰਤੂ ਅਸਲ ਵਿੱਚ ਅਜਿਹਾ ਨਹੀਂ ਲਗਦਾ। ਪ੍ਰੰਤੂ ਹੁਣ ਤੱਕ ਕਿਸਾਨਾਂ ਦਾ ਦੋ ਲੱਖ ਤੱਕ ਦਾ ਕਰਜ਼ਾ ਮੁਆਫ ਕਰਨ ਤੋਂ ਇਲਾਵਾ ਹੋਰ ਕੁਝ ਵੀ ਕੀਤਾ ਨਹੀਂ ਜਾ ਸਕਿਆ। ਉਹ ਵੀ ਇਸ ਲਈ ਕਿ ਇਸ ਵਰਗ ਨੇ ਆਪਣੇ ਜ਼ੋਰਦਾਰ ਸੰਘਰਸ਼ ਰਾਹੀਂ ਸਰਕਾਰ ਦੇ ਨੱਕ ਵਿੱਚ ਦਮ ਕਰ ਦਿੱਤਾ ਕਿ ਉਸਨੂੰ ਇਸ ਕਰਜ਼ਾ-ਮੁਆਫੀ ਦੇ ਹੁਕਮ ਜਾਰੀ ਕਰਨੇ ਪਏ। ਨਹੀਂ ਤਾਂ ਜਿਸ ਸਰਕਾਰ ਦੀ ਆਰਥਿਕ ਹਾਲਤ ਏਨੀ ਡਾਵਾਂ ਡੋਲ ਹੋਵੇ ਕਿ ਜਿਹੜੀ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਕਿਸ਼ਤਾਂ ਵਿੱਚ ਦੇ ਰਹੀ ਹੋਵੇ। ਉਸ ਕੋਲੋਂ ਵਿਕਾਸ ਦੇ ਕੰਮਾਂ ਦੀ ਆਸ ਕਰਨਾ ਜੋ ਨੇੜਲੇ ਭਵਿੱਖ ਵਿੱਚ ਵਾਅਦੇ ਕਰਨ ਦੀ ਆਸ ਕਰਨਾ 'ਦਿਨੇ ਸੁਫਨੇ ਵੇਖਣ' ਵਾਲੀ ਗੱਲ ਹੈ ਜੋ ਅਕਸਰ ਘੱਟ ਹੀ ਸੱਚੇ ਹੁੰਦੇ ਹਨ। ਸ਼ਾਇਦ ਇਸੇ ਲਈ ਕਾਂਗਰਸ ਦੇ ਰਾਜ ਸਭਾ ਮੈਂਬਰ ਸ. ਪ੍ਰਤਾਪ ਸਿਘ ਬਾਜਵਾ ਨੇ ਵੀ ਰਾਜ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਤੇ ਉਂਗਲ ਉਠਾਈ ਹੈ ਕਿ ਉਹ ਫੁਰਤੀ ਨਾਲ ਆਪਣੇ ਵਾਅਦਿਆਂ ਦੀ ਪੂਰਤੀ ਵੱਲ ਕਦਮ ਨਹੀਂ ਵਧਾ ਰਹੀ। ਅਸੀਂ ਇਹ ਗੱਲ ਵੀ ਭਲੀ ਭਾਂਤੀ ਸਮਝਦੇ ਹਾਂ ਕਿ ਕੈਪਟਨ ਅਤੇ ਬਾਜਵਾ ਦੀ ਆਪੋ ਵਿੱਚ ਕਿੰਨੀ ਕੁ ਬਣਦੀ ਹੈ? ਸ਼ਾਇਦ ਇਸੇ ਲਈ ਉਸਨੂੰ ਰਾਜ ਸਭਾ ਵਿੱਚ ਭੇਜਿਆ ਗਿਆ ਹੋਵੇ। ਫਿਰ ਵੀ ਨੌਕਰੀਅ ਦੇਣ, ਬੇਰੁਜ਼ਗਾਰੀ ਭੱਤਾ ਅਤੇ ਬੇਘਰੇ ਲੋਕਾਂ ਨੂੰ ਪਲਾਟ ਦੇਣ ਵਰਗੇ ਮਾਮਲਿਆਂ ਵਿਚੋਂ ਅਜੇ ਤੱਕ 'ਗੋਹੜੇ ਵਿਚੋਂ ਪੂਣੀ ਨਹੀਂ ਕੱਤੀ' ਗਈ।

ਸਾਡੇ ਕਈ ਸਤਿਕਾਰਯੋਗ ਈਸਾਈ ਨੇਤਾ ਇਸ ਗੱਲ ਲਈ ਇੱਕ ਦੂਜੇ ਨੂੰ ਵਧਾਈਆਂ ਦੇ ਕੇ ਆਪਣੀ ਪਿੱਠ ਥਾਪੜ ਰਹੇ ਹਨ ਕਿ ਅਸੀਂ ਈਸਾਈਆਂ ਦੀਆਂ ਵੋਟਾਂ ਕਾਂਗਰਸ ਦੇ ਹੱਕ ਵਿੱਚ ਭੁਗਤਾ ਕੇ ਗੁਰਦਾਪੁਰ ਸੀਟ ਕੱਢ ਕੇ ਕਾਂਗਰਸ ਦੀ ਝੋਲੀ ਵਿੱਚ ਪਾ ਦਿੱਤੀ ਹੈ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਬਹੁ-ਗਿਣਤੀ ਈਸਾਈ ਵੋਟਾਂ ਕਾਂਗਰਸ ਦੇ ਖਾਤੇ ਵਿੱਚ ਹੀ ਗਈਆਂ ਹਨ। ਜੇਕਰ ਸਾਡੇ ਇਹ ਨੇਤਾ ਹਿਮਾਚਲ ਜਾਂ ਗੁਜਰਾਤ ਵਿੱਚ ਵੀ ਪ੍ਰਚਾਰ ਕਰਕੇ ਉਥੇ ਵੀ ਕਾਂਗਰਸ ਦੀਆਂ ਸਰਕਾਰਾਂ ਬਣਵਾ ਦੇਣ ਤਾਂ ਇਸ ਤੇ ਵੀ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਪ੍ਰੰਤੂ ਸਾਡੀ ਅਜਿਹੇ ਨੇਤਾਵਾਂ ਨੂੰ ਅਸਲੀ ਵਧਾਈ ਤਾਂ ਹੀ ਹੋਵੇਗੀ ਕਿ ਜੇਕਰ ਉਹ ਇਸ ਲੋਕ ਸਭਾ ਸੀਟ ਜਿਤਾਉਣ ਤੋਂ ਬਾਅਦ ਪੰਜਾਬ ਸਰਕਾਰ ਤੇ ਆਪਣਾ ਅਸਰ ਰਸੂਖ ਵਰਤ ਕੇ ਈਸਾਈਆਂ ਦਾ ਕੋਈ ਮਸਲਾ ਹੱਲ ਕਰਕੇ ਵਿਖਾਉਣ। ਨਹੀਂ ਤਾਂ ਇਹ ਕੋਈ ਪਹਿਲੀ ਚੋਣ ਜਾਂ ਉਮੀਦਵਾਰ ਨਹੀਂ ਜਿਸ ਨੂੰ ਈਸਾਈਆਂ ਨੇ ਆਪਣੇ ਸਰਮਥਨ ਦੁਆਰਾ ਜਿਤਾਇਆ ਹੋਵੇ।

ਚਾਹੀਦਾ ਤਾਂ ਇਹ ਸੀ ਕਿ ਪੰਜਾਬ ਸਰਕਾਰ ਇਸ ਜਿੱਤ ਨਾਲ ਜੁੜੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਕੇ ਲੋਕਾਂ ਦੇ ਮਸਲੇ ਹੱਲ ਕਰਨ ਦੀ ਦਿਸ਼ਾ ਵਿੱਚ ਕੋਈ ਕਦਮ ਪੁੱਟਦੀ। ਪ੍ਰੰਤੂ ਆਪਣੇ ਵਾਅਦਿਆਂ ਅਤੇ ਲੋਕਾਂ ਦੀਆਂ ਇੱਛਾਵਾਂ ਦੇ ਉਲਟ ਸੂਬਾ ਸਰਕਾਰ ਨੇ ਰਾਜ ਦੀ ਜਨਤਾ ਨੂੰ ਗੁਰਦਾਸਪੁਰ ਜਿੱਤ ਦੇ ਦੋ ਨਵੇਂ ਤੋਹਫੇ ਦਿੱਤੇ ਹਨ। ਜਿਨ੍ਹਾਂ ਵਿਚੋਂ ਪਹਿਲਾਂ ਇਹ ਹੈ ਕਿ ਪੰਜਾਬ ਸਰਕਾਰ ਨੇ ਰਾਜ ਵਿੱਚ 800 ਪ੍ਰਾਇਮਰੀ ਸਕੂਲ ਬੰਦ ਕਰ ਦਿੱਤੇ। ਇਹਨਾਂ ਸਕੂਲਾਂ ਨੂੰ ਬੰਦ ਕਰਨ ਲਈ ਦਲੀਲ ਇਹ ਦਿੱਤੀ ਹੈ ਕਿ ਇਨ੍ਹਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹੈ। ਕੁਝ ਲੋਕਾਂ ਦੀ ਸੋਚ ਸ਼ਾਇਦ ਇਹ ਹੋਵੇ ਕਿ ਜੇਕਰ ਇਹ ਸਕੂਲ ਬੰਦ ਹੋ ਗਏ ਹਨ। ਇਸ ਸਾਲ ਕਿਹੜੀ ਆਖਰ ਆ ਚੱਲੀ ਹੈ। ਹੋਰ ਸਕੂਲ ਥੋੜੇ ਹਨ। ਬੱਚੇ ਜਿਥੋਂ ਮਰਜ਼ੀ ਜਾ ਕੇ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਜਿਨ੍ਹਾਂ ਸਕੂਲਾਂ ਵਿੱਚ ਗਿਣਤੀ ਹੀ ਘੱਟ ਹੈ। ਉਹਨਾਂ ਨੂੰ ਚਲਦੇ ਰੱਖਣ ਦੀ ਕੋਈ ਤੁੱਕ ਨਹੀਂ ਬਣਦੀ।

ਓਪਰੀ ਨਜ਼ਰੇ ਤਾਂ ਸਰਕਾਰ ਦਾ ਇਹ ਫੈਸਲਾ ਵਧੀਆ ਲਗਦਾ ਹੈ ਪ੍ਰੰਤੂ ਇਸ ਨਾਲ ਲੋਕਾਂ ਨੂੰ ਬੜੇ ਗੰਭੀਰ ਅਤੇ ਦੂਰ ਰਸੀ ਸਿੱਟੇ ਭੁਗਤਣੇ ਪੈਣਗੇ। ਪਹਿਲਾਂ ਜਿਨ੍ਹਾਂ ਪਿੰਡਾਂ ਵਿੱਚੋਂ ਇਹ ਸਕੂਲ ਬੰਦ ਕੀਤੇ ਜਾਣੇ ਹਨ। ਇਹਨਾਂ ਵਿਚੋਂ ਕਈ ਨੀਮ ਪਹਾੜੀ ਅਤੇ ਕੰਢੀ ਖੇਤਰ ਵਿੱਚ ਹਨ। ਜਿੱਥੇ ਕੋਈ ਹੋਰ ਸਕੂਲ ਵੀ ਨਹੀਂ ਹੈ। ਇਹਨਾਂ ਦੇ ਬੱਚਿਆਂ ਨੂੰ 2-3 ਕਿ. ਮੀ. ਦੀ ਦੂਰੀ ਤੇ ਜਾਣਾ ਪਵੇਗਾ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਇਹਨਾਂ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਕਿਉਂ ਘਟੀ? ਅਜਿਹੇ ਸਕੂਲਾਂ ਵਿਚੋਂ ਕਿਸੇ ਸਕੂਲ ਵਿੱਚ ਦੋ ਅਧਿਆਪਕ ਹਨ। ਇਹਨਾਂ ਵਿਚੋਂ ਜਦੋਂ ਉਹਨਾਂ ਦੀ ਡਿਊਟੀ ਵੋਟਾਂ ਬਣਾਉਣ ਅਤੇ ਹੋਰ ਕਈ ਤਰ੍ਹਾਂ ਦੇ ਸਰਵੇਖਣ ਆਦਿ ਕਰਨ ਤੇ ਲਗਾ ਦਿੱਤੀ ਜਾਂਦੀ ਹੈ ਕਈ ਵਾਰ ਤਾਂ ਅਜਿਹੇ ਸਕੂਲ ਨੂੰ ਕਈ ਕਈ ਦਿਨ ਬੰਦ ਕਰਨ ਦੀ ਨੌਬਤ ਆ ਜਾਂਦੀ ਹੈ। ਬੱਚਿਆਂ ਦੇ ਮਾਪਿਆਂ ਦਾ ਭਰੋਸਾ ਅਜਿਹੇ ਸਕੂਲਾਂ ਤੋਂ ਉੱਠ ਜਾਂਦਾ ਹੈ। ਇਸ ਲਈ ਸਰਕਾਰ ਨੂੰ ਅਜਿਹੇ ਸਕੂਲਾਂ ਨੂੰ ਬੰਦ ਕਰਨ ਦੀ ਬਜਾਏ ਇਨ੍ਹਾਂ ਕਮੀਆਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿ ਦੁਰਾਡੇ ਦੇ ਸਕੂਲਾਂ ਦੇ ਅਧਿਆਪਕ ਕੰਮ ਨਹੀਂ ਕਰਦੇ। ਇਹ ਵੇਖਣਾ ਵੀ ਸਰਕਾਰ ਦਾ ਕੰਮ ਹੈ ਕਿ ਜਿਸਨੇ ਤਨਖਾਹ ਦੇਣੀ ਹੈ ਕਿ ਉਹ ਉਹਨਾਂ ਤੋਂ ਕੰਮ ਵੀ ਲਵੇ। ਇਸਦੇ ਨਾਲ ਹੀ ਅਧਿਆਪਕਾਂ ਸਮੇਤ ਸਰਕਾਰੀ ਅਧਿਆਪਕਾਂ ਨੂੰ ਨੌਕਰੀ ਦੇ ਹੁਕਮ ਜਾਰੀ ਕਰਦੇ ਸਮੇਂ ਇਹ ਗੱਲ ਵੀ ਸ਼ਾਮਲ ਕਰ ਲਈ ਜਾਵੇ ਕਿ ਉਹ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਭੇਜਣਗੇ। ਹੁਣ ਕਈ ਅਧਿਆਪਕ ਯੂਨੀਅਨਾਂ ਵੀ ਇਸ ਗੱਲ ਲਈ ਸਰਗਰਮ ਹਨ, ਕਿ ਅਜਿਹੇ ਸਕੂਲਾਂ ਨੂੰ ਬੰਦ ਨਹੀਂ ਕਰਨਾ ਚਾਹੀਦਾ। ਇਸ ਲਈ ਪਹਿਲਾਂ ਉਹਨਾਂ ਨੂੰ ਇਹਨਾਂ ਸਕੂਲਾਂ ਵਿੱਚ ਕੰਮ ਦਾ ਕਲਚਰ ਵੀ ਕਾਇਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਨਾਲ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਧਣ ਕਾਰਨ ਕਿਸੇ ਸਰਕਾਰ ਦੀ ਇਨ੍ਹਾਂ ਨੂੰ ਬੰਦ ਕਰਨ ਦੀ ਹਿੰਮਤ ਹੀ ਨਾ ਪਵੇ।

ਦੂਜਾ ਇਹਨਾਂ ਸਕੂਲਾਂ ਨੂੰ ਬੰਦ ਕਰਨਾ ਸਰਕਾਰ ਦੇ ਘਰ ਘਰ ਨੌਕਰੀ ਦੇਣ ਦੇ ਕੀਤੇ ਗਏ ਵਾਅਦੇ ਨਾਲ ਵੀ ਮੇਲ ਨਹੀਂ ਖਾਂਦਾ ਕਿਉਂਕਿ ਇਹਨਾਂ ਸਕੂਲਾਂ ਦੇ ਬੰਦ ਹੋਣ ਨਾਲ ਅਧਿਆਪਕਾਂ ਦੀਆਂ 1600 ਅਤੇ ਮੀਲ ਡੇ ਮੀਲ ਵਰਕਰਾਂ ਦੀਆਂ 800 ਨੌਕਰੀਆਂ ਖਤਮ ਹੋ ਜਾਣਗੀਆਂ। ਜੇਕਰ ਸਰਕਾਰ ਹਰ ਘਰ ਵਿੱਚ ਰੁਜ਼ਗਾਰ ਦੇ ਆਪਣੇ ਵਾਅਦੇ ਪ੍ਰਤੀ ਸੱਚਮੁੱਚ ਹੀ ਸੁਹਿਰਦ ਹੈ ਤਾਂ ਉਸਨੂੰ ਇਹ ਸਕੂਲ ਬੰਦ ਕਰਕੇ ਏਨੀਆਂ ਨੌਕਰੀਆਂ ਖਤਮ ਨਹੀਂ ਕਰਨੀਆਂ ਚਾਹੀਦੀਆਂ। ਇਸ ਤੋਂ ਇਲਾਵਾ ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿੱਚ ਲਗਪਗ 1,25000 ਅਸਾਮੀਆਂ ਖਾਲੀ ਪਈਆਂ ਹਨ। ਜਿਨ੍ਹਾਂ ਨੂੰ ਭਰਨ ਲਈ ਸਰਕਾਰ ਵਲੋਂ ਕੋਈ ਠੋਸ ਨੀਤੀ ਨਹੀਂ ਅਪਣਾਈ ਜਾ ਰਹੀ। ਇਸ ਤਰ੍ਹਾਂ ਸਮਝ ਵਿਚ ਨਹੀਂ ਆਉਂਦਾ ਕਿ ਰੁਜ਼ਗਾਰ ਦੇਣ ਦਾ ਵਾਅਦਾ ਕਿਥੋਂ ਅਤੇ ਕਿੰਝ ਪੂਰਾ ਹੋਵੇਗਾ? ਪਿਛੇ ਜਿਹੇ ਇੱਕ ਨੇਤਾ ਦਾ ਬਿਆਨ ਛਪਿਆ ਸੀ ਕਿ ਕੈਪਟਨ ਸਰਕਾਰ ਨੌਕਰੀਆਂ ਦੇ ਖੁੱਲ੍ਹੇ ਗੱਫੇ ਵੰਡ ਰਹੀ ਹੈ।

ਇਸ ਲਈ ਲੋਕਾਂ ਨੂੰ ਇਸਦਾ ਲਾਭ ਉਠਾਉਣਾ ਚਾਹੀਦਾ ਹੈ। ਪ੍ਰੰਤੂ ਇਸ ਚਰਚਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਨੌਕਰੀਆਂ ਦੇ ਮਾਮਲੇ ਵਿੱਚ ਸਰਕਾਰ ਦਾ ਸਟੈਂਡ ਕੀ ਹੈ? ਸਰਕਾਰ ਵਲੋਂ ਪ੍ਰਾਈਵੇਟ ਕੰਪਨੀਆਂ ਦੁਆਰਾ ਜੋ ਰੁਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਉਹਨਾਂ ਵਿੱਚ ਅਜੇ ਕੇਵਲ ਲਿਸਟਾਂ ਹੀ ਬਣਾਈਆਂ ਜਾ ਰਹੀਆਂ ਹਨ ਅਤੇ ਆਰਡਰ ਘੱਟ ਹੀ ਦਿੱਤੇ ਜਾ ਰਹੇ ਹਨ। ਗੁਰਦਾਸਪੁਰ ਦੀ ਚੋਣ ਤਾਂ ਰਾਜ ਵਿੱਚ ਕੇਵਲ ਉਥੇ ਹੀ ਹੋ ਰਹੀ ਸੀ, ਉਹ ਤਾਂ ਸਰਕਾਰ ਨੇ ਸਾਰਾ ਜ਼ੋਰ ਲਗਾ ਕੇ ਆਪਣੇ ਨਾਂ ਕਰ ਲਈ। ਪ੍ਰੰਤੂ ਹੁਣ 2019 ਵਿੱਚ ਪੂਰੇ ਪੰਜਾਬ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਉਨੇ ਚਿਰ ਨੂੰ ਰਾਜ ਦੇ ਲੋਕਾਂ ਨੇ ਕੇਵਲ ਲਾਰਿਆਂ ਨਾਲ ਹੀ ਨਹੀਂ ਵਿਚਰਣਾ। ਇਸ ਲਈ ਰਾਜ ਸਰਕਾਰ ਨੂੰ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਦੀ ਦਿਸ਼ਾ ਵੱਲ ਪੈਰ ਪੁੱਟਣਾ ਹੋਵੇਗਾ।

ਗੁਰਦਾਸਪੁਰ ਜਿੱਤ ਤੋਂ ਬਾਅਦ ਰਾਜ ਦੇ ਲੋਕਾਂ ਨੂੰ ਦੂਜਾ ਤੋਹਫਾ ਬਿਜਲੀ ਦਰਾਂ ਵਿੱਚ 12 ਪ੍ਰਤੀਸ਼ਤ ਵਾਧਾ ਕਰਕੇ ਕਰ ਦਿੱਤਾ ਹੈ। ਇਹ ਵਾਧਾ ਕੇਵਲ ਤਤਕਾਲ ਸਮੇਂ ਤੋਂ ਹੀ ਨਹੀਂ ਸਗੋਂ ਇਹ ਵਧੀਆਂ ਹੋਈਆਂ ਬਿਜਲੀ ਦਰਾਂ ਪਹਿਲੀ ਅਪਰੈਲ 2017 ਤੋਂ ਲਾਗੂ ਹੋਣਗੀਆਂ ਅਤੇ ਪਿਛਲੇ ਮਹੀਨਿਆਂ ਦਾ ਬਕਾਇਆ ਵੀ ਕਿਸ਼ਤਾਂ ਵਿੱਚ ਰਾਜ ਦੇ ਖਪਤਕਾਰਾਂ ਕੋਲੋਂ ਵਸੂਲਿਆ ਜਾਵੇਗਾ। ਰਾਜ ਦੇ ਮੁੱਖ ਮੰਤਰੀ ਨੇ ਬਿਜਲੀ ਦਰਾਂ ਵਿੱਚ ਕੀਤੇ ਗਏ ਇਸ ਵਾਧੇ ਨੂੰ ਜਾਇਜ਼ ਠਹਿਰਾਇਆ ਹੈ ਅਤੇ ਨਾਲ ਹੀ ਇਸ ਵਾਧੇ ਦਾ ਠੀਕਰਾ ਪਿਛਲੀ ਅਕਾਲੀ-ਭਾਜਪਾ ਸਰਕਾਰ ਸਿਰ ਭੰਨਿਆ ਹੈ।

ਅਸੀਂ ਸਮਝਦੇ ਹਾਂ ਕਿ ਵੱਖ ਵੱਖ ਵਰਗਾਂ ਨੂੰ ਮੁਫਤ ਬਿਜਲੀ ਦੇਣ ਲਈ ਅਕਾਲੀ ਭਾਜਪਾ ਸਮੇਤ ਸਾਰੀਆਂ ਪਾਰਟੀਆਂ ਇਕੋ ਜਿਹੀਆਂ ਦੋਸ਼ੀ ਹਨ। ਕਿਉਂਕਿ ਇਹਨਾਂ ਪਾਰਟੀਆਂ ਦੇ ਚਲਾਕ ਸਿਆਸਤਦਾਨਾਂ ਨੇ ਇਸ ਨੂੰ ਸੱਤਾ ਪ੍ਰਾਪਤੀ ਲਈ ਇੱਕ ਹਥਿਆਰ ਵਜੋਂ ਵਰਤਿਆ ਹੈ। ਇੱਕ ਅਨੁਮਾਨ ਦੇ ਅਨੁਸਾਰ ਸਲਾਨਾ ਦਸ ਹਜ਼ਾਰ ਕਰੋੜ ਦੀ ਬਿਜਲੀ ਮੁਫਤ ਦਿੱਤੀ ਜਾ ਰਹੀ ਹੈ ਪ੍ਰੰਤੂ ਹੁਣ ਜੇਕਰ ਕੋਈ ਸਰਕਾਰ ਇਸਨੂੰ ਬੰਦ ਵੀ ਕਰਨਾ ਚਾਹੇ ਤਾਂ ਉਸ ਲਈ ਇਹ ਗਲੇ ਦੀ ਹੱਡੀ ਬਣ ਸਕਦਾ ਹੈ। ਪ੍ਰੰਤੂ ਅਜਿਹੀਆਂ ਛੋਟਾਂ ਖਮਿਆਜ਼ਾ ਬਿੱਲ ਭਰਨ ਵਾਲੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਲਈ ਕਿਸੇ ਵਰਗ ਨੂੰ ਸਹੂਲਤ, ਦੂਜੇ ਦਾ ਗਲਾ ਘੁੱਟ ਕੇ ਦੇਣ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਹੈ।

ਪ੍ਰੰਤੂ ਰਾਜ ਦੇ ਲੋਕਾਂ ਨਾਲ ਵੱਡੇ ਵਾਅਦੇ ਕਰਨ ਲਈ ਤਾਂ ਪਿਛਲੀ ਸਰਕਾਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਕਿਉਂਕਿ ਇਸ ਗੱਲ ਤੋਂ ਵਰਤਮਾਨ ਹਾਕਮ ਚੰਗੀ ਤਰ੍ਹਾਂ ਜਾਣੂ ਸਨ ਕਿ ਪਿਛਲੀ ਸਰਕਾਰ ਕੋਲੋਂ ਉਸ ਨੂੰ ਖਾਲੀ ਖਜ਼ਾਨਾ ਮਿਲਣਾ ਹੈ। ਕੇਂਦਰ ਵਿੱਚ ਉਸਦੀ ਵਿਰੋਧੀ ਪਾਰਟੀ ਦੀ ਸਰਕਾਰ ਹੈ, ਜਿਸ ਤੋਂ ਉਸਨੂੰ ਕੋਈ ਖਾਸ ਮਦਦ ਨਹੀਂ ਮਿਲਣੀ। ਫਿਰ ਕੇਵਲ ਸਾਬਕਾ ਸਰਕਾਰ ਨੂੰ ਦੋਸ਼ ਦੇਣਾ ਅਤੇ ਖਾਲੀ ਖਜ਼ਾਨੇ ਦੀ ਦੁਹਾਈ ਹੁਣ ਰਾਜ ਦੇ ਲੋਕਾਂ ਨੇ ਬਹੁਤਾ ਚਿਰ ਨਹੀਂ ਸੁਣਨੀ। ਇਸ ਲਈ ਜੇਕਰ ਉਸ ਵਿੱਚ ਸਾਹਸ ਹੈ ਤਾਂ ਬਿਜਲੀ ਘਾਟੇ ਲਈ ਜ਼ਿੰਮੇਵਾਰ ਵੱਡੇ ਮਘੋਰਿਆਂ ਨੂੰ ਬੰਦ ਕਰੇ। ਨਹੀਂ ਤਾਂ ਰਾਜ ਦੀ ਜਨਤਾ ਜੇਕਰ ਪੰਝੀ ਸਾਲ ਰਾਜ ਕਰਨ ਦਾ ਸੁਫਨਾ ਲੈਣ ਵਾਲਿਆਂ ਨੂੰ ਧੂੜ ਚਟਾ ਸਕਦੀ ਹੈ ਤਾਂ ਲੋਕ ਰਾਇ ਬਦਲਣ ਲੱਗਿਆਂ ਕੋਈ ਜ਼ਿਆਦਾ ਚਿਰ ਨਹੀਂ ਲਗਦਾ। ਇਸ ਲਈ ਰਾਜ ਸਰਕਾਰ ਲੋਕਾਂ ਨੂੰ ਨਾਂਹ ਪੱਖੀ ਤੋਹਫੇ ਦੇਣ ਦੀ ਬਜਾਏ ਵਾਅਦਿਆਂ ਨੂੰ ਪੂਰਾ ਕਰਨ ਨੂੰ ਅਮਲੀ ਰੂਪਾ ਦੇਵੇ ਤਾਂ ਹੀ ਸਰਕਾਰ ਦੀ ਭਰੋਸੇਯੋਗਤਾ ਕਾਇਮ ਰਹਿ ਸਕਦੀ ਹੈ।

# ਪਰਾਲੀ ਨੂੰ ਅੱਗ ਤੋਂ ਬਚਾਉਣ ਦੀ ਮੁਹਿੰਮ ਦਾ ਮਹੱਤਵ ਤੇ ਨਤੀਜੇ



ਮਹਿੰਦਰ ਸਿੰਘ 'ਦੋਸਾਂਝ'
91-94632-33991

ਝੋਨੇ ਦੀ ਕਟਾਈ ਤੋਂ ਬਾਅਦ ਕਿਸਾਨਾਂ ਵਲੋਂ ਪਰਾਲੀ ਨੂੰ ਅੱਗ ਨਾ ਲਾਉਣ ਦੇ ਰੁਝਾਨ ਵਿੱਚ ਏਸ ਸਾਲ ਵਿਸ਼ੇਸ਼ ਪ੍ਰਗਤੀ ਹੋਈ ਹੈ ਤੇ ਏਸ ਲਈ ਬਹੁਤੇ ਕਿਸਾਨ ਸਾਵਾਸ਼ੇ ਦੇ ਹੱਕਦਾਰ ਹਨ।

ਪ੍ਰਗਤੀਸ਼ੀਲ ਸੋਚ ਵਾਲੇ ਕਿਸਾਨ ਸਮਝ ਰਹੇ ਹਨ ਕਿ ਭਾਰੀ ਮਾਤਰਾ ਵਿੱਚ ਫਾਸਫੋਰਸ, ਨਾਈਟਜਰੋਜਨ, ਪੁਟਾਸ਼ ਤੇ ਜ਼ਮੀਨ ਨੂੰ ਸਮਰੱਥਾ ਬਖਸ਼ਣ ਵਾਲੇ ਹੋਰ ਕਈ ਤੱਤ ਪਰਾਲੀ ਦੀ ਅੱਗ ਵਿੱਚ ਸੜ ਕੇ ਰਾਖ ਬਣ ਜਾਂਦੇ ਹਨ, ਖ਼ੂਬਸੂਰਤ ਬਿਰਛ, ਬੂਟੇ ਭਸਮ ਹੋ ਜਾਂਦੇ ਹਨ, ਫਸਲਾਂ ਦੇ ਦੁਸ਼ਮਣ ਕੀੜਿਆਂ ਨੂੰ ਖਾਣ ਵਾਲੇ ਅਨੇਕਾਂ ਪੰਛੀਆਂ ਦੇ ਅੰਡੇ ਤੇ ਬੱਚੇ ਸੜਨ ਨਾ.ਲ ਉਨ੍ਹਾਂ ਦੇ ਪਰਿਵਾਰ ਉਜੜ ਜਾਂਦੇ ਹਨ, ਕਈ ਪੰਛੀ ਜਿਵੇਂ ਤਿੱਤਰ ਤੇ ਟਟੀਹਰੀਆਂ ਤਾਂ ਆਪਣੇ ਬੱਚੇ ਜ਼ਮੀਨ ਉੱਪਰ ਫਸਲਾਂ ਦੀ ਬਚਖਚ ਵਿੱਚ ਹੀ ਪਾ.ਲਦੀਆਂ ਹਨ। ਮਿੱਟੀ ਵਿੱਚ ਪ.ਲਦੇ ਪੂੰਗਰੇ, ਗੰਡੋਏ,ਘੁਮਾਰ ਤੇ ਹੋਰ ਕਈ ਜੀਵਾਂ ਦੇ ਪਰਿਵਾਰ, ਜਿਨ੍ਹਾਂ ਦੀ ਕਿਰਪਾ ਕਰਕੇ ਧਰਤੀ ਨੂੰ ਅਨਾਜ ਪੈਦਾ ਕਰਨ ਦਾ ਵਰਦਾਨ ਪ੍ਰਾਪਤ ਹੈ, ਸੜ ਕੇ ਰਾਖ ਹੋ ਜਾਂਦੇ ਹਨ, ਕਦੇ ਸਾਉਣ ਤੇ ਭਾਂਦੋਂ ਦੇ ਦਿਨਾਂ ਵਿੱਚ ਸੱਜਰੇ ਵਾਹੇ ਸਿਆੜਾਂ ਵਿੱਚ ਲਾਲ ਰੰਗ ਦੇ ਅਣਗਿਣਤ ਕੀੜੇ ਨਜ਼ਰ ਆਉਂਦੇ ਹੁੰਦੇ ਸਨ, ਜਿਨ੍ਹਾਂ ਨੂੰ ਚੀਚ ਬਹੁਟੀਆਂ ਕਿਹਾ ਜਾਂਦਾ ਸੀ, ਇਨ੍ਹਾਂ ਦੀ ਹੋਂਦ ਅੱਜ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਹੈ। ਪਰਾਲੀ ਦੀ ਅੱਗ ਵਿੱਚੋਂ ਉਤਪਨ ਧੂਏਂ ਰਾਹੀਂ ਕਾਰਬਨ ਏਅਰੋਸੋਲ ਤੇਜ਼ਾਬ ਤੇ ਹੋਰ ਕਈ ਮਾਰੂ ਗੈਸਾਂ ਅਸਮਾਨ ਵਿੱਚ ਜਾ ਕੇ ਹਮੇਸ਼ਾਂ ਲਈ ਸਥਿਰ ਹੋ ਜਾਂਦੀਆਂ ਹਨ ਤੇ ਗਰੀਨ ਹਾਊਸ ਪ੍ਰਭਾਵ ਦੀ ਤਹਿ ਵਿੱਚ ਭਾਰੀ ਵਾਧਾ ਕਰਦੀਆਂ ਹਨ, ਏਸ ਤਹਿ ਵਿੱਚੋਂ ਲੰਘ ਕੇ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਧਰਤੀ ਦੇ ਤਾਪਮਾਨ ਵਿੱਚ ਨਿਰੰਤਰ ਵਾਧਾ ਕਰ ਰਹੀਆਂ ਹਨ, ਇਉਂ ਜੇ ਧਰਤੀ ਦਾ ਤਾਪਮਾਨ ਢਾਈ ਡਿਗਰੀ ਸੈਲਸੀਅਸ ਤੱਕ ਹੋਰ ਵਧ ਜਾਂਦਾ ਹੈ ਤਾਂ ਲੋਕਾਂ ਨੂੰ ਦਮੇ ਤੇ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਲੱਗ ਸਕਦੀਆਂ ਹਨ, ਏਸ ਮਾਰੂ ਗਰਮੀ ਨਾ.ਲ ਗਾਵਾਂ, ਮੱਝਾਂ ਦੇ ਗਰਭ ਨਹੀਂ ਠਹਿਰਨਗੇ, ਬਿਰਛਾਂ ਨੂੰ ਫੁੱਲ ਲੱਗਣਗੇ ਪਰ ਫ.ਲ ਨਹੀਂ ਬਣਨਗੇ, ਸਿੱਟਿਆਂ ਦੀਆਂ ਕੁੱਖਾਂ ਵਿੱਚ ਦਾਣੇ ਨਹੀਂ ਨਿਮਣਗੇ, ਅਜਿਹੇ ਵਾਤਾਵਰਨ ਨਾ.ਲ ਸਭ ਤੋਂ ਵੱਧ ਨੁਕਸਾਨ ਖੇਤੀ ਦੇ ਖੇਤਰ ਦਾ ਹੀ ਹੋਵੇਗਾ ਕਿਉਂਕਿ ਖੇਤੀ ਹੈ ਹੀ ਵਾਤਾਵਰਨ ਦੇ ਰਹਿਮ ਤੇ ਨਿਰਭਰ, ਅਜਿਹੇ ਹਾਲਾਤ ਵਿੱਚ ਇੱਕ ਹੋਰ ਖਤਰਾ ਹੈ ਗਲੇਸ਼ੀਅਰਾਂ ਦੇ ਖੁਰ ਜਾਣ ਦਾ, ਹੁਣ ਤੱਕ ਹਿਮਾਲਿਆ ਰਿਜ਼ਨ ਵਿੱਚ ਲੱਗਪੱਗ 30 ਲੱਖ ਹੈਕਟੇਅਰ ਰਕਬੇ ਅੰਦਰ ਗਲੇਸ਼ੀਅਰ ਸੁਰੱਖਿਅਤ ਹਨ, ਗਲੇਸ਼ੀਅਰ ਖੁਰਨ ਨਾ.ਲ ਸਾਡੇ ਦਰਿਆ ਦਮ ਤੋੜ ਜਾਣਗੇ, ਨਹਿਰਾਂ ਦੇ ਬੁੱਲ੍ਹ ਸੁੱਕ ਜਾਣਗੇ, ਨਦੀਆਂ, ਨਾਲ਼ਿਆਂ ਦਾ ਕਲ ਕਲ ਕਰਦਾ ਸੰਗੀਤ ਖਾਮੋਸ਼ ਹੋ ਜਾਵੇਗਾ ਤੇ ਉਦਯੋਗ ਦੀ ਧੜਕਣ ਬੰਦ ਹੋ ਜਾਵੇਗੀ, ਸਾਰੀ ਦੁਨੀਆਂ ਹਨੇਰੇ ਵਿੱਚ ਡੁੱਬ ਜਾਵੇਗੀ, ਵਿਸ਼ਵ ਦੀ ਅੱਧੀ ਅਬਾਦੀ ਪਾਣੀ ਦੀ ਬੂੰਦ ਬੂੰਦ ਲਈ ਤਰਸਦੀ ਦਮ ਤੋੜ ਦੇਵੇਗੀ,ਦੂਜੇ ਪਾਸੇ ਜੇਕਰ ਕੇਵਲ ਅੰਨਟਰਟਿਕਾ ਦੀਆਂ ਬਰਫਾਂ ਹੀ ਖੁਰ ਜਾਦੀਆਂ ਹਨ ਤਾਂ ਸਮੁੰਦਰਾਂ ਦੀ ਤਹਿ ਇੱਕ ਤੋਂ ਡੇਢ ਮੀਟਰ ਉੱਚੀ ਉੱਠ ਜਾਵੇਗੀ ਜਦ ਕਿ ਪਿਛਲੇ ਪੰਜ ਸੌ ਸਾਲਾਂ ਵਿੱਚ ਸਮੁੰਦਰ ਕੇਵਲ ਪੰਜ ਕੇਵਲ ਪੰਜ ਸੈਂਟੀਮੀਟਰ ਹੀ ਉੱਜ ਉਠਿਆ ਹੈ ਇਉਂ ਸਮੰਦਰਾਂ ਦੇ ਕੰਢੇ ਵਸਣ ਵਾਲੀ ਵਿਸ਼ਵ ਦੀ ਅੱਧੀ ਅਬਾਦੀ ਪਾਣੀ ਵਿੱਚ ਡੁੱਬ ਜਾਵੇਗੀ।ਹੁਣ ਤੱਕ ਕਈ ਆਈਲੈਂਡ ਪਾਣੀ ਵਿੱਚ ਡੁੱਬ ਚੁੱਕੇ ਹਨ।

ਏਸ ਲਈ ਕਿਸਾਨਾਂ ਵਲੋਂ ਪਰਾਲੀ ਸਾੜਨ ਤੌਂ ਪਰਹੇਜ਼ ਨੂੰ ਧਾਰਮਿਕ ਕੰਮ ਵਰਗਾ ਸਥਾਨ ਦੇਣਾ ਚਾਹੀਦਾ ਹੈ, ਜਦੋਂ ਅਸੀਂ ਪਾਠ, ਕੀਰਤਨ ਤੇ ਜਗਰਾਤੇ ਕਰਵਾਉਣ ਲਈ ਤੇ ਹੋਰ ਧਾਰਮਿਕ ਕਾਰਜਾਂ ਲਈ ਭਾਰੀ ਖਰਚ ਖੇਚਲਾਂ ਕਰਦੇ ਹਾਂ ਤਾਂ ਸਰਕਾਰਾਂ ਤੋਂ ਮਾਇਕ ਮੱਦਦ ਮੰਗਦੇ ਹਾਂ? ਵਾਤਾਵਰਨ ਸੁਰੱਖਿਆ ਲਈ ਸਰਕਾਰਾਂ ਤੋਂ ਮੱਦਦ ਮੰਗਣੀ ਤੇ ਸਰਕਾਰਾਂ ਨੂੰ ਮੱਦਦ ਦੇਣੀ ਵੀ ਚਾਹੀਦੀ ਹੈ ਪਰ ਜੇ ਮੱਦਦ ਦੇਣ ਦੇ ਕੰਮ ਵਿੱਚ ਕੋਈ ਤਕਨੀਕੀ ਮੁਸ਼ਕਿਲ ਜਾਂ ਸਰਕਾਰੀ ਖਜ਼ਾਨੇ ਵਿੱਚ ਪੈਸਾ ਨਾ ਹੋਵੇ ਤਾਂ ਇੱਕ ਸਹੀ ਤੇ ਨੇਕ ਕੰਮ ਨੂੰ ਕਿਉਂ ਰੋਕਿਆ ਜਾਵੇ?

ਖੇਤੀ ਦੀ ਬਚਖੁੱਚ ਜਲਾਉਣ ਦੇ ਮਾਮਲੇ ਵਿੱਚ ਏਸ ਸਾਲ ਪੰਜਾਬ ਅੰਦਰ ਰਾਜਨੀਤੀ ਤੇ ਕਿਸਾਨ ਯੂਨੀਅਨਾਂ ਚਲਾਉਣ ਵਾਲੇ ਬਹੁਤੇ ਨੇਤਾਵਾਂ ਦਾ ਵਤੀਰਾ ਮਾਯੂਸਕੁਨ ਤੇ ਅਫਸੋਸਜਨਕ ਰਿਹਾ ਹੈ, ਪਰਾਲੀ ਨੂੰ ਨਜਿੱਠਣ ਲਈ ਏਸ ਵਾਰ ਕਿਸਾਨਾਂ ਕੋ.ਲ ਘੱਟੋ ਘੱਟ ਪੰਜ ਛੇ ਢੂਕਵੇਂ ਵਿਕਲਪ ਸਨ ਤੇ ਉਹ ਵੱਖ ਵੱਖ ਢੰਗਾਂ ਤਰੀਕਿਆਂ ਨਾ.ਲ ਪਰਾਲੀ ਦੀ ਸਮੱਸਿਆ ਦੇ ਸਮਾਧਾਨ ਵਿੱਚ ਰੁੱਝੇ ਹੋਏ ਸਨ ਪਰ ਕਿਸਾਨ ਯੂਨੀਅਨਾਂ ਦੇ ਬਹੁਤੇ ਨੇਤਾਵਾਂ ਨੇ ਉਨ੍ਹਾਂ ਨੂੰ ਬਾਂਹੋਂ ਫੜ ਕੇ ਅਜਿਹੇ ਨੇਕ ਕੰਮ ਕਰਨ ਤੋਂ ਰੋਕਿਆ ਤੇ ਅੱਗ ਲਾਉਣ ਲਈ ਪਰੇਰਿਤ ਕੀਤਾ, ਹਾਲਾਂਕਿ ਇਨ੍ਹਾਂ ਨੇਤਾਵਾਂ ਦਾ ਨੈਤਿਕ ਫਰਜ਼ ਤਾਂ ਇਹ ਸੀ ਕਿ ਉਹ ਕਿਸਾਨਾਂ ਨੂੰ ਹੌਸਲਾ ਤੇ ਪਰਾਲੀ ਨੂੰ ਸਹੀ ਢੰਗ ਨਾ.ਲ ਨਜਿੱਠਣ ਵਾਸਤੇ ਸਹਿਯੋਗ, ਹੌਸਲਾ ਤੇ ਪ੍ਰੇਰਨਾ ਦਿੰਦੇ, ਜਿਨ੍ਹਾਂ ਕਿਸਾਨਾਂ ਨੇ ਪਰਾਲੀ ਖੇਤਾਂ 'ਚ ਖਪਾਈ ਪਿੰਡਾਂ'ਚ ਇੱਕਠ ਕਰਕੇ ਉਨ੍ਹਾਂ ਦਾ ਸਨਮਾਨ ਕਰਦੇ ਤੇ ਜਿਹੜੇ ਕਿਸਾਨਾਂ ਕੋ.ਲ ਪਰਾ.ਲੀ ਨਜਿੱਠਣ ਲਈ ਸੰਦ ਅਤੇ ਸਾਧਨ ਨਹੀਂ ਸਨ, ਆਪਣੇ ਸਮਰੱਥ ਮੈਂਬਰਾਂ ਰਾਹੀਂ ਉਨ੍ਹਾਂ ਦੀ ਮੱਦਦ ਕਰਦੇ।

ਪਰਾਲੀ ਬਾਰੇ ਸਰਕਾਰਾਂ ਚਲਾਉਣ ਵਾਲੇ ਨੇਤਾਵਾਂ ਤੇ ਵੀ ਹੈਰਾਨੀ ਹੁੰਦੀ ਹੈ, ਏਸ ਸਾਲ ਕੁਝ ਇੱਕ ਨੂੰ ਛੱਡ ਕੇ ਪੰਜਾਬ ਦੇ ਲੱਗਪੱਗ ਸਾਰੇ ਡੀ. ਸੀਜ਼, ਮੁੱਖ ਖੇਤੀਬਾੜੀ ਅਫ਼ਸਰਾਂ ਅਤੇ ਇਨ੍ਹਾਂ ਦੀਆਂ ਟੀਮਾਂ ਨੇ ਪੂਰੀ ਸੁਹਿਰਦਤਾ ਤੇ ਉਤਸ਼ਾਹ ਨਾ.ਲ ਪਰਾਲੀ ਦੇ ਸਦ ਉਪਯੋਗ ਲਈ ਤਕੜੀ ਮੁਹਿੰਮ ਚਲਾਈ, ਏਸ ਮੁਹਿੰਮ ਵਿੱਚ ਕਿਸਾਨਾਂ ਨੂੰ ਸਿਖਲਾਈ ਤੇ ਪ੍ਰੇਰਨਾ ਦੇ ਕੇ ਸਭ ਤੋਂ ਵੱਧ ਹਿਸਾ ਪੀ.ਏ.ਯੂ. ਤੇ ਰਾਜ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਨੇ ਪਾਇਆ, ਤੇਜ਼ੀ ਨਾ.ਲ ਤੇ ਨਿਰੰਤਰ ਆਪਣੀ ਸਫਲਤਾ ਵੱਲ ਵਧਦੀ ਏਸ ਸ਼ਾਨਾਂਮੱਤੀ ਤੇ ਕਲਿਆਣਕਾਰੀ ਮੁਹਿੰਮ ਨੂੰ ਮੁੱਖ ਮੰਤਰੀ ਦੇ ਇੱਕ ਗੋਲਮੋਲ ਬਿਆਨ ਨਾ.ਲ ਜਿਸ ਦੇ ਕੋਈ ਜਿਵੇਂ ਦੇ ਮਰਜ਼ੀ ਅਰਥ ਕੱਢ ਲਵੇ, ਸਖਤ ਝਟਕਾ ਲੱਗਾ ਤੇ ਇਹ ਮੁਹਿੰਮ ਆਪਣੇ ਮਾਰਗ ਤੇ ਮੂਧੇ ਮੂੰਹ ਡਿੱਗ ਪਈ, ਸਭ ਤੋਂ ਵੱਧ ਝਟਕਾ ਪਰਾਲੀ ਦਾ ਦੁ-ਰਉਪਯੋਗ ਰੋਕਣ ਲਈ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਦੀਆਂ ਰਿਪੋਰਟਾਂ ਤਿਆਰ ਕਰਨ ਤੇ ਕਾਰਵਾਈਆਂ ਕਰਨ ਵਾਲੇ ਸਰਕਾਰ ਦੇ ਪਸਾਰ ਸਿੱਖਿਆ ਕਾਮਿਆਂ ਨੂੰ ਲੱਗਾ ਜਿਨ੍ਹਾਂ ਨੇ ਕਿਸਾਨਾਂ ਦੀ ਨਰਾਜ਼ਗੀ ਵੀ ਸਹੇੜੀ ਪਰ ਸਫਲਤਾ ਦੀ ਮੰਜ਼ਿਲ ਤੱਕ ਵੀ ਨਾ ਪਹੁੰਚ ਸਕੇ, ਖੈਰ ਫੇਰ ਵੀ ਏਸ ਸਾਲ ਪਰਾਲੀ ਨਾ ਜਾਲਣ ਦੀ ਮੁਹਿੰਮ ਨੇ ਇੱਕ ਨਵੀਂ ਗਤੀ ਤੇ ਦਿਸ਼ਾ ਪ੍ਰਾਪਤ ਕੀਤੀ ਹੈ, ਏਸ ਮੁਹਿੰਮ ਵਿੱਚ ਹਿੱਸਾ ਪਾਉਣ ਵਾਲੇ ਸਾਰੇ ਲੋਕ ਵਧਾਈ ਦੇ ਪਾਤਰ ਹਨ। ਜਿਨ੍ਹਾਂ ਕਿਸਾਨਾਂ ਨੇ ਖਰਚੇ ਕਰਕੇ ਪਰਾਲੀ ਦਾ ਸਦ ਉਪਯੋਗ ਕੀਤਾ ਉਹ ਪਰਾਲੀ ਨੂੰ ਅੱਗ ਲਾ ਕੇ ਹਾੜ੍ਹੀ ਦੀ ਬਿਜਾਈ ਲਈ ਖੇਤ ਤਿਆਰ ਕਰਨ ਵਾਲੇ ਗਵਾਂਢੀ ਕਿਸਾਨਾਂ ਵੱਲ ਵੇਖ ਕੇ ਆਪਣੇ ਆਪ ਨੂੰ ਠਗਿਆ ਮਹਿਸੂਸ ਕਰ ਰਹੇ ਹਨ, ਅਜਿਹੀ ਅਵਸਥਾ ਵਿੱਚ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਪਰਾਲੀ ਨੂੰ ਅੱਗ ਤੌਂ ਬਚਾਉਣ ਵਾਲੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਦੇਵੇ ਜਾਂ ਘੱਟੋ ਘੱਟ ਵਿਸ਼ੇਸ਼ ਸਮਾਗਮ ਰੱਖ ਕੇ ਸਰਕਾਰੀ ਪੱਧਰ ਤੇ ਉਨ੍ਹਾਂ ਦਾ ਸਨਮਾਨ ਕਰੇ।

# ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਵਸ, ਗੁਰਤਾਗੱਦੀ ਤੇ ਜੋਤੀ-ਜੋਤਿ ਦਿਵਸ ਕਿਵੇਂ ਮਨਾਈਏ



ਮਾਸਟਰ
ਨਿਰਮਲ ਸਿੰਘ ਲਾਲੀ

ਜਦੋਂ ਇਸ ਸ੍ਰਿਸ਼ਟੀ ਉਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ ਵਿਚ ਮਨੁੱਖੀ ਕਦਰਾਂ ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਸ਼ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ ਜਦੋਂ ਸਮਾਜ ਦੇ ਹਰ ਖੇਤਰ 'ਚ ਭ੍ਰਿਸ਼ਟਾਚਾਰ, ਜ਼ਬਰ, ਜ਼ੁਲਮ ਤੇ ਅੱਲਿਆਂ ਸਿਖਰਾਂ 'ਤੇ ਪਹੁੰਚਾ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਹਨਾਂ ਨੇ ਫੁਰਮਾਇਆ ਸੀ-

ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ।

ਸਾਰੀ ਲੋਕਾਈ ਵਹਿਮਾਂ ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰਨੇ ਭਾਰਤ 'ਤੇ ਹਮਲਾ ਕੀਤਾ ਤਾਂ ਬਿਨਾਂ ਕਿਸੇ ਡਰ ਤੋਂ ਉਹਨਾਂ ਨੇ ਬਾਬਰ ਨੂੰ ਲਲਕਾਰਿਆ ਸੀ:

ਰਾਜੇ ਸ਼ੀਂਹ ਮੁਕੱਦਮ ਕੁੱਤੇ।

ਉਹਨਾਂ ਨੂੰ ਇੰਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ ਕਿ:

ਏਤੀ ਮਾਰ ਪਈ ਕੁਰਲਾਣੈ
ਤੈ ਕੀ ਦਰਦ ਨਾ ਆਇਆ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ।।
ਜਿਉ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ।।

ਸ੍ਰੀ ਗੁਰੂ ਨਾਨਕ ਦੇਵਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਹਨਾਂ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਿਆ। ਉਹਨਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ 'ਚ ਕੋਈ ਸ਼ੱਕ ਨਹੀਂ ਕਿ ਇਹਨਾਂ ਸਿੱਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ 'ਤੇ ਕਾਫੀ ਪ੍ਰਭਾਵ ਪਿਆ। ਉਹਨਾ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

ਨਾਮ ਜਪਣ ਤੇ ਨਾਲ ਨਾਲ ਸ਼ੁੱਭ ਕਰਮਾਂ 'ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਹਨਾਂ ਨੇ ਉਚਾ ਤੇਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ ਜਿਵੇਂ ਉਹਨਾਂ ਨੇ ਫੁਰਮਾਇਆ ਹੈ:

ਗਲੀਂ ਅਸੀਂ ਚੰਗੀਆਂ ਅਚਾਰੀ ਬੁਰੀਆਹਿ

ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ। ਉਹਨਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿੱਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆ ਤੱਤੁ।।

ਉਹਨਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਹਨਾਂ ਨੇ ਫੁਰਮਾਇਆ:

ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ।।

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ:

ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ।।

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ ਕੀਮਤਾਂ ਅਜੇ ਵੀ ਉਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ ਕੀਮਤਾਂ ਵੱਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ 'ਚ ਚੱਲ ਰਹੇ ਹਨ।ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ 'ਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ? ਇਹਨਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਹਨਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ। ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉਤੇ ਅਮਲ ਨਹੀਂ ਹੋਇਆ। ਸ਼ੁਭ ਅਮਲਾਂ ਬਿਨਾਂ ਕੁਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ।ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਹਨਾਂ ਨੂੰ ਅਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇੰਨਾ ਹੀ ਕਾਫੀ ਨਹੀਂ, ਜਿੰਨੀ ਦੇਰ ਅਸੀਂ ਉਹਨਾਂ ਦੇ ਪੂਰਨਿਆਂ 'ਤੇ ਨਹੀਂ ਚੱਲਦੇ ਅਤੇ ਉਹਨਾਂ ਦੀਆਂ ਸਿੱਖਿਆਵਾਂ 'ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।


ਉਹਨਾਂ ਦੇ ਪ੍ਰਕਾਸ਼ ਉਤਸਵ ਮਨਾਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉਚਾ ਅਤੇ ਸੁੱਚਾ ਨਹੀਂ ਹੁੰਦਾ ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ਤੇ ਚੱਲ ਰਿਹਾ ਹਾਂ?

# ਥੀਏਟਰ ਨੂੰ ਰੱਬ ਮੰਨਕੇ ਪੂਜਣ ਵਾਲੀ ਮੁਟਿਆਰ - ਬਾਨੀ ਸ਼ਰਮਾ



ਪ੍ਰੀਤਮ ਲੁਧਿਆਣਵੀ
9876428641

ਥੀਏਟਰ ਖੇਤਰ ਵਿਚ, 'ਬਾਨੀ ਸ਼ਰਮਾ ' ਦੇ ਨਾਂਉਂ ਤੇ ਨਾਮ ਕਮਾ ਚੁੱਕੀ, ਪੰਜਾਬ ਦੇ ਸ਼ਹਿਰ ਜੀਰਾ (ਫਿਰੋਜਪੁਰ) ਵਿਖੇ ਡੇਰੇ ਲਾਈ ਬੈਠੀ ਚੁਲਬਲੀ ਮੁਟਿਆਰ ਨੇ ਅਦਾਕਾਰੀ ਵਿਚ ਐਸੇ ਮਾਅਰਕੇ ਮਾਰ ਦਿਖਾਏ, ਜਿਨਾਂ ਸਦਕਾ ਆਮ ਨੂੰ ਪਤਾ ਹੀ ਨਹੀ ਕਿ ਉਸ ਦਾ ਅਸਲ ਨਾਮ 'ਓਮਾ ਭਾਰਤੀ' ਵੀ ਹੈ। ਪਿਤਾ ਸ੍ਰੀ ਸੁਭਾਸ਼ ਚੰਦਰ ਦੇ ਗ੍ਰਹਿ ਵਿਖੇ ਮਾਤਾ ਸਸ਼ੀ ਬਾਲਾ ਜੀ ਦੀ ਪਾਕਿ ਕੁੱਖੋਂ ਜਨਮੀ ਓਮਾ ਭਾਰਤੀ ਨੂੰ ਬਚਪਨ ਤੋਂ ਸਕੂਲ ਪੜਦਿਆਂ ਹੀ ਨੱਚਣ-ਟੱਪਣ ਅਤੇ ਸਕਿੱਟਾਂ ਆਦਿ ਵਿਚ ਭਾਗ ਲੈਣ ਦੀ ਚੇਟਕ ਲੱਗ ਗਈ ਸੀ। ਪੜਾਈ ਦੀ ਸਮਾਪਤੀ ਉਪਰੰਤ ਉਸ ਨੇ 2002 ਵਿਚ ਥੀਏਟਰ-ਜਗਤ ਵਿਚ ਬਕਾਇਦਾ ਪੈਰ ਧਰਿਆ। ਓਮਾ ਭਾਰਤੀ ਨੇ ਦੱਸਿਆ ਕਿ ਉਸ ਨੇ ਥੀਏਟਰ ਦੇ ਮਹਾਂ-ਰਥੀ ਮੇਘ ਰਾਜ ਰੱਲਾ ਦੀ ਟੀਮ, 'ਲੋਕ ਕਲਾ ਮੰਚ ਜੀਰਾ' ਦੁਆਰਾ ਥੀਏਟਰ ਵਿਚ ਐਂਟਰੀ ਕੀਤੀ ਅਤੇ ਉਨਾਂ ਨਾਲ ਅੱਜ ਤੱਕ ਕੰਮ ਕਰਨ ਦਾ ਮੌਕਾ ਮਿਲਿਆ, ਜਿਨਾਂ ਵਲੋਂ ਇਸ ਖੇਤਰ ਵਿਚ ਉਸ ਨੂੰ ਬਾਨੀ ਸ਼ਰਮਾ ਦਾ ਨਾਮ ਮਿਲਿਆ। ਵਧਦੇ ਸਫਲ ਕਦਮੀ ਬਾਨੀ ਸ਼ਰਮਾ ਨੇ ਆਪਣੀ ਕਲਾ ਅਤੇ ਮਿਹਨਤ ਸਦਕਾ ਟੈਲੀ ਫਿਲਮਾਂ ਦੀ ਦਹਿਲੀਜ 'ਤੇ ਦਸਤਕ ਦਿੰਦਿਆਂ ਗੁਰਨਾਮ ਸਿੱਧੂ ਦੀ ਕਮੇਡੀ ਟੈਲੀ ਫਿਲਮ, 'ਸੱਪ ਕੱਢਾਂਗੇ', ਡਾਇਰੈਕਟਰ ਦਿਲਾਵਰ ਸਿੱਧੂ ਦੀ ਟੈਲੀ ਫਿਲਮ, 'ਗੁੱਡ ਮੈਨ ਇੰਨ ਪੰਗਾ' ਅਤੇ ਹੈਪੀ ਦੀ, 'ਜੀਤ ਪੈਂਚਰਾਂ ਵਾਲਾ' ਦੀ 'ਆਖਰੀ ਰਾਤ' ਆਦਿ ਕਈ ਟੈਲੀ-ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ। ਇਸ ਤੋ ਇਲਾਵਾ ਮਿੰਟੂ ਜੱਟ (ਭਾਨਾ ਭਗੌੜਾ) ਨਾਲ,



'ਪਰਾਲੀ ਨੂੰ ਅੱਗ', 'ਠੇਕੇ ਬੰਦ', 'ਸਾਈਕਲ' ਅਤੇ 'ਜ਼ਿੰਮੇਵਾਰੀ' ਆਦਿ ਦਰਜਨ ਦੇ ਕਰੀਬ ਸਕਿੱਟਾਂ ਦੇ ਨਾਲ-ਨਾਲ ਅਨਗਿਣਤ ਸਟੇਜੀ ਸ਼ੋਅ ਵੀ ਕੀਤੇ। ਇੱਥੇ ਹੀ ਬਸ ਨਹੀ, ਕਾਫੀ ਗੀਤਾਂ ਵਿਚ ਵੀ ਅਦਾਕਾਰੀ ਕੀਤੀ ਹੈ, ਉਸ ਨੇ। ਬਾਨੀ ਸ਼ਰਮਾ ਨੇ ਦੱਸਿਆ ਕਿ ਹੁਣ ਵੱਡੇ ਪਰਦੇ ਦੀ ਇਕ ਫਿਲਮ ਵਿਚ ਉਸ ਦੀ ਸ਼ੂਟਿੰਗ ਚੱਲ ਰਹੀ ਹੈ, ਜਿਹੜੀ ਕਿ ਅੰਤਮ ਪੜਾਅ ਵਿਚ ਹੈ ਅਤੇ ਜਲਦੀ ਹੀ ਰੀਲੀਜ ਹੋ ਰਹੀ ਹੈ।

ਇਸ ਮੁਕਾਮ ਤੱਕ ਪਹੁੰਚਣ ਦੀਆਂ ਪ੍ਰਾ-ਪਤੀਆਂ ਦਾ ਸਿਹਰਾ, ਪਰਿਵਾਰ ਵਿਚ, ਬਾਨੀ ਸ਼ਰਮਾ ਜਿੱਥੇ ਆਪਣੇ ਜੀਵਨ-ਸਾਥੀ ਜਸਵੀਰ ਸਨੋਤਰਾ ਨੂੰ ਦਿੰਦੀ ਹੈ, ਉਥੇ ਥੀਏਟਰ ਖੇਤਰ ਦੀਆਂ ਸ਼ਖਸ਼ੀਅਤਾਂ ਮੇਘ ਰਾਜ ਰੱਲਾ, ਦਿਲਾਵਰ ਸਿੱਧੂ, ਮਿੰਟੂ ਜੱਟ (ਭਾਨਾ ਭਗੌੜਾ) ਦਾ ਵੀ ਬੜੇ ਅਦਬ ਨਾਲ ਜ਼ਿਕਰ ਕਰਦਿਆਂ ਉਨਾਂ ਵਲੋਂ ਮਿਲੇ ਸਹਿਯੋਗ ਦਾ ਧੰਨਵਾਦ ਕਰਦੀ ਹੈ।

ਇਸਤੋਂ ਇਲਾਵਾ ਉਹ ਧੰਨਵਾਦ ਕਰਦੀ ਹੈ, ਦੇਸ਼-ਵਿਦੇਸ਼ ਵਿਚ ਬੈਠੇ ਰੱਬ ਵਰਗੇ ਉਨਾਂ ਹਜਾਰਾਂ-ਲੱਖਾਂ ਕਲਾ-ਪ੍ਰੇਮੀਆਂ ਦਾ, ਜਿਹੜੇ ਉਸ ਦੀ ਕਲਾ ਨੂੰ ਸਲਾਹੁੰਦੇ, ਹੱਲਾ-ਸ਼ੇਰੀ ਦਿੰਦੇ ਅਤੇ ਮਣਾਂ-ਮੂੰਹੀ ਪਿਆਰ ਬਖਸ਼ਦੇ, ਜੋਸ਼-ਖ਼ਰੋਸ਼ ਭਰੀ ਰੱਖਦੇ ਹਨ, ਉਸਦੇ ਕਦਮੀਂ।

'ਬੈਸਟ ਅਦਾਕਾਰਾ' ਦਾ ਐਵਾਰਡ ਅਤੇ ਹੋਰ ਅੱਡ-ਅੱਡ ਅਨੇਕਾਂ ਮਾਣ ਸਨਮਾਨ ਖੱਟ ਚੁੱਕੀ, ਥੀਏਟਰ ਨੂੰ ਹੀ ਆਪਣਾ ਰੱਬ ਮੰਨ ਕੇ ਪੂਜਣ ਵਾਲੀ ਪੰਜਾਬਣ ਮੁਟਿਆਰ ਬਾਨੀ ਸ਼ਰਮਾ ਲਈ ਉਹ ਦਿਨ ਦੂਰ ਨਹੀਂ ਜਦੋਂ ਕਲਾ-ਪ੍ਰੇਮੀਆਂ ਦੇ ਬੁੱਲਾਂ ਉਤੇ ਉਸ ਦਾ ਨਾਮ ਹੋਰ ਵੀ ਗੂਹੜਾ ਹੋ ਕੇ ਦਿਲਾਂ ਦੀ ਧੜਕਣ ਬਣ ਜਾਵੇਗਾ, ਇਹ ਨਾਮ। ਰੱਬ ਕਰੇ ਉਹ ਸੱਜਰੀ ਸਵੇਰ ਜਲਦੀ ਆਵੇ ! ਓਸ ਪਰਵਰਦਗਾਰ ਦੇ ਦਰ ਤੇ ਅਰਦਾਸ-ਜੋਦੜੀ ਹੈ, ਮੇਰੀ ! ਆਮੀਨ !

# ਮੂਲਨਿਵਾਸੀਆਂ ਦਾ ਇਤਿਹਾਸ ਅਤੇ ਭਵਿੱਖ ਵਿੱਚ ਏਕਤਾ



ਹਰਬੰਸ ਵਿਰਦੀ

(ਵਿਚਾਰ ਆਪੋ-ਆਪਣਾ)

ਮੈਂ ਸਾਊਥਾਲ ਦੇ ਸਿੱਖ ਭਰਾਵਾਂ ਦਾ ਬਹੁਤ ਧੰਨ-ਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਆਪ ਸਭ ਨਾਲ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ। ਖਾਸ ਕਰਕੇ ਮੈਂ ਡਾ: ਪ੍ਰਗਟ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਸਮਾਗਮ ਵਿੱਚ ਆਉਣ ਲਈ ਸੱਦਿਆ। ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਮੈਂ ਖਿਮਾ ਦਾ ਜਾਚਕ ਹੋਵਾਂਗਾ ਅਗਰ ਮੈਂ ਪੰਜਾਬੀ ਵਿੱਚ ਕੋਈ ਸਿੱਖ ਮਰਯਾਦਾ ਅਨੁਸਾਰ ਲਫਜ਼ ਨਾ ਕਹਾਂ, ਉਹ ਮੇਰੀ ਆਪਦੇ ਦਿਲ ਨੂੰ ਠੇਸ ਪਹੁੰਚਾਉਣ ਦੀ ਭਾਵਨਾ ਨਹੀਂ ਹੋਵੇਗੀ ਕਿਉਂਕਿ 14-15 ਸਾਲ ਦੀ ਉਮਰ ਵਿੱਚ ਮੈਂ ਪੰਜਾਬ ਤੋਂ ਲੰਡਨ ਆ ਗਿਆ ਸੀ। 21 ਸਾਲ ਦੀ ਉਮਰ ਤੋਂ ਹੀ ਬੁੱਧ ਧੰਮ ਦਾ ਬਹੁਤ ਗਹਿਰਾਈ ਨਾਲ ਅਧਿਅਨ ਕਰ ਰਿਹਾ ਹਾਂ।ਕਈ ਲਫਜ਼ ਮੂੰਹ ਤੇ ਚੜੇ ਹੁੰਦੇ ਹਨ। ਜਿਵੇਂ ਡਾ: ਪ੍ਰਗਟ ਸਿੰਘ ਹੁਣਾਂ ਨਾਲ ਮੈਂ ਗੱਲਬਾਤ ਕਰਦਿਆਂ ਕਿਹਾਕਿ ਗੋਲਡਨ ਟੈਂਪਲ ਤਾਂ ਅੰਗਰੇਜ਼ੀ ਵਿੱਚ ਹੈ ਪਰ ਪੰਜਾਬੀ ਵਿੱਚ ਕੀ ਕਹਿਣਾ ਚਾਹੀਦਾ ਹੈ? ਉਨ੍ਹਾਂ ਨੇ ਕਿਹਾ ਕਿ ਉਦਰਬਾਰ ਸਾਹਿਬ"ਕਹਿਣਾ ਚਾਹੀਦਾ ਹੈ। ਮੈਂ ਤਾਂ ਹਮੇਸ਼ਾਂ ਗੋਲਡਨ ਟੈਂਪਲ ਜਾਂ ਹਰਮੰਦਰ ਸਾਹਿਬ ਹੀ ਕਹਿੰਦਾ ਸੀ।

ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਪੰਜਾਬ ਦੇ ਕਿਸਾਨ ਅੱਜ ਕੱਲ ਆਪਣੇ ਆਪਨੂੰ ਬ੍ਰਾਮਣਾਂ ਦੇ ਰਿਗਵੇਦ ਦੇ ਪੁਰਸ਼ ਸੂਕਤ ਅਧਿਆਏ ਵਿੱਚ ਬ੍ਰਹਮਾ ਦੇ ਮੂੰਹ ਵਿੱਚੋਂ ਬ੍ਰਾਮਣ, ਛਾਤੀ ਵਿੱਚੋਂ ਕਸ਼ੱਤਰੀ, ਧੁੰਨੀ ਵਿੱਚੋਂ ਵੈਸ਼ਯ ਅਤੇ ਪੈਰਾਂ ਵਿੱਚੋਂ ਸ਼ੂਦਰ ਪੈਦਾ ਹੋਏਇਸ ਅਨੁਸਾਰ ਆਪਣੇ ਆਪਨੂੰ ਸ਼ੂਦਰ ਮੰਨਣ ਲਈ ਤਿਆਰ ਹਨ। ਇਸ ਸਾਲ 29 ਮਾਰਚ ਨੂੰ ਉਦੇਸ਼ ਭਗਤ ਯਾਦਗਰ ਹਾਲ" ਜਾਲਾਂਧਾਰ ਵਿੱਚ ਮੈਂ ਵੀ ਇੱਕ ਸਪੀਕਰ ਸੀ, ਸਿਮਰਨਜੀਤ ਸਿੰਘ ਮਾਨ ਸਾਹਿਬ ਪ੍ਰਧਾਨ ਅਕਾਲੀ ਪਾਰਟੀ ਅੰਮ੍ਰਿਤਸਰ ਨੇ ਕਿਹਾ ਉਅਸੀਂ ਜੱਟ ਵੀ ਸ਼ੂਦਰ ਵਰਣ ਵਿੱਚੋਂ ਹਾਂ" ਬਾਬਾ ਸਾਹਿਬ ਨੇ ਆਪਣੇ ਮਹਾਨ ਥੀਸਸ "ਅਛੂਤ ਕੌਣ ਅਤੇ ਕਿਵੇਂ" ਵਿੱਚ ਲਿਖਿਆ ਹੈ ਉਭਾਰਤ ਦਾ ਇਤਹਾਸ ਦੋ ਵਿਚਾਰਧਾਰਾਂ ਦੀ ਲੜਾਈ ਹੈ ਬ੍ਰਮਣਵਾਦ ਅਤੇ ਸ਼ਰਮਣ ਵਾਦ। ਬ੍ਰਾਮਣਵਾਦ ਨੂੰ ਆਪਾਂ ਸਭ ਜਾਣਦੇ ਹਾਂ ਜੋ ਕਿ ਅੰਧਵਿਸ਼ਵਾਸ, ਨਾਬ੍ਰਾਬਰੀ, ਇੱਕ ਇਨਸਾਨ ਨੂੰ ਦੂਸਰੇ ਇਨਸਾਨ ਖਿਲਾਫ ਨਫਰਤ ਸਿਖਾਉਣਾ ਹੈ, ਦਸ ਗੁਰੂਆਂ ਨੇ ਬ੍ਰਾਮਣਵਾਦ ਦੇ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕੀਤਾ।ਦੂਜਾ ਸ਼ਰਮਣਵਾਦ ਜੋ ਕਿ ਆਪਾਂ ਜੰਬੂਦੀਪ ਦੇ ਮੂਲਨਿਵਾਸੀਆਂ ਦੀ ਵਿਚਾਰਧਾਰਾ ਹੈ।

ਹੁਣ ਤਾਂ ਮੁਸਲਮਾਨਾਂ ਦੇ ਵਿਦਵਾਨ ਵੀ ਇਸ ਗੱਲ ਨੂੰ ਸਵੀਕਾਰ ਕਰਨ ਲੱਗ ਪਏ ਹਨ। ਲੰਡਨ ਸਕੂਲ ਔਫ ਇਕਨੌਮਿਕ ਦੇ ਪ੍ਰੋਫੈਸਰ ਐਰਿਫ ਨੇ ਇੰਡੀਆ ਹਾਊਸ ਲੰਡਨ ਵਿੱਚ ਬਾਬਾਸਾਹਿਬ ਡਾ: ਅੰਬੇਡਕਰ ਜੀ ਦੇ ਜਨਮ ਦਿਵਸ ਤੇ ਕਿਹਾ ਉਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਵਿੱਚ ਰਹਿਣ ਵਾਲੇ 90ਗ ਮੁਸਲਮਾਨ ਸ਼ੂਦਰਾਂ ਅਤੇ ਅਛੂਤਾਂ ਵਿੱਚੋਂ ਕਨਵਰਟ ਹੋਏ ਸਨ"। ਜਹੀਰੂਦੀਨ ਅਲੀ ਖਾਨ ਉੜਦੂ ਅਖਬਾਰ ਉਸਿਆਸਤ" ਦੇ ਚੀਫ ਅਡੀਟਰ, ਹੈਦਰਾਬਾਦ ਤੋਂ ਉਨ੍ਹਾਂ ਨੇ 26 ਦਸੰਬਰ 2014 ਨੂੰ ਬੁੱਧ ਗਯਾ ਵਿੱਚ ਬਾਮਸੇਫ ਦੇ ਸਲਾਨਾ ਅਧਿਵੇਸ਼ਨ ਵਿੱਚ ਕਿਹਾ ਉਮੁਸਲਮਾਨਾਂ ਦੇ ਡੀ ਐਨ ਏ ਭਾਰਤ ਦੇ ਮੂਲਨਿਵਾਸੀਆਂ ਨਾਲ ਮਿਲਦੇ ਹਨ" ਮੌਲਾਨਾ ਆਜ਼ਾਦ ਨੌਮਾਨੀ ਨੇ ਬਾਮਸੇਫ ਦੀ 32 ਵੀਂ ਕਨਵੈਂਸ਼ਨ ਹੈਦਰਾਬਾਦ ਵਿੱਚ ਕਿਹਾ ਉਭਾਰਤ ਦੇ 99ਗ ਮੁਸਲਮਾਨ ਭਾਰਤ ਦੇ ਮੂਲਨਿਵਾਸੀ ਹਨ, ਸਾਡੇ ਬਜ਼ੁਰਗ ਬੋਧੀ ਸਨ"।ਪਾਕਿਸਤਾਨ ਦੀ ਸਕੌਲਰ ਅਤੇ ਸਮਾਜ ਸੁਧਾਰਕ ਫੌਜ਼ੀਆ ਸਈਯਦ ਨੇ ਕਿਹਾ ਉਪਾਕਿ-ਸਤਾਨ ਦੇ ਮੁਸਲਮਾਨ ਸੋਚਦੇ ਹਨ ਕਿ ਉਹ ਤੁਰਕੀ ਜਾਂ ਅਰਬ ਵਾਲਿਆਂ ਦੀ ਔਲਾਦ ਹੈ ਪਰ ਇਹ ਗਲਤ ਹੈ।ਪਾਕਿਸਤਾਨ ਅਤੇ ਬੰਗਲਾ ਦੇਸ਼ ਵਿੱਚ ਰਹਿਣ ਵਾਲੇ ਲੋਕ ਮੂਲ ਬੋਧੀ ਸਨ ਜਿਨ੍ਹਾਂ ਨੂੰ ਸੂਫੀ ਸੰਤਾਂ ਨੇ ਇਸਲਾਮ ਵਿੱਚ ਕਨਵਰਟ ਕੀਤਾ ਸੀ"।

ਅੱਜ ਜੋ ਬ੍ਰਾਮਣ ਸਾਨੂੰ ਆਪਸ ਵਿੱਚ ਲੜਾ ਰਹੇ ਹਨ, ਇਨ੍ਹਾਂ ਨੇ ਆਪਾਂ ਨੂੰ ਹਰ ਇਨਸਾਨੀ ਹੱਕ ਤੋਂ ਬਾਂਝੇ ਰੱਖਿਆ। ਆਪਾਂ ਸਭ ਜਾਣਦੇ ਹਾਂ ਕਿ ਆਪਣੇ ਬਜ਼ੁਰਗਾਂ ਲਈ ਸਕੂਲਾਂ ਦੇ ਦਰਵਾਜ਼ੇ ਬੰਦ ਸਨ ! ਹੁਣ ਹਾਲਾਤ ਬਦਲ ਗਏਹਨ, ਅਸੀਂ ਆਪਣਾ 7,000 ਸਾਲ ਦਾ ਇਤਹਾਸ ਲੱਭਣਾ ਹੈ ।ਇਹ ਯੂਰੇਸ਼ੀਅਨ ਤਾਂ ਵਾਮਮਾਰਗੀਏ ਸਨ ਇਹ ਅਸੱਭਿਅਤ ਲੋਕ ਸਨ। ਮਹੰਜੋਦਾੜੋ, ਸਿੰਧੂ ਘਾਟੀ ਅਤੇ ਹੜੱਪਾ ਸਾਡੀਆਂ ਸੱਭਿਅਤਾਂ 7,000 ਸਾਲ ਪੁਰਾਣੀਆਂ ਹਨ। ਅੰਗਰੇਜ਼ਾਂ ਨੇ ਜਦੋਂ ਇਨ੍ਹਾਂ ਦੀ ਖੁਦਾਈ ਕੀਤੀ ਤਾਂ ਇਨ੍ਹਾਂ ਦੇ ਖੰਡਰਾਤਾਂ ਵਿੱਚੋਂ ਸਾਫ ਮਿਲਿਆ ਕਿ ਸਾਰੇ ਇਨਸਾਨ ਆਜ਼ਾਦੀ, ਬ੍ਰਾਬਰਤਾ, ਅਤੇ ਭਾਈਚਾਰਾ ਦੇ ਮਹੌਲ ਵਿੱਚ ਰਹਿੰਦੇ ਸਨ।ਸਾਰੇ ਘਰਾਂ ਦੇ ਆਕਾਰ ਇੱਕੋ ਜਿਹੇ ਸਨ, ਸੀਵਰਜ਼ ਸਿਸਟਮ ਸੀ, ਔਰਤਾਂ ਮਰਦਾਂ ਦੇ ਬ੍ਰਾਬਰ ਸਨ, ਸੜਕਾਂ ਸਨ, ਸੜਕਾਂ ਤੇ ਲਾਇਟਾਂ ਸਨ ਬਿਜਲੀ ਦੀਆਂ ਨਹੀਂ ਤੇਲ ਦੀਆਂ। ਆਪਣੇ ਬਜੁਰਗਾਂ ਕੋਲ ਹਾਥੀ ਸੀ ਜਿਸਨੂੰ ਰਾਜੇ ਦੀ ਸਵਾਰੀ ਤੋਂ ਲੈਕੇ ਹਰ ਛੋਟੇ ਕੰਮ ਲਈ ਵਰਤਿਆਂ ਜਾਂਦਾ ਸੀ। ਇਹ ਯੂਰੇਸ਼ੀਅਨਾਂ ਘੋੜੇ ਤੇ ਸਵਾਰ ਹੋਕੇ ਆਏ, ਹਾਥੀ ਦੇ ਮੁਕਾਵਲੇ ਘੋੜਾ ਤੇਜ਼ ਰਫਤਾਰ ਨਾਲ ਦੌੜ ਅਤੇ ਜਲਦੀ ਘੁੰਮ ਨਹੀਂ ਸਕਦਾ, ਇਹ ਵੀ ਇੱਕ ਆਪਣੀ ਹਾਰ ਦਾ ਕਾਰਨ ਸੀ। ਹੋਰ ਬਹੁਤ ਸਾਰੇ ਛੜਯੰਤਰ ਰਚਕੇ ਇਨ੍ਹਾਂ ਯੂਰੇਸ਼ੀਅਨਾਂ ਨੇ ਸਾਡੇ ਦਸੂਆਂ ਰਾਜਿਆਂ ਨੂੰ ਹਰਾਕੇ ਵਰਣ ਵਿਵਸਥਾ ਲਾਗੂ ਕੀਤੀ। ਵਰਣ ਵਿਵਸਥਾ ਜਾਤ-ਪਾਤ ਦੀ ਮਾਂ ਹੈ। ਵਰਣ ਵਿਵਸਥਾਤੋਂ ਬਾਦ ਜਾਤ-ਜਾਤ ਸ਼ੁਰੂ ਕੀਤੀ ਅਤੇ ਫਿਰ ਬੋਧੀਆਂ ਦੀ ਹਾਰ ਤੋਂ ਬਾਦ 6 ਵੀਂ 7 ਸਦੀ ਵਿੱਚ ਛੂਆ-ਛਾਤ ਸ਼ੁਰੂ ਕੀਤੀ। ਬੋਧੀਆਂ ਨੂੰ ਹਰਾਉਣ ਤੋਂ ਬਾਦ ਚਾਰ ਤਰ੍ਹਾਂ ਦੇ ਲੋਕ ਬਣੇ, ਪਹਿਲੇ ਉਹ ਜਿਨ੍ਹਾਂ ਦੀ ਜਰੂਰਤ ਯੂਰੇਸ਼ੀਅਨਾਂ ਨੂੰ ਆਪਣੇ ਘਰੇਲੂ ਕੰਮ ਕਰਾਉਣ ਲਈ ਸੀ, ਭਾਵ ਅੱਜ ਦੇ ਓ ਬੀ ਸੀ ਜੋ ਘਰਾਂ ਵਿੱਚ ਪਾਣੀ ਲਿਆਕੇ ਦਿੰਦੇ, ਹਜਾਮਤ ਕਰਦੇ, ਕੱਪੜੇ ਸਿਉਂਦੇ ਆਦਿ। ਦੂਜੇ ਅੱਜ ਦੇ ਸ਼ਡੂਲਡ ਕਾਸਟ ਜਾਂ ਅਛੂਤ ਜਿਨ੍ਹਾਂ ਨੂੰ ਗੁਲਾਮ ਬਣਾਇਆ ਜੋ ਪਿੰਡਾਂ ਤੋਂ ਬਾਹਰ ਲਹਿੰਦੇ ਪਾਸੇ ਰਹਿਣ, ਮਰੇ ਹੋਏ ਪਸ਼ੂਆਂ ਦਾ ਮਾਸ ਖਾਣ, ਮੁਰਦਿਆਂ ਦੇ ਕੱਫਣ ਪਹਿਨਣ, ਧੰਨ-ਦੌਲਤ ਤੋਂ ਬਾਂਝੇ, ਪੜ੍ਹਾਈ ਦਾ ਕੋਈ ਹੱਕ ਨਹੀਂ ਆਦਿ। ਤੀਜੇ ਉਹ ਜਿਨ੍ਹਾਂ ਨੇ ਨਾ ਤਾਂ ਘਰਾਂ ਦੀਆਂ ਬੁੱਤੀਆਂ ਕਰਨੀਆਂ ਕਬੂਲੀਆਂ ਨਾ ਹੀ ਪਿੰਡਾਂ ਤੋਂ ਬਾਹਰ ਰਹਿਕੇ ਗੁਲਾਮੀ ਨੂੰ ਸਵੀਕਾਰ ਕੀਤਾ, ਉਹ ਜੰਗਲਾਂ ਵਿੱਚ ਜਾਕੇ ਅੱਜ ਦੇ ਆਦਿਵਾਸੀ ਹਨ। ਚੌਥੇ ਜਿਨ੍ਹਾਂ ਨੇ ਘਰਾਂ ਵਿੱਚ ਬੁੱਤੀਆਂ ਕਰਨੀਆਂ, ਪਿੰਡਾਂ ਤੋਂ ਬਾਹਰ ਰਹਿਕੇ ਗੁਲਾਮੀ ਨੂੰ ਵੀ ਨਹੀਂ ਕਬੂਲਿਆ, ਜੰਗਲਾਂ ਵਿੱਚ ਇਸ ਲਈ ਨਹੀਂ ਗਏ ਕਿ ਇਹ ਯੂਰੇਸ਼ੀਅਨ ਸਾਨੂੰ ਜੰਗਲਾਂ ਵਿੱਚ ਲੱਭਕੇ ਮਾਰ ਸਕਦੇ ਹਨ ਉਹ ਜੰਬੂਦੀਪ ਨੂੰ ਛੱਡਕੇ ਬਾਹਰਲੇ ਦੇਸ਼ਾਂ ਵਿੱਚ ਚਲੇ ਗਏ। ਜਿਨ੍ਹਾਂ ਨੂੰ ਖਾਸ ਕਰਕੇ ਯੌਰਪ ਵਿੱਚ ਜਿਪਸੀ ਕਿਹਾ ਜਾਂਦਾ ਹੈ। ਯੂਕੇ ਵਿੱਚ ਇਨ੍ਹਾਂ ਨੂੰ ਟਰੈਵਲਰਜ਼ ਵੀ ਕਹਿੰਦੇ ਹਨ ਕਿਉਂਕਿ ਉਹ ਇੱਕ ਜਗ੍ਹਾ ਪੱਕੇ ਤੌਰ ਤੇ ਨਹੀਂ ਰਹਿੰਦੇ। ਇਨ੍ਹਾਂ ਦੇ ਨਾਂਅ ਅੱਜ ਵੀ ਕਾਫੀ ਇੰਡੀਅਨ ਹਨ ਅਤੇ ਇੰਡੀਅਨ ਲਫਜ਼ਾਂ ਦਾ ਬਹੁਤ ਇਸਤੇਮਾਲ ਕਰਦੇ ਹਨ। ਹੰਗਰੀ ਦੇ ਜਿਪਸੀਆਂ ਨੂੰ ਜਿਵੇਂ ਹੀ ਇਸ ਗੱਲ ਦਾ ਪਤਾ ਲੱਗਾ ਉਹ ਫੌਰਨ ਆਪਣੇ ਪੁਰਾਣੇ ਬੁੱਧ ਧੰਮ ਵਿੱਚ ਆ ਗਏ। ਬੁੱਧਾਪਿਸਟ ਦੇ ਨਜ਼ਦੀਕ ਬਾਬਾ ਸਾਹਿਬ ਡਾ: ਅੰਬੇਡਕਰ ਦੇ ਨਾਂਅ ਤੇ ਦੋ ਸਕੂਲ ਚਲ ਰਹੇ ਹਨ। ਉਨ੍ਹਾਂ ਨੇ ਕਈ ਵਾਰ ਮੈਨੂੰ ਬੁਲਾਇਆ ਹੈ ਕਿ ਵਿਦਆਰਥੀਆਂ ਨੂੰ ਬੁੱਧ ਧੰਮ ਵਾਰੇ ਸਿਖਾਓ, ਮੈਂ ਜਲਦੀ ਹੀ ਇੱਕ ਦੋ ਹਫਤੇ ਲਈ ਜਾ ਰਿਹਾ ਹਾਂ।ਉਨ੍ਹਾਂ ਨੇ ਮੈਨੂੰ ਆਪਣੇ ਬੁੱਧ ਵਿਹਾਰ ਵਿੱਚ ਰੱਖਣ ਲਈ ਇੱਕ ਬੁੱਧ ਦਾ ਸਟੈਚ ਥਾਂਈਲੈਂਡ ਮੰਗਵਾਕੇ ਦੇਣ ਲਈ ਵੀ ਕਿਹਾ ਹੈ।

ਅੱਜ ਆਪਾਂ ਬ੍ਰਾਮਣਵਾਦ ਦੀ ਗੱਲ ਕਰਦੇ ਹਾਂ, ਇੱਥੇ ਮੈਂ ਸਾਫ ਕਹਿਣਾ ਚਾਹੁੰਦਾ ਹਾਂ ਕਿ ਬ੍ਰਾਮਣ ਨਾਲ ਸਾਡੀ ਵਿਰੋਧਤਾ ਨਹੀਂ ਹੈ ਜਿਵੇਂ ਆਪਾਂ ਐਪਲੀਕੇਸ਼ਨ ਨਹੀਂ ਦਿੱਤੀ ਸੀ ਕਿ ਇਸ ਜਾਤੀ, ਇਸ ਪ੍ਰੀਵਾਰ ਜਾਂ ਇਸ ਪਿੰਡ ਵਿੱਚ ਜਨਮ ਲੈਣਾ ਹੈ। ਬ੍ਰਾਮਣ ਵੀ ਇਵੇਂ ਹੀ ਹੈ। ਅਗਰ ਉਹ ਆਪਣੇ ਵੇਦਾਂ ਸ਼ਾਸਤਰਾਂ ਜਾਂ ਹੋਰ ਗਰੰਥਾਂ ਦੇ ਆਧਾਰ ਤੇ ਸਾਡੇ ਨਾਲ ਨਫਰਤ ਕਰਦਾ ਹੈ ਤਾਂ ਉਹ ਸਾਡਾ ਦੋਸਤ ਨਹੀਂ ਹੋ ਸਕਦਾ। ਕਿਉਂਕਿ ਉਹ ਤਾਂ ਮੰਨਦਾ ਹੈ-ਉਢੋਲ, ਗੰਵਾਰ, ਸ਼ੁਦਰ, ਪਸ਼ੂ, ਨਾਰੀ ਪਾਂਚੋਂ ਤਾੜਨ ਕੇ ਅਧਿਕਾਰੀ"। ਅੱਗੇ ਹੋਰ- ਉਪੂਜੀਏ ਬਿਪਰ ਸ਼ੀਲਗੁਣ ਹੀਨਾ, ਨਹੀਂ ਸ਼ੁਦਰ ਗੁਣ ਗਿਆਨ ਪ੍ਰਵੀਨਾ"।ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਬ੍ਰਾਮਣਾਂ ਖਾਤਰ ਆਪਣੀ ਸ਼ਹੀਦੀ ਦਿੱਤੀ ਪਰ ਇਨ੍ਹਾਂ ਹੀ ਬ੍ਰਾਮਣਾਂ ਵਿੱਚੋਂ ਗੰਗੂ ਨੇ ਨੌਵੇਂ ਗੁਰੂਸਹਿਬਾਨ ਜੀ ਦੇ ਪੋਤੇ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਹਿਬਜਾਦਿਆਂ ਨੂੰ ਮੁਸਲਮਾਨ ਹੁਕਮਰਾਨ ਕੋਲੋਂ ਸ਼ਹੀਦ ਕਰਾਉਣ ਲਈ ਦੱਸਿਆ ਕਿ ਕਿੱਥੇ ਠਹਿਰੇ ਹੋਏ ਹਨ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਾਰੀ ਜਿੰਦਗੀ ਦੇਸ਼ ਸਮਾਜ ਅਤੇ ਇਸਾਨੀਅਤ ਲਈ ਲਗਾ ਦਿੱਤੀ। ਹਿੰਦੂ ਧਰਮ ਵਲੋਂ ਦਿੱਤੀ ਕੈਂਸਰ ਜਾਤ-ਪਾਤ ਨੂੰ ਖਤਮ ਕਰਨ ਲਈ ਅਲੱਗ ਅਲੱਗ ਪਾਤ ਦੇ ਆਦਮੀਆਂ ਨੂੰ ਆਨੰਦਪੁਰ ਸਾਹਿਬ ਵਿਖੇ ਇੱਕ ਭਾਂਡੇ ਵਿੱਚ ਅੰਮ੍ਰਿਤ ਛਕਾਇਆ ਅਤੇ ਪੰਜ ਕਕਾਰ ਦੇ ਕੇ ਇੱਕ ਅਲੱਗ ਪਹਿਚਾਨ ਬਣਾਈ। ਬਾਦ ਵਿੱਚ ਆਪਣੇ ਚੇਲਿਆਂ ਕੋਲੋਂ ਅੰਮ੍ਰਿਤ ਛਕਿਆ।ਤਾਂ ਹੀ ਤਾਂ ਲਿਖਿਆ ਗਿਆਂ "ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ" ਕੀ ਇਹੋ ਜਿਹੀ ਉਧਾਰਨ ਕਿਸੇ ਹੋਰ ਧਰਮ ਵਿੱਚ ਹੈ? ਜਿਨ੍ਹਾਂ ਲੋਕਾਂ ਨੂੰ ਛੂਹਣ ਨਾਲ ਹੀ ਨਹੀਂ ਪਰਛਾਵੇਂ ਨਾਲ ਵੀ ਭਿੱਟੇ ਜਾਂਦੇ ਸਨ ਉਨ੍ਹਾਂ ਨੂੰ ਗਲ੍ਹੇ ਲਗਾਕੇ ਕਿਹਾ "ਰੰਗਰਟੇ ਗੁਰੂ ਕੇ ਬੇਟੇ" ਦੁਨੀਆ ਦੀ ਸਭ ਤੋਂ ਬੜੀ ਰਸੋਈ ਜਿੱਥੇ 24 ਘੰਟੇ ਲੋਕਾਂ ਨੂੰ ਮੁਫਤ ਲੰਗਰ ਮਿਲਦਾ ਹੈ ਉਹ ਕਿਸੇ ਹੋਰ ਧਰਮ ਦੀ ਨਹੀਂ ਬਲਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੈ। ਮੈਂ ਖੁਦ ਟੀ ਵੀ ਉੱਪਰ ਦੇਖਿਆ ਹੈ ਕਿ ਕਿਸੇ ਵੀ ਜਗ੍ਹਾ ਸੰਕਟ ਆਵੇ ਤਾਂ ਸਿੱਖ ਭਰਾ ਗੁਰੂ ਦਾ ਲੰਗਰ ਲੈਕੇ ਸਭ ਤੋਂ ਪਹਿਲਾਂ ਪਹੁੰਚਦੇ ਹਨ। ਫਿਰ ਵੀ ਇਹ ਐਹਸਾਨ ਫਰਾਮੋਸ਼ਾਂ ਨੇ ਪਹਿਲਾਂ ਬੰਬਈ ਵਿੱਚ ਜੋ ਸਿੱਖ ਭਰਾ ਟੈਕਸੀ ਡਰਾਇਵਰ ਸਨ ਉਨ੍ਹਾਂ ਨੂੰ ਕਿਵੇਂ ਬੇਰਹਮੀ ਨਾਲ ਮਾਰਿਆਂ ਕੁੱਟਿਆ ਗਿਆ। 1984 ਨੂੰ ਕੌਣ ਭੁੱਲ ਸਕਦਾ ਹੈ, ਅੱਜ ਵੀ ਸਿੱਖ ਭਰਾਵਾਂ ਨਾਲ ਇਹ ਸਿਲਸਿਲਾ ਜ਼ਾਰੀ ਹੈ।

**ਬਾਬਾ ਸਾਹਿਬ ਡਾ: ਅੰਬੇਡਕਰ ਨੇ ਆਪਣੀ ਮਹਾਨ ਕਿਤਾਬ "ਜਾਤ ਪਾਤ ਦਾ ਬੀਜ ਨਾਸ਼"ਵਿੱਚ ਲਿਖਿਆ ਹੈ ਕਿ ਆਪਨੂੰ ਉਹ ਫੈਸਲਾ ਲੈਣਾ ਪਵੇਗਾ ਜੋ ਗੌਤਮ ਬੁੱਧ ਨੇ ਲਿਆ। ਤੁਹਾਨੂੰ ਉਹ ਹੀ ਫੈਸਲਾ ਲੈਣਾ ਪਵੇਗਾ ਜੋ ਗੁਰੂ ਨਾਨਕ ਜੀ ਨੇ ਲਿਆ। ਤੁਹਾਨੂੰ ਵੇਦਾਂ ਦੀ ਪ੍ਰਧਾਨਤਾ ਨੂੰ ਨਕਾਰਨਾ ਪਵੇਗਾ, ਤੁਹਾਨੂੰ ਸਿਰਫ ਸ਼ਾਸਤਰਾਂ ਨੂੰ ਨਿਕਾਰਨਾ ਹੀ ਨਹੀਂ ਤੁਹਾਨੂੰ ਉਨ੍ਹਾਂ ਦੀ ਪ੍ਰਮੁੱਖਤਾ ਦਾ ਖੰਡਨ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਬੁੱਧ ਅਤੇ ਗੁਰੂ ਨਾਨਕ ਨੇ ਕੀਤਾ"।**

ਇਨ੍ਹਾਂ ਮੰਨੂਵਾਦੀਆਂ ਨੇ ਬੋਧੀਆਂ ਨਾਲ ਵੀ ਘੱਟ ਨਹੀਂ ਕੀਤੀ। ਜਦੋਂ ਸਮਰਾਟ ਅਸ਼ੋਕ ਦਾ ਰਾਜ ਸੀ ਤਾਂ ਪਿਸ਼ਾਵਰ ਵਿੱਚ ਜੋ ਕਿ ਅੱਜ ਕੱਲ ਪਾਕਿਸਤਾਨ ਵਿੱਚ ਹੈ, ਉੱਥੇ ਬਗਾਵਤ ਹੋ ਗਈ। ਸਮਰਾਟ ਅਸ਼ੋਕ ਨੇ ਆਪਣੇ ਬੇਟੇ ਕੁਨਾਲ ਨੂੰ ਬਗਾਵਤ ਉੱਤੇ ਕੰਟਰੋਲ ਕਰਨ ਲਈ ਭੇਜਿਆ।ਕੁਨਾਲ ਉਸਦਾ ਅਸਲੀ ਨਾਂਅ ਨਹੀਂ ਸੀ ਉਸ ਦੀਆਂ ਅੱਖਾਂ ਕੁਨਾਲ ਪੰਛੀ ਦੀ ਤਰ੍ਹਾਂ ਬਹੁਤ ਸੁੰਦਰ ਹੋਣ ਕਰਕੇ ਉਸਦਾ ਨਾਂਅ ਹੀ ਕੁਨਾਲ ਪੈ ਗਿਆ। ਮੌਰੀਆਂ ਵੰਸ਼ ਦਾ ਖੂਨ ਸੀ ਉਸਨੇ ਵਿਧਰੋਹ ਨੂੰ ਕੰਟਰੋਲ ਕਰ ਲਿਆ। ਇਸ ਦੌਰਾਨ ਕੁਨਾਲ ਦਾ ਇੱਕ ਲੜਕੀ ਨਾਲ ਪਿਆਰ ਹੋ ਗਿਆ।ਹਰ ਨੌਜਵਾਨ ਪਿਆਰ ਵਿੱਚ ਸਭ ਕੁਝ ਭੁੱਲ ਜਾਂਦਾ ਹੈ।ਪਿਸ਼ਾਵਰ ਵਿੱਚ ਫਿਰ ਦੁਬਾਰਾ ਬਗਾਵਤ ਹੋ ਗਈ। ਜਦੋਂ ਸਮਰਾਟ ਅਸ਼ੋਕ ਨੂੰ ਪਤਾ ਲੱਗਾ ਤਾਂ ਉਸਨੇ ਗੁੱਸੇ ਵਿੱਚ ਆਕੇ ਕਿਹਾ ਕਿ ਕੁਨਾਲ ਨੂੰ ਪਾਟਲੀਪੁੱਤਰ ਲਿਆਓ, ਉਸਨੂੰ ਅਧਿਆਏ ਕਰੋ ਭਾਵ ਸਿਖਾਓ, ਰਾਜਨੀਤੀ ਦਾ ਪਾਠ ਪੜ੍ਹਾਓ ਉਨ੍ਹਾਂ ਵਿੱਚ ਬ੍ਰਾਮਣ ਸਨ, ਬ੍ਰਾਮਣਾਂ ਨੇ ਅਧਿਆਏ ਦੇ ਐੜੇ ਤੇ ਬਿੰਦੀ ਲਗਾਕੇ ਅੰਧਿਆਏ ਬਣਾ ਦਿੱਤਾ। ਜਦੋਂ ਉਨ੍ਹਾਂ ਨੇ ਕੁਨਾਲ ਨੂੰ ਸਮਰਾਟ ਅਸ਼ੋਕ ਸਾਹਮਣੇ ਪੇਸ਼ ਕੀਤਾ ਤਾਂ ਉਸ ਦੀਆਂ ਦੋਨੋਂ ਅੱਖਾਂ ਕੱਢੀਆਂ ਹੋਈਆਂ ਸਨ। ਇੱਕ ਬਾਪ ਦੀ, ਜਿਸਨੂੰ ਲੋਕ ਕੁਨਾਲ ਕਹਿਣ ਔਰ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਜਾਣ ਤਾਂ ਉਸ ਬਾਪ ਤੇ ਕੀ ਬੀਤੇਗੀ? ਗੁੱਸੇ ਨਾਲ ਸਮਰਾਟ ਅਸ਼ੋਕ ਦੇ ਪੁੱਛਣ ਤੇ ਬ੍ਰਾਮਣਾਂ ਨੇ ਜਵਾਬ ਦਿੱਤਾ ਕਿ ਰਾਜਨ ਇਹ ਅੰਧਿਆਏ ਲਿਖਿਆ ਹੋਇਆ ਹੈ! ਇਸ ਲਈ ਅਸੀਂ ਇਸ ਦੀਆਂ ਅੱਖਾਂ ਕੱਢਕੇ ਲਿਆਏ ਹਾਂ। ਬਖਤਿਆਰ ਖਿਲਜੀ ਨੇ ਜਦੋਂ ਭਾਰਤ ਤੇ ਹਮਲਾ ਕੀਤਾ ਤਾਂ ਇਨ੍ਹਾਂ ਬ੍ਰਾਮਣਾਂ ਨੇ ਉਸ ਨੂੰ ਕਿਹਾ ਕਿ ਇਹ ਨਾਲੰਦਾ ਕਿਲ੍ਹਾ ਹੈ। ਇਹ ਭਗਵੇਂ ਰੰਗ ਦੇ ਸੈਨਿਕ ਹਨ।ਖਿਲਜੀ ਨੇ ਅੱਬ ਦੇਖਿਆ ਨਾ ਤੱਬ, ਨਾਲੰਦਾ ਦੀਆਂ ਤਿੰਨ ਲਾਇਬਰੇਰੀਆਂ ਜੋ ਕਿ ਤਿੰਨ ਤਿੰਨ ਮੰਜ਼ਲੀਆਂ ਸਨ ਸਭ ਕੁਝ ਬਰਬਾਦ ਕਰ ਦਿੱਤਾ। ਉਸ ਸਮੇਂ ਨਾਲੰਦਾ ਵਿੱਚ 10,000 ਵਿਆਰਥੀ ਪੜ੍ਹਦੇ ਸਨ ਅਤੇ 2,000 ਪ੍ਰੋਫੈਸਰ ਸਨ। ਅਜੰਤਾ ਦੀਆਂ ਗੁਫਾਵਾਂ ਨੂੰ ਪੁਰੀ ਦੇ ਸ਼ੰਕਰਚਾਰੀਆਂ ਨੇ ਮਿੱਟੀ-ਗਾਰੇ ਨਾਲ ਭਰਾਕੇ ਮੇਨ ਦਰਵਾਜ਼ੇ ਨੂੰ ਲਕੋ ਦਿੱਤਾ। ਬੰਗਾਲ ਦੇ ਬ੍ਰਾਮਣ ਰਾਜਾ ਸ਼ਾਂਸ਼ਕ ਨੇ ਜਿਸ ਪਿੱਪਲ੍ਹ ਦੇ ਦਰੱਖਤ ਹੇਠ ਸਿਧਾਰਥ ਨੂੰ ਬੁੱਧਤਵ ਪ੍ਰਾਪਤ ਹੋਇਆਂ ਵੱਢ ਦਿੱਤਾ। ਅੱਜ ਜਿਸਨੂੰ ਬਾਬਾ ਰਾਮਦੇਵ ਆਪਣਾ ਗੁਰੂ ਮੰਨਦਾ ਹੈ ਉਹ ਹੀ ਪਤੰਜਲੀ ਪੁਸ਼ਯਾ ਮਿੱਤਰ ਸ਼ੁੰਘ ਦਾ ਗੁਰੂ ਸੀ, ਪੁਸ਼ਯਾਮਿੱਤਰ ਨੇ ਪਤੰਜਲੀ ਮਾਲ ਮਿਲਕੇ ਆਖਰੀ ਮੌਰੀਆ ਸਮਰਾਟ ਬਰਹਦਰੱਥ ਦਾ ਧੋਖੇ ਨਾਲ ਕਤਲ ਕਰਨ ਤੋਂ ਬਾਦ ਆਪ ਸੰਘਾਸਨ ਤੇ ਬੈਠ ਗਿਆ। ਬਾਦ ਬੋਧੀ ਭਿੱਖੂਆਂ ਦੇ ਸਿਰ ਵੱਢਕੇ ਲਿਆਉਣ ਵਾਲੇ ਨੂੰ ਸੋਨੇ ਦੀਆਂ ਮੋਹਰਾਂ ਇਨਾਮ ਦਿੰਦਾ ਸੀ।ਇਸ ਵਾਰੇ ਬਹੁਤ ਬੜੀ ਕਿਤਾਬ ਲਿਖੀ ਜਾ ਸਕਦੀ ਹੈ, ਮੈਂ ਪੰਜਾਬੀ ਵਿੱਚ ਇਸ ਵਿਸ਼ੇ ਤੇ ਕਿਤਾਬ ਲਿਖ ਰਿਹਾ ਹਾਂ।

ਬਾਬਾ ਸਾਹਿਬ ਡਾ: ਅੰਬੇਡਕਰ ਨੇ ਆਪਣੀ ਮਹਾਨ ਕਿਤਾਬ "ਜਾਤ ਪਾਤ ਦਾ ਬੀਜ ਨਾਸ਼"ਵਿੱਚ ਲਿਖਿਆ ਹੈ ਕਿ ਆਪਨੂੰ ਉਹ ਫੈਸਲਾ ਲੈਣਾ ਪਵੇਗਾ ਜੋ ਗੌਤਮ ਬੁੱਧ ਨੇ ਲਿਆ। ਤੁਹਾਨੂੰ ਉਹ ਹੀ ਫੈਸਲਾ ਲੈਣਾ ਪਵੇਗਾ ਜੋ ਗੁਰੂ ਨਾਨਕ ਜੀ ਨੇ ਲਿਆ। ਤੁਹਾਨੂੰ ਵੇਦਾਂ ਦੀ ਪ੍ਰਧਾਨਤਾ ਨੂੰ ਨਕਾਰਨਾ ਪਵੇਗਾ, ਤੁਹਾਨੂੰ ਸਿਰਫ ਸ਼ਾਸਤਰਾਂ ਨੂੰ ਨਿਕਾਰਨਾ ਹੀ ਨਹੀਂ ਤੁਹਾਨੂੰ ਉਨ੍ਹਾਂ ਦੀ ਪ੍ਰਮੁੱਖਤਾ ਦਾ ਖੰਡਨ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਬੁੱਧ ਅਤੇ ਗੁਰੂ ਨਾਨਕ ਨੇ ਕੀਤਾ"।

ਕਈ ਲੋਕ ਕਹਿ ਦਿੰਦੇ ਹਨ ਕਿ ਜਾਤ-ਪਾਤ ਕਦੀ ਵੀ ਖਤਮ ਨਹੀਂ ਹੋ ਸਕਦੀ! ਇਹ ਗਲਤ ਹੈ। ਆਪਣੇ ਸਹੀ ਇਤਹਾਸ ਨੂੰ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਚੰਦਰ ਗੁਪਤ ਮੌਰੀਆ ਤੋਂ ਲੈ ਕੇ ਆਖਰੀ ਬੁੱਧਿਸਟ ਸਮਰਾਟ ਹਰਸ਼ ਵਰਧਨ ਤੱਕ 900 ਸਾਲ ਤੋਂ ਵੱਧ ਸਮੇਂ ਵਿੱਚ ਅਸੀਂ ਇਸ ਜਾਤ-ਪਾਤ ਦੇ ਸੱਪ ਨੂੰ ਮਾਰ ਦਿੱਤਾ ਸੀ। ਹਰਸ਼ ਵਰਧਨ ਦੇ ਸਮੇਂ ਹੀ ਜਦੋਂ ਹਿਊਨ ਸਾਂਗ ਨਾਲੰਦਾ ਯੂਨੀਵਸਿਟੀ ਵਿੱਚ ਪੜ੍ਹਾਈ ਪੂਰੀ ਕਰਕੇ ਬਾਦ ਵਿੱਚਨਾਲੰਦਾ ਵਿੱਚ ਪ੍ਰੋਫੈਸਰ ਰਿਹਾ। ਜਦੋਂ643 ਈਸਵੀ ਵਿੱਚਹਰਸ਼ ਵਰਧਨ ਨੇ ਉਸਨੂੰ ਜਾਲਾਂਧਾਰ ਤੋਂ ਵਿਦਿਆ ਕੀਤਾ ਸੀ ਤਾਂ ਅੱਜ ਦੇ ਅਮ੍ਰਿਤਸਰ ਇੰਟਰਨੈਸ਼ਨਲ ਏਅਰਪੋਰਟ ਕੋਲ ਸਾਂਸੀ ਪਿੰਡ ਦੇ ਨਜ਼ਦੀਕ ਡੇਢ ਸਾਲ ਰਹਿਕੇ ਚੀਨ ਵਾਪਸ ਗਿਆ ਸੀ। ਉਹ ਲਿਖਦਾ ਹੈ ਕਿ ਇਸ ਇਲਾਕੇ ਵਿੱਚ ਉਸਨੇ ਬ੍ਰਾਮਣਾਂ ਨੂੰ ਹੱਲ ਚਲਾਉਂਦੇ ਦੇਖਿਆ।ਹਾਂ ਸਾਡੇ ਬਜ਼ੁਰਗਾਂ ਤੋਂ ਇੱਕ ਗਲਤੀ ਹੋ ਗਈ ਕਿ ਉਨ੍ਹਾਂ ਨੇ ਸੱਪ ਨੂੰ ਮਾਰਕੇ, ਟੋਆ ਕੱਢਕੇ ਦੱਬਿਆ ਨਹੀਂ। ਆਪ ਜਾਣਦੇ ਹੋ ਕਿ ਮਰੇ ਹੋਏ ਸੱਪ ਨੂੰ ਖਾਕੇ ਕੁੱਤਾ ਹਲ੍ਹਕ ਜਾਂਦਾ ਹੈ। ਪਰ 20ਵੀਂ ਸਦੀ ਵਿੱਚ ਵਿਸ਼ਵ ਰਤਨ ਬਾਬਾ ਸਾਹਿਬ ਡਾ: ਅੰਬੇਡਕਰ ਨੇ ਸਾਨੂੰ 22 ਪ੍ਰਤਿਗਿਆ ਦੇ ਕੇ ਇਸ ਜਾਤ-ਪਾਤ ਦੇ ਸੱਪ ਨੂੰ ਟੋਆ ਪੱਟਕੇ ਭਵਿੱਖ ਵਿੱਚ ਦਬਾ ਦੇਣ ਦਾ ਕੰਮ ਕੀਤਾ ਹੈ। ਸਾਡੇ ਲੋਕ ਬ੍ਰਾਮਣਵਾਦ ਦੀ ਦਲਦਲ ਵਿੱਚ ਫਿਰ ਨਹੀਂ ਫਸਣਗੇ। ਬਾਬਾ ਸਾਹਿਬ ਨੇ 14 ਅਕਤੂਬਰ 1956 ਨੂੰ ਜਦੋਂ ਆਪਣੇ ਪੰਜ ਲੱਖ ਅਨੁਆਈਆਂ ਨਾਲ ਆਪਣੇ ਬਜ਼ੁਰਗਾਂ ਦੇ ਬੁੱਧ ਧੰਮ ਵਿੱਚ ਘਰ ਵਾਪਸੀ ਕੀਤੀ ਤਾਂ ਆਪ ਖੁਦ 22 ਪ੍ਰਤਿਗਿਆ ਆਪਣੇ ਅਨੁਆਈਆਂ ਨੂੰ ਦਿੱਤੀਆਂ ਜਿਨ੍ਹਾਂ ਵਿੱਚ ਖਾਸ ਮਹੱਤਵਪੂਰਣ ਇਹ ਛੇ ਹਨ।

ਮੈਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਕਦੇ ਵੀ ਈਸ਼ਵਰ ਨਹੀਂ ਮੰਨਾਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ। ਮੈਂ ਰਾਮ ਅਤੇ ਕ੍ਰਿਸ਼ਨ ਨੂੰ ਈਸ਼ਵਰ ਨਹੀਂ ਮੰਨਾਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

ਮੈਂ ਗੌਰੀ, ਗਣਪਤੀ ਆਦਿ ਹਿੰਦੂ ਧਰਮ ਦੇ ਕਿਸੇ ਵੀ ਦੇਵੀ ਦੇਵਤੇ ਨੂੰ ਨਹੀਂ ਮੰਨਾਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

ਬੁੱਧ ਵਿਸ਼ਨੂੰ ਦਾ ਅਵਤਾਰ ਹੈ, ਇਹ ਝੂਠਾ ਅਤੇ ਕਪਟੀ ਪ੍ਰਚਾਰ ਹੈ।

ਮੈਂ ਕਦੇ ਵੀ ਸ਼ਰਾਧ ਜਾਂ ਪਿੰਡਦਾਨ ਨਹੀਂ ਕਰਾਂਗਾ।

ਮੈਂ ਕੋਈ ਵੀ ਕੰਮ ਬ੍ਰਾਮਣ ਦੇ ਹੱਥੋਂ ਨਹੀਂ ਕਰਾਵਾਂਗਾ।

ਇਤਿਹਾਸ ਵਿੱਚ ਵੀ ਅਤੇ ਅੱਜ ਵੀ, ਬ੍ਰਾਮਣ ਆਪ ਸ੍ਹਾਮਣੇ ਨਹੀਂ ਆਉਂਦਾ। ਬ੍ਰਾਮਣਾਂ ਦੇ ਗਰੰਥਾਂ ਵਿੱਚ ਲਿਖਿਆ ਹੋਇਆ ਹੈ ਕਿ ਰਾਜਾ ਨਰਕਾਂ ਨੂੰ ਜਾਂਦਾ ਹੈ, ਇਸ ਲਈ ਬ੍ਰਾਮਣ ਕਦੀ ਰਾਜਾ ਨਹੀਂ ਬਣਦਾ ਸੀ ਪਰ ਰਾਜੇ ਦਾ ਮੁੱਖ ਮੰਤਰੀ ਬਣਕੇ ਹਰ ਫੈਸਲਾ ਰਾਜੇ ਨੂੰ ਦੱਸਦਾ ਸੀ। ਅੱਜ ਇਹ ਹੀ ਬ੍ਰਾਮਣ, ਓ ਬੀ ਸੀ ਅਤੇ ਸ਼ਡੂਲਡ ਕਾਸਟਾਂ ਨੂੰ ਲੜਾਉਂਦਾ ਹੈ। ਵੈਸੇ ਸ਼ਡੂਲਡਕਾਸਟਾਂ ਨੂੰ ਹਿੰਦੂ ਮੰਨਣ ਨੂੰ ਤਿਆਰ ਨਹੀਂ, 1871 ਈਸਵੀ ਵਿੱਚ ਭਾਰਤ ਵਿੱਚ ਪਹਿਲੀ ਮਰਦਮ ਸ਼ੁਮਾਰੀ ਹੋਈ ਸੀ 1871 ਤੋਂ ਲੈ ਕੇ 1911 ਤੱਕ ਬ੍ਰਾਮਣਾਂ ਨੇ ਸ਼ਡੂਲਡ ਕਾਸਟਾਂ ਨੂੰ ਕਦੀ ਵੀ ਹਿੰਦੂ ਨਹੀਂ ਮੰਨਿਆ ਇਹ ਤਾਂ ਜਦੋਂ ਸ਼ਡੂਲਡ ਕਾਸਟ ਧੜਾ ਧੜ ਮੁਸਲਮਾਨ ਅਤੇ ਈਸਾਈ ਬਨਣ ਲੱਗੇ ਤਾਂ ਪਹਿਲੀ ਵਾਰ 1911 ਦੀ ਮਰਦਮ ਸ਼ੁਮਾਰੀ ਵਿੱਚ ਹਿੰਦੂ ਲਿਖਿਆ।ਹੁਣ ਮੁਸਲਮਾਨਾਂ ਨਾਲ ਲੜਾਉਣ ਲਈ ਹਿੰਦੂ ਕਹਿਕੇ ਸ਼ਡੂਲਡ ਕਾਸਟ ਅਤੇ ਅਛੂਤਾਂ ਨੂੰ ਤਿਆਰ ਕਰਦਾ ਹੈ। ਆਪਾਂ ਬ੍ਰਾਮਣ ਦੀ ਇਸ ਚਾਲ ਨੂੰ ਸਮਝੀਏ। ਪਿਛਲੇ ਸਾਲ ਫਗਵਾੜੇ ਦੀ ਬਹੁਤ ਵਧੀਆ ਉਧਾਰਨ ਹੈ। ਮੁਸਲਮਾਨ ਜੁੰਮੇ ਨੂੰ ਨਮਾਜ਼ ਪੜ੍ਹਕੇ ਮਸਜਿਦ ਵਿੱਚੋਂ ਨਿਕਲ ਰਹੇ ਸਨ ਤਾਂ ਸ਼ਿਵ ਸੈਨਾ ਵਾਲਿਆਂ ਨੇ ਮੁਸਲਮਾਨਾਂ ਤੇ ਪਥਰਾਓ ਕੀਤਾ ਜਦੋਂ ਬਾਕੀਆਂ ਨੂੰ ਪਤਾ ਲੱਗਾ ਤਾਂ ਫਗਵਾੜੇ ਦੇ ਸਿੱਖ, ਅੰਬੇਡਕਰੀ ਅਤੇ ਮੁਸਲਮਾਨਾਂ ਨੇ ਇੱਕੱਠੇ ਹੋਕੇ ਸ਼ਿਵ ਸੈਨਾ ਵਾਲਿਆਂ ਨੂੰ ਘਰੋਂ ਬਾਹਰ ਕੱਢ ਕੱਢਕੇ ਕੁੱਟਿਆ। ਉਪਰੋਂ ਥਾਣੇ ਵਿੱਚ ਜਾਕੇ ਸ਼ਿਵ ਸੈਨਾ ਵਾਲਿਆਂ ਨੇ ਲਿਖਤੀ ਮਾਫੀ ਮੰਗੀ ਕਿ ਅੱਗੇ ਤੋਂ ਅਸੀਂ ਇਹੋ ਜਿਹਾ ਨਹੀਂ ਕਰਾਂਗੇ।

ਮੈਂ ਸਿੱਖ ਭਰਾਵਾਂ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਹਿੰਦੋਸਤਾਨ ਦੇ ਲਫਜ਼ ਨੂੰ ਬੈਨ ਕਰੋ। ਜਦੋਂ ਸਾਡਾ ਸਿੱਖ ਭਰਾ ਖਾਲਿਸਤਾਨ ਕਹਿੰਦਾ ਹੈ ਤਾਂ ਬ੍ਰਾਮਣ ਉਸਤੇ ਪਰਚਾ ਦਰਜ ਕਰਾ ਦਿੰਦੇ ਹਨ ! ਫਿਰ ਆਪਾਂ ਥਾਲੀ ਵਿੱਚ ਪਰੋਸਕੇ ਆਪਣੇ ਦੇਸ਼ ਨੂੰ, ਬਾਹਰੋਂ ਆਏ ਯੂਰੇਸ਼ੀਅਨਾਂ (ਹਿੰਦੂਆਂ) ਦੇ ਹਵਾਲੇ ਕਿਉਂ ਕਰੀਏ? ਇਹ ਯੂਰੇਸ਼ੀਅਨ ਤਾਂ ਵੱਧ ਤੋਂ ਵੱਧ 3,500 ਸਾਲ ਪਹਿਲਾਂ ਸਾਡੇ ਜੰਬੂਦੀਪ (ਭਾਰਤ ਦਾ ਬਹੁਤ ਬਹੁਤ ਪੁਰਾਣਾ ਨਾਂਅ) ਵਿੱਚ ਆਏ ਸਨ। ਮਾਲਕ ਆਪਾਂ 85ਗ ਮੂਲਨਿਵਾਸੀ ਹਾਂ ਜਾਂ ਇਹ 15% ਯੂਰੇਸ਼ੀਅਨ? ਪਿਛਲੇ 2-3 ਹਫਤਿਆਂ ਵਿੱਚ ਮੈਨੂੰ ਇੰਟਰਨੈਟ ਤੇ ਦੇਖਕੇ ਬੜੀ ਖੁਸ਼ੀ ਹੋਈ ਕਿ ਭਾਈ ਹਰਪਰੀਤ ਸਿੰਘ ਮੱਖੂ ਅਤੇ ਕਨੇਡਾ ਵਿੱਚ ਇੱਕ ਸਿੱਖ ਨੌਜਵਾਨ ਇਨ੍ਹਾਂ ਦੋਨਾਂ ਨੇ ਇੱਕ ਵਾਰ ਵੀ ਆਪਣੇ ਭਾਸ਼ਣ ਵਿੱਚ ਹਿੰਦੋਸਤਾਨ ਲਫਜ਼ ਨਹੀਂ ਕਿਹਾ ਭਾਰਤ ਹੀ ਕਿਹਾ।ਇਹੋ ਜਿਹੇ ਸਿੱਖ ਭਰਾ ਸ਼ਾਬਾਸ਼ੇ ਦੇ ਪਾਤਰ ਹਨ।

ਮੇਰੀ ਸਾਰੇ ਸਿੱਖ ਭਾਈਚਾਰੇ ਨੂੰ ਬੇਨਤੀ ਹੈ, ਅਪੀਲ ਹੈ ਕਿ ਇਤਹਾਸ ਵਿੱਚ ਹੀ ਨਹੀਂ, ਅੱਜ ਵੀ ਇਹ ਬ੍ਰਾਮਣਵਾਦ ਸਾਨੂੰ ਇਕੱਲੇ ਇਕੱਲੇ ਕਰਕੇ ਕੁੱਟ ਰਿਹਾ ਹੈ, ਸੋ ਆਓ ਆਪਾਂ ਮਿਲਕੇ ਇਸ ਬ੍ਰਾਮਣਵਾਦ ਦਾ ਮੁਕਾਵਲਾ ਕਰੀਏ। ਪੰਜਾਬ ਦੇ ਜੱਟ ਆਰਥਿਕ ਤੌਰ ਤੇ ਸਾਡੇ ਬੜੇ ਭਰਾ ਹਨ ਕਿਉਂਕਿ ਜੱਟ ਜ਼ਮੀਨਾਂ ਵਾਲੇ ਹਨ, ਗਿਣਤੀ ਨੂੰ ਮੁੱਖ ਰੱਖੀਏ ਤਾਂ ਅਸੀਂ ਬੜੇ ਭਰਾ ਹਾਂ ਕਿਉਂਕਿ ਸਾਡੀ 36% ਗਿਣਤੀ ਹੈ। ਪੰਜਾਬ ਵਿੱਚ ਅਗਰ 16% ਜੱਟ, 36% ਸ਼ਡੂਲਡ ਕਾਸਟ ਇਕੱਠੇ ਹੋ ਜਾਈਏ, ਪਰ ਗੱਦਾਰ ਹਰ ਪ੍ਰੀਵਾਰ, ਸਮਾਜ ਅਤੇ ਦੇਸ਼ ਵਿੱਚ ਹੁੰਦੇ ਹਨ ਸਾਡੇ ਵਿੱਚੋਂ 10-15% ਵੀ ਅਗਰ ਵਿਰੋਧੀ ਧਿਰ ਨਾਲ ਮਿਲ ਵੀ ਜਾਣ ਤਾਂ ਵੀ ਆਪਾਂ ਪੰਜਾਬ ਵਿੱਚ ਮਿਲਕੇ ਲਗਾਤਾਰ ਰਾਜ ਕਰ ਸਕਦੇ ਹਾਂ। ਜਿਵੇਂ ਮੁਸਲਮਾਨਾਂ ਦੇ ਵਿਦਵਾਨ ਕਹਿੰਦੇ ਹਨ ਕਿ ਅਸੀਂ ਭਾਰਤ ਦੇ ਮੂਲਨਿਵਾਸੀ ਹਾਂ ਤਾਂ ਫਿਰ ਸਾਰੇ ਭਾਰਤ ਉੱਤੇ ਵੀ ਸਾਡਾ ਰਾਜ ਕਾਇਮ ਹੋਣਾ ਕੋਈ ਬੜੀ ਗੱਲ ਨਹੀਂ।

ਮੇਰੇ ਸਿੱਖ ਭਰਾਵੋ ਆਪਾਂ ਛੋਟੇ ਜਿਹੇ ਪੰਜਾਬ ਨੂੰ ਹੀ ਕਿਉਂ ਮੰਗਦੇ ਹਾਂ? ਬ੍ਰਾਮਣ ਤਾਂ ਵੱਧ ਤੋਂ ਵੱਧ ਦੇਸ਼ ਦੀ 3-4% ਆਬਾਦੀ ਹੈ ਚਲੋ ਆਪਣੇ ਭਤੀਜੇ ਬਾਣੀਆਂ ਨੂੰ ਵੀ ਇਹ ਬ੍ਰਾਮਣ ਨਾਲ ਲੈ ਜਾਣ ਤਾਂ ਆਪਾਂ ਆਪਣਾ ਸਾਰਾ ਜੰਬੂਦੀਪ ਆਪਣੇ ਕਬਜ਼ੇ ਵਿੱਚ ਲੈ ਕੇ, ਕਿਉਂ ਨਾ ਇਨ੍ਹਾਂ ਯੂਰੇਸ਼ੀਅਨ ਬ੍ਰਾਮਣਾਂ ਨੂੰ ਇੱਕ ਪਾਸੇ ਗੁਜਰਾਤ ਦਾ ਛੋਟਾ ਜਿਹਾ ਟੁਕੜਾ ਦੇ ਦੇਈਏ, ਵੈਸੇ ਤਾਂ ਇਨ੍ਹਾਂ ਨੂੰ ਵਾਪਸ ਯੂਰੇਸ਼ੀਆ ਭੇਜਣਾ ਚਾਹੀਦਾ ਹੈ। ਜਦੋਂ ਗਾਂਧੀ ਨੇ ਅੰਗਰੇਜ਼ਾਂ ਦੇ ਖਿਲਾਫ ਭਾਰਤ ਛੱਡੋ ਦਾ ਨਾਹਰਾ ਲਾਇਆ ਤਾਂ ਵਿਨਸਟ ਚਰਚਿਲ ਨੇ ਗਾਂਧੀ ਨੂੰ ਕਿਹਾ ਉਗਾਂਧੀ ਆਪ ਕਹਿ ਰਹੇ ਹੋ ਕਿ ਅੰਗਰੇਜ਼ੋ ਭਾਰਤ ਛੱਡੋ, ਮਿਸਟਰ ਗਾਂਧੀ ਮੈਨੂੰ ਇੱਕ ਗੱਲ ਦੱਸੋ? ਇੱਕ ਘਰ ਵਿੱਚ ਇੱਕ ਮਹਿਮਾਨ ਇੱਕ ਮਹੀਨੇ ਤੋਂ ਹੈ ਅਤੇ ਦੂਜਾ ਇੱਕ ਹਫਤੇ ਤੋਂ ਹੈ। ਕਿਸ ਮਹਿਮਾਨ ਨੂੰ ਪਹਿਲਾਂ ਜਾਣਾ ਚਾਹੀਦਾ ਹੈ? ਗਾਂਧੀ ਨੇ ਮੁਸਰਾਕੇ ਕਿਹਾ ਕਿ "ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ ਜੋ ਇੱਕ ਮਹੀਨੇ ਤੋਂ ਮਹਿਮਾਨ ਹੈ ਉਸਨੂੰ ਪਹਿਲਾਂ ਜਾਣਾ ਚਾਹੀਦਾ ਹੈ"। ਚਰਚਿਲ ਨੇ ਕਿਹਾ "ਮਿਸਟਰ ਗਾਂਧੀ ਅਸੀਂ ਤਾਂ ਢਾਈ ਸੌ ਸਾਲ ਪਹਿਲਾਂ ਇੰਡੀਆ ਵਿੱਚ ਆਏ ਹਾਂ ਤੁਸੀਂ ਆਰੀਅਨ 3,500 ਸਾਲਾਂ ਤੋਂ ਇੱਥੇ ਬੈਠੇ ਹੋ!

ਪਹਿਲਾਂ ਤੁਸੀਂ ਬੋਰੀਆਂ ਬਿਸਤਰਾ ਉਠਾਕੇ ਜਾਓ"। ਗਾਂਧੀ ਨੇ ਕਿਹਾ ਕਿ ਉਸਾਨੂੰ ਤਾਂ ਇਹ ਵੀ ਪੱਕਾ ਪਤਾ ਨਹੀਂ ਕਿ ਸਾਡਾ ਕਿਹੜਾ ਦੇਸ਼ ਹੈ"। ਕਿਉਂਕਿ ਕੁਝ ਵਿਦਵਾਨ ਯੂਰੇਸ਼ੀਆ ਤੋਂ ਕੁਝਇਰਾਨ ਤੋਂ ਅਤੇ ਕੁਝ ਜਰਮਨੀ ਤੋਂ ਆਏ ਮੰਨਦੇ ਹਨ। ਬ੍ਰਾਮਣ ਵਿਦਵਾਨ ਵੀ ਮੰਨਦੇ ਹਨ ਕਿ ਅਸੀਂ ਰਸ਼ੀਆ ਅਤੇ ਕਾਲੇ ਸਮੁੰਦਰ ਵਿਚਕਾਰ ਯੂਰੇਸ਼ੀਆ ਤੋਂ ਆਏ ਹਾਂ ਜਿਸਦਾ ਸਬੂਤ 'ਵੋਲਗਾ ਤੋਂ ਗੰਗਾ" ਕਿਤਾਬ ਵਿੱਚ ਪੰਡਤ ਰਾਹੁਲ ਸੰਕਰਤਾਇਨ ਜੋ ਖੁਦ ਬ੍ਰਾਮਣ ਸੀ ਉਸਨੇ ਲਿਖਿਆ ਹੈ ਕਿ ਯੂਰੇਸ਼ੀਆ ਤੋਂ ਆਏ ਹਾਂ। ਇਹ ਕਿਤਾਬ ਪੰਜਾਬੀ ਵਿੱਚ ਵੀ ਮਿਲਦੀ ਹੈ। ਸਿੱਖ ਭਰਾਵੋ ਆਓ ਪੰਜਾਬ ਵਿੱਚ ਆਪਾਂ ਮਿਲਕੇ ਇਸ ਜ਼ਾਲਮ ਬ੍ਰਾਮਣਵਾਦ ਦਾ ਮੁਕਾਬਲਾ ਕਰੀਏ।ਆਪਸ ਵਿੱਚ ਲੜਨਾ ਝਗੜਨਾ ਬੰਦ ਕਰੀਏ। ਆਪਣੇ ਸਹੀ ਦੁਸ਼ਮਣ ਨੂੰ ਪਹਿਚਾਣੀਏ।

ਬਾਬਾ ਸਾਹਿਬ ਨੇ ਮੂਲਨਿਵਾਸੀਆਂ ਨੂੰਜੋ ਕਿ ਯੂਰੇਸ਼ੀਅਨਾਂ ਹੇਠ ਗੁਲਾਮੀ ਦੀ ਜਿੰਦਗੀ ਰਹਿ ਰਹੇ ਹਨ। ਉਨ੍ਹਾਂ ਬਹਾਦਰ ਜੋਧਿਆਂ ਦੇ ਫੌਲਾਦੀ ਸੀਨੇ ਦੇਖਕੇ ਕਿਹਾ ਸੀ "They are sleeping Valcano, the day they arise whole Asia will catch fire.

(Paper presented at Seminar on Mulni-vasi Unity, Frankfurt,Germany)

# ਹੁਣ ਨਹੀਂ ਰਹੀ ਵਿਆਹ ਵਿੱਚ 'ਪਰੀਹੇ' ਸੱਦਣ ਦੀ ਰਵਾਇਤ



ਗੁਰਲਾਲ ਸਿੰਘ ਬਰਾੜ
91-84376-81200

'ਪਰੀਹਾ' ਸ਼ਬਦ ਪਰੀਹਣ ਜਾਂ ਪਰੀਸਣ ਤੋਂ ਬਣਿਆਂ ਹੈ, ਜਿਸ ਦੇ ਅਰਥ ਹਨ - ਭੋਜਨ ਵਰਤਾਉਣ ਦੀ ਕਿਰਿਆ। ਸੋ, ਪਰੀਹਾ ਦੇ ਅਰਥ 'ਭੋਜਨ ਵਰਤਾਉਣ ਵਾ਼ਲਾ' ਜਾਂ 'ਵਰਤਾਵਾ' ਬਣਦੇ ਹਨ। ਕੋਈ ਪੱਚੀ-ਤੀਹ ਕੁ ਸਾਲ ਪਹਿਲਾਂ ਤੱਕ ਪੰਜਾਬ ਦੇ ਪਿੰਡਾਂ ਵਿੱਚ ਵਿਆਹ ਸਮੇਂ 'ਪਰੀਹੇ' ਬੁਲਾਉਣ ਦੀ ਰਵਾਇਤ ਆਮ ਹੁੰਦੀ ਸੀ।

ਪੁਰਾਣੇ ਵੇਲ਼ਿਆਂ ਵਿੱਚ ਪੰਜਾਬੀ ਸਮਾਜ ਵਿੱਚ ਭਰੱਪੇ ਅਤੇ ਸਹਿਯੋਗ ਦੀ ਭਾਵਨਾਂ ਪ੍ਰਬਲ ਸੀ। ਲੋਕ ਇੱਕ-ਦੂਜੇ ਦੀ ਮਦਦ ਕਰਕੇ ਖ਼ੁਸ਼ ਹੁੰਦੇ ਸਨ। ਮੁੰਡੇ ਜਾਂ ਕੁੜੀ ਦੇ ਵਿਆਹ ਤੋਂ ਦੋ, ਤਿੰਨ ਜਾਂ ਚਾਰ ਦਿਨ ਪਹਿਲਾਂ ਲੋਕ ਆਪਣੀ ਪੁੱਜਤ ਅਨੁਸਾਰ ਘਰ ਵਿੱਚ ਮਠਿਆਈ ਪਕਾਉਣਾ ਸ਼ੁਰੂ ਕਰ ਦਿੰਦੇ, ਜਿਸ ਨੂੰ 'ਕੜਾਹੀ ਚੜ੍ਹਾਉਣਾ' ਕਿਹਾ ਜਾਂਦਾ ਸੀ।ਕੜਾਹੀ ਚੜ੍ਹਾਉਣ ਤੋਂ ਪਹਿਲਾਂ ਆਪਣੇ ਗੇੜ, ਗ਼ਲੀ-ਗੁਆਂਢ ਅਤੇ ਭਾਈਚਾਰੇ ਦੇ ਘਰਾਂ 'ਚੋਂ ਕੰਮ ਕਰਨ ਲਈ ਵੀਹ-ਪੱਚੀ ਮੁੰਡੇ ਵੰਗਾਰੇ ਜਾਂਦੇ। ਸਾਰੇ ਕੰਮ-ਧੰਦੇ ਦੀ ਨਿਗਰਾਨੀ ਲਈ ਪੰਜ-ਸੱਤ ਬਜ਼ੁਰਗ਼ਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਜਾਂਦਾ।ਪੂਰੇ ਵਿਆਹ-ਸਮਾਗਮ ਵਿੱਚ ਕੰਮ-ਧੰਦੇ ਦੀ ਜ਼ਿੰਮੇਵਾਰੀ ਨਿਭਾਉਣ ਵਾ਼ਲੇ ਇਹਨਾਂ ਵਿਅਕਤੀਆਂ ਨੂੰ 'ਪਰੀਹੇ' ਕਿਹਾ ਜਾਂਦਾ ਸੀ। ਹ਼ਲਵਾਈ ਦੇ ਭੱਠੀਆਂ ਪੁੱਟਣ ਤੋਂ ਲੈ ਕੇ ਵਿਆਹ ਦੇ ਅਖ਼ੀਰਲੇ ਦਿਨ ਤੱਕ ਪਰੀਹੇ ਪੂਰੀ ਤਨ-ਦੇਹੀ ਨਾ਼ਲ ਕੰਮ ਕਰਦੇ। ਜਦੋਂ ਪਰੀਹੇ ਕੰਮ 'ਤੇ ਆ ਜਾਂਦੇ ਤਾਂ ਘਰ ਦਾ ਮਾਲਕ ਕੰਮ-ਧੰਦੇ ਵੱਲੋਂ ਇੱਕ ਤਰ੍ਹਾਂ ਨਾ਼ਲ ਨਿਸਚਿੰਤ ਹੋ ਜਾਂਦਾ।

ਪਰੀਹੇ ਘਰ ਦੇ ਮਾਲਕ ਦੀ ਹਰ ਜ਼ਿੰਮੇਵਾਰੀ ਆਪਣੇ ਸਿਰ ਓਟ ਲੈਂਦੇ। ਆਮ ਤੌਰ 'ਤੇ ਭੱਠੀ ਲਈ ਕੋ਼ਲਾ ਭੰਨਣ ਜਾਂ ਪਸੂ-ਡੰਗਰ ਨੂੰ ਧੁੱਪੇ-ਛਾਵੇਂ ਕਰਨ ਦਾ ਜ਼ਿੰਮਾਂ ਲਾਗੀ ਦਾ ਹੁੰਦਾ ਸੀ ਪਰ ਜੇਕਰ ਲਾਗੀ ਕਿਸੇ ਹੋਰ ਕੰਮ-ਧੰਦੇ ਵਿੱਚ ਰੁੱਝਿਆ ਹੁੰਦਾ ਤਾਂ ਪਰੀਹੇ ਇਹ ਕੰਮ ਕਰਨ ਵਿੱਚ ਵੀ ਕੋਈ ਝਿਜਕ ਜਾਂ ਸ਼ਰਮ ਮਹਿਸੂਸ ਨਾ ਕਰਦੇ। ਆਟੇ, ਵੇਸਣ ਜਾਂ ਸਬਜ਼ੀ-ਭਾਜੀ ਦੀਆਂ ਬੋਰੀਆਂ ਚੁੱਕਦਿਆਂ ਪਰੀਹਿਆਂ ਦੀਆਂ ਪੱਗਾਂ ਅਤੇ ਕੱਪੜੇ ਖ਼ਰਾਬ ਹੋ ਜਾਂਦੇ ਪਰ ਉਹ ਕੋਈ ਪਰਵਾਹ ਨਾ ਕਰਦੇ।ਵਿਆਹ ਵਿੱਚ ਇੱਕੋ ਸਮੇਂ ਕਈ-ਕਈ ਕੰਮ ਕਰਨੇ ਪੈਂਦੇ ਤਾਂ ਉਹ ਛੋਟੀਆਂ-ਛੋਟੀਆਂ ਟੋਲੀਆਂ ਬਣਾ ਕੇ ਕੰਮਾਂ ਨੂੰ ਆਪਸ ਵਿੱਚ ਵੰਡ ਲੈਂਦੇ। ਕੁਝ ਜਣੇ ਵਿਆਹ ਵਿੱਚ ਆਉਣ ਵਾ਼ਲੇ ਮੇ਼ਲ ਲਈ ਮੰਜੇ-ਬਿਸਤਰੇ ਇਕੱਠੇ ਕਰਨ ਤੁਰ ਜਾਂਦੇ। ਆਂਢ-ਗੁਆਂਢ 'ਚੋਂ ਮੰਜੇ-ਬਿਸਤਰੇ ਲੈ ਕੇ ਵਿਆਹ ਵਾ਼ਲੇ ਘਰ ਤੱਕ ਗੇੜੇ ਲਾਉਂਦਿਆਂ ਪਰੀਹੇ ਥੱਕ-ਟੁੱਟ ਜਾਂਦੇ ਪਰ ਉਹ ਆਪਣੀ ਜ਼ਿੰਮੇਵਾਰੀ ਨੂੰ ਨਿਬੇੜ ਕੇ ਹੀ ਸਾਹ ਲੈਂਦੇ। ਕੁਝ ਬੰਦੇ ਹ਼ਲਵਾਈ ਨਾ਼ਲ ਮਦਦ ਕਰਾਉਣ ਲੱਗ ਪੈਂਦੇ। ਕਈ ਬੰਦੇ ਤਾਂ ਹ਼ਲਵਾਈ ਨਾ਼ਲ ਕੰਮ ਕਰਦਿਆਂ ਵੱਖ-ਵੱਖ ਕੰਮਾਂ ਦੇ ਏਨੇ ਮਾਹਰ ਹੋ ਜਾਂਦੇ ਸਨ ਕਿ ਹਰ ਵਿਆਹ ਵਿੱਚ ਉਹਨਾਂ ਨੂੰ ਉਸੇ ਵਿਸ਼ੇਸ਼ ਕੰਮ 'ਤੇ ਹੀ ਲਾਇਆ ਜਾਂਦਾ। ਜਲੇਬੀਆਂ ਨੂੰ ਚਾਸ਼ਣੀ ਵਿੱਚ ਡੁਬੋਣ ਅਤੇ ਬਾਹਰ ਕੱਢਣ ਦੇ ਕੰਮ 'ਤੇ ਕਿਸੇ ਮਾਹਰ ਬੰਦੇ ਨੂੰ ਹੀ ਲਾਇਆ ਜਾਂਦਾ। ਏਸੇ ਤਰ੍ਹਾਂ ਲੱਡੂ ਵੱਟਣ ਤੋਂ ਪਹਿਲਾਂ ਪਕੌੜੀਆਂ ਨੂੰ ਚਾਸ਼ਣੀ ਵਿੱਚ ਡੁਬੋ ਕੇ ਖੁਰਚਣੇ ਨਾ਼ਲ ਬਰੀਕ ਕੱਟਣ ਦਾ ਕੰਮ ਵੀ ਕੋਈ ਤਜ਼ਰਬੇਕਾਰ ਬੰਦਾ ਹੀ ਕਰ ਸਕਦਾ ; ਜੇਕਰ ਇਸ ਕੰਮ 'ਤੇ ਕੋਈ ਅਣਜਾਣ ਮੁੰਡਾ ਲੱਗ ਜਾਂਦਾ ਤਾਂ ਕੋ਼ਲ ਬੈਠਾ ਕੋਈ ਬਜ਼ੁਰਗ਼ ਸਮਝਾਉਣ ਵਾ਼ਲੀ ਸੁਰ ਵਿੱਚ ਬੋਲਦਾ, "ਪੋਤਰਿਆ! ਇੰਝ ਕਾਹ਼ਲੀ ਨਾ ਕਰ, ਹੌ਼ਲੀ-ਹੌ਼ਲੀ ਵਾਢ ਦੇ ਕੇ ਬਰੀਕ ਕਰ ਇਹਨਾਂ ਨੂੰ, ਨਹੀਂ ਤਾਂ ਲੱਡੂ ਬੇਢਬੇ ਜਹੇ ਬਣ ਜਾਣਗੇ।"



ਦਿਨ ਢ਼ਲੇ ਜਿਹੇ ਮੰਜੇ-ਬਿਸਤਰੇ 'ਕੱਠੇ ਕਰਨ ਗਏ ਬੰਦੇ ਵੀ ਵਾਪਸ ਮੁੜ ਆਉਂਦੇ ਤਾਂ ਲੱਡੂ ਵੱਟਣ ਦਾ ਕੰਮ ਸ਼ੁਰੂ ਹੁੰਦਾ। ਬੂੰਦੀ ਵਾ਼ਲੇ ਕੜਾਹੇ ਨੂੰ ਵਿਚਕਾਰ ਰੱਖ ਕੇ ਸਾਰੇ ਜਣੇ ਉਸ ਦੇ ਦੁਆ਼ਲੇ ਘੇਰਾ ਬੰਨ੍ਹ ਕੇ ਬੈਠ ਜਾਂਦੇ। ਦੋ-ਤਿੰਨ ਘੰਟੇ ਚੰਗੀ ਮਹਿਫ਼ਿਲ ਜੁੜਦੀ। ਲੱਡੂ ਵੱਟਣ ਦਾ ਕੰਮ ਵੀ ਚਲਦਾ ਰਹਿੰਦਾ; ਨਾ਼ਲ-ਨਾ਼ਲ ਟਿੱਚਰਾਂ-ਮਖ਼ੌਲ ਵੀ ਹੁੰਦੇ ਰਹਿੰਦੇ। "ਭਤੀਜ ! ਆਹ ਕੀ ਗੁਲੇਲੇ ਜਹੇ ਵੱਟੀ ਜਾਨੈ, ਥੋੜ੍ਹੇ ਹੋਰ ਮੋਟੇ ਕਰ।" ਕੋਈ ਤਾਇਆ ਆਪਣੇ ਭਤੀਜੇ ਨੂੰ ਛੇੜਦਾ। "ਉਏ ਸੂਮਾਂ ਦਾ ਪੁੱਤ ਐ, ਇਹਨਾਂ ਦੇ ਟੱਬਰ ਨੂੰ ਆਦਤ ਈ ਐ ਬਰੀਕ ਕੱਤਣ ਦੀ।" ਕੋਈ ਹੋਰ ਟਕੋਰ ਮਾਰਦਾ। ਇੱਕੋ ਹੱਥ ਨਾ਼ਲ ਇੱਕੋ ਸਮੇਂ ਦੋ-ਦੋ ਲੱਡੂ ਵੱਟਣ ਦੇ ਮੁਕਾਬਲੇ ਵੀ ਹੁੰਦੇ। ਛੋਟੇ ਮੁੰਡੇ ਲੱਡੂਆਂ ਵਾ਼ਲੇ ਥਾ਼ਲਾਂ ਨੂੰ ਨਾ਼ਲੋ-ਨਾ਼ਲ ਮਠਿਆਈ ਵਾ਼ਲੇ ਕਮਰੇ ਵਿੱਚ ਪਹੁੰਚਾਈ ਜਾਂਦੇ। ਮਠਿਆਈ ਵਾ਼ਲੇ ਕਮਰੇ ਵਿੱਚ ਵੀ ਦੋ-ਤਿੰਨ ਸਿਆਣੇ ਬੰਦਿਆਂ ਦੀ ਡਿਊਟੀ ਲਗਾਈ ਜਾਂਦੀ ਜੋ ਹਰ ਮਠਿਆਈ ਨੂੰ ਪੂਰੇ ਧਿਆਨ ਨਾ਼ਲ ਚਿਣ-ਚਿਣ ਕੇ ਖੇਸ-ਵਿਛੇ ਮੰਜਿਆਂ 'ਤੇ ਟਿਕਾਈ ਜਾਂਦੇ।

ਵਿਆਹ ਵਿੱਚ ਆਏ ਮੇ਼ਲੀਆਂ ਅਤੇ ਰਿਸ਼ਤੇਦਾਰਾਂ ਨੂੰ ਰੋਟੀ-ਟੁੱਕ ਖੁਆਉਣ ਦੀ ਜ਼ਿੰਮੇਵਾਰੀ ਵੀ ਪਰੀਹਿਆਂ ਦੀ ਹੀ ਹੁੰਦੀ। ਜੁਆਈ-ਭਾਈ ਜਾਂ ਕੋਈ ਅੜਬ ਰਿਸ਼ਤੇਦਾਰ ਖਾਧੀ-ਪੀਤੀ ਵਿੱਚ ਉੱਚਾ-ਨੀਵਾਂ ਵੀ ਬੋਲ ਜਾਂਦਾ, ਪਰੀਹੇ ਤਾਂ ਵੀ ਗੱਸਾ ਨਾ ਕਰਦੇ। ਕੁੜੀ ਦੇ ਵਿਆਹ ਵਿੱਚ ਬਰਾਤ ਨੂੰ ਸਾਂਭਣ ਦੀ ਸਾਰੀ ਜ਼ਿੰਮੇਵਾਰੀ ਪਰੀਹਿਆਂ ਸਿਰ ਹੁੰਦੀ। ਬਰਾਤ ਦੀ ਸੇਵਾ ਕਰਨ ਵਿੱਚ ਉਹ ਕੋਈ ਕਸਰ ਨਾ ਰਹਿਣ ਦਿੰਦੇ। ਚਾਹ-ਪਾਣੀ, ਮਠਿਆਈ, ਰੋਟੀ-ਸਬਜ਼ੀ, ਸਭ ਕੁਝ ਆਪ ਭੱਜ-ਭੱਜ ਕੇ ਲਿਉਂਦੇ। ਬਰਾਤੀਆਂ ਦੇ ਨਖ਼ਰੇ ਅਤੇ ਗਾਲ੍ਹ-ਮੰਦਾ ਵੀ ਸੁਣਦੇ ਪਰ ਮੱਥੇ ਵੱਟ ਨਾ ਪਾਉਂਦੇ। ਬਰਾਤੀਆਂ ਦੇ ਜੂਠੇ ਭਾਂਡੇ ਚੁੱਕਣ ਵਿੱਚ ਵੀ ਉਹਨਾਂ ਨੂੰ ਕੋਈ ਸ਼ਰਮਿੰਦਗ਼ੀ ਮਹਿਸੂਸ ਨਾ ਹੁੰਦੀ। ਸਿਆਣੇ ਬਜ਼ੁਰਗ਼ ਸਾਰੇ ਕੰਮ ਦੀ ਨਿਗਰਾਨੀ ਕਰਦੇ ਰਹਿੰਦੇ।

ਮੁੰਡੇ ਦੇ ਵਿਆਹ ਮੌਕੇ ਬਰਾਤ ਚੜ੍ਹਨ ਤੋਂ ਬਾਅਦ ਵੀ ਪਰੀਹੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹਿੰਦੇ। ਬਰਾਤ ਦੇ ਵਾਪਸ ਮੁੜਨ ਵੇ਼ਲੇ ਤੱਕ ਲੋੜੀਂਦੀਆਂ ਚੀਜ਼ਾਂ ਅਤੇ ਰਸਮਾਂ ਦੀ ਤਿਆਰੀ ਕਰ ਕੇ ਰੱਖਦੇ। ਵਿਆਹ-ਸਮਾਗਮ ਸੰਪੰਨ ਹੋਣ ਤੋਂ ਅਗ਼ਲੇ ਦਿਨ ਤੱਕ ਮੰਜੇ-ਬਿਸਤਰੇ, ਭਾਂਡੇ-ਬਰਤਨ, ਕਨਾਤਾਂ-ਚਾਨਣੀਆਂ ਜਾਂ ਹੋਰ ਸਮਾਨ, ਜੋ ਵਿਆਹ ਵਿੱਚ ਵਰਤਣ ਲਈ ਬਾਹਰੋਂ ਮੰਗਵਾਇਆ ਗਿਆ ਹੁੰਦਾ, ਉਸਨੂੰ ਗਿਣ ਕੇ, ਧੋ-ਸੁਆਰ ਕੇ ਵਾਪਸ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾ ਕੇ ਹੀ ਪਰੀਹੇ ਘਰ ਦੇ ਮਾਲਕ ਤੋਂ ਵਿਦਾਇਗ਼ੀ ਲੈਂਦੇ। ਜਾਣ ਤੋਂ ਪਹਿਲਾਂ ਕੋਈ ਜਣਾ ਘਰ ਦੇ ਮਾਲਕ ਨੂੰ ਜ਼ਰੂਰ ਪੁੱਛਦਾ, "ਹੋਰ ਬਾਈ, ਜੇ ਕੋਈ ਕੰਮ ਰਹਿ ਗਿਆ ਤਾਂ ਦੱਸ ਦੇ...।" ਘਰ ਦਾ ਮਾਲਕ ਪੂਰੀ ਕ੍ਰਿਤਗਤਾ ਨਾ਼ਲ ਹੱਥ ਜੋੜਦਾ ਵਿਦਾਈ ਵਾ਼ਲੇ ਅੰਦਾਜ਼ 'ਚ ਆਖਦਾ, "ਬਸ ਭਰਾਵੋ...ਜਿਉਂਦੇ ਰਹੋ...ਥੋਡੇ ਸਿਰ 'ਤੇ ਮੈਨੂੰ ਤਾਂ ਪਤਾ ਈ ਲੱਗਿਆ ਕਿ ਏਨਾ ਵੱਡਾ ਕਾਰਜ ਕਦੋਂ ਨੇਪਰੇ ਚੜ੍ਹ ਗਿਆ।" ਤੇ ਪਰੀਹੇ ਘਰਾਂ ਨੂੰ ਚਲੇ ਜਾਂਦੇ।

ਵਿਆਹ ਵਾ਼ਲੇ ਘਰ ਵਿੱਚ ਜਿੱਥੇ ਪਰੀਹਿਆਂ ਹਰ ਤਰ੍ਹਾਂ ਦਾ ਕੰਮ ਕਰਨਾ ਪੈਂਦਾ, ਉੱਥੇ ਉਹਨਾਂ ਦੀ ਸਰਦਾਰੀ ਵੀ ਪੂਰੀ ਹੁੰਦੀ ਸੀ। ਖਾਣ-ਪੀਣ ਤੋਂ ਕੋਈ ਉਹਨਾਂ ਦਾ ਹੱਥ ਨਹੀਂ ਸੀ ਫੜ੍ਹਦਾ। ਥੋੜ੍ਹੇ-ਥੋੜ੍ਹੇ ਚਿਰ ਬਾਅਦ ਦੁੱਧ 'ਚ ਪੱਤੀ ਦੇ ਨਾ਼ਲ ਵੰਨ-ਸੁਵੰਨੀ ਮਠਿਆਈ ਦਾ ਨਜ਼ਾਰਾ ਹੀ ਕੁਝ ਹੋਰ ਹੁੰਦਾ ਸੀ। ਸਮੇਂ ਦੇ ਗੇੜ ਨਾ਼ਲ ਕੁਝ ਰੱਜੇ-ਪੁੱਜੇ ਲੋਕ ਆਪਣੀ ਟੌਹਰ ਵਿਖਾਉਣ ਲਈ ਵਿਆਹ ਵਿੱਚ ਮੁੱਲ ਦੇ ਵਰਤਾਵੇ (ਬੈਰ੍ਹੇ) ਮੰਗਵਾਉਣ ਲੱਗ ਪਏ ਤਾਂ ਪਰੀਹੇ ਵੀ ਨਿੱਕੇ-ਨਿੱਕੇ ਕੰਮਾਂ ਨੂੰ ਕਰਨ ਵਿੱਚ ਹੱਤਕ ਮਹਿਸੂਸ ਕਰਨ ਲੱਗ ਪਏ।ਇੰਝ ਪੰਜਾਬੀ ਸੱਭਿਆਚਾਰ 'ਚੋਂ ਇਹ ਸ਼ਾਨਦਾਰ ਰਵਾਇਤ ਲਗਭਗ ਲੋਪ ਹੋ ਚੁੱਕੀ ਹੈ।

# ਨਵੇਂ 'ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ' ਲਈ ਅਣਛਪੀਆਂ ਰਚਨਾਵਾਂ ਦੀ ਮੰਗ
## ਕਹਾਣੀਆਂ ਭੇਜਣ ਦੀ ਅੰਤਮ ਤਰੀਕ 31 ਮਾਰਚ 2018

**ਸਟਾਕਟਨ (ਹਰਜਿੰਰ ਪੰਧੇਰ)-** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ 12 ਨਵੰਬਰ ਨੂੰ ਸਭਾ ਦੇ ਸਤਿਕਾਰਤ ਮੈਂਬਰ ਚਰਨਜੀਤ ਸਿੰਘ ਸਾਹੀ ਦੇ ਫਾਰਮ ਹਾਊਸ ਤੇ ਇੱਕ ਸਾਹਿਤਕ ਮੀਟਿੰਗ ਸੱਦੀ ਗਈ। ਇਸ ਵਿੱਚ ਸ਼ਾਮਲ ਮੈਂਬਰਾਂ ਨੇ ਘੰਟਿਆਂ ਬੱਧੀ ਨਿੱਘੀ ਧੁੱਪ ਵਿੱਚ ਕੁਦਰਤ ਦੇ ਖੁਸ਼ਗਵਾਰ ਨਜ਼ਾਰਿਆਂ ਦਾ ਆਨੰਦ ਮਾਣਦਿਆਂ ਆਪਣੀਆਂ ਮੌਲਕਿ ਸਾਹਿਤਕ ਰਚਨਾਵਾਂ ਦੁਆਰਾ ਕਲਾਮਈ ਮਹੌਲ ਵੀ ਸਿਰਜਿਆ। ਭਾਗ ਲੈਣ ਵਾਲਿਆਂ ਵਿੱਚ ਹਰਜਿੰਦਰ ਪੰਧੇਰ, ਪ੍ਰਿੰਸੀਪਲ ਹਰਨੇਕ ਸਿੰਘ, ਤਾਰਾ ਸਿੰਘ ਸਾਗਰ, ਚਰਨਜੀਤ ਸਿੰਘ ਸਾਹੀ, ਮਨਦੀਪ ਗੋਰਾ, ਹਰਜੀਤ ਹਠੂਰ, ਡਾ. ਸਤਵਿੰਦਰ ਸਿੰਘ ਸਾਹੀ, ਪਰਮਜੀਤ ਕੌਰ, ਮਨਜੀਤ ਕੌਰ, ਗੁਰਪ੍ਰੀਤ ਕੌਰ, ਮ੍ਰਿਗਇੰਦਰ ਪੰਧੇਰ, ਇੰਦਰਜੀਤ ਸ਼ਰਮਾ, ਅਜੀਤ ਪ੍ਰਮਿੰਦਰ ਕੌਰ, ਕਮਲੇਸ਼ ਕੁਮਾਰੀ, ਰਾਜ ਕੁਮਾਰੀ, ਡੋਲੀ ਆਦਿ ਸਨ। ਪ੍ਰੋ. ਹਰਭਜਨ ਸਿੰਘ ਨੇ ਫੋਨ ਦੁਆਰਾ ਆਪਣੀ ਹਾਜ਼ਰੀ ਲਵਾਈ। ਸਭਾ ਵਲੋਂ ਆਪਣੇ ਵਿਸ਼ੇਸ਼ ਪ੍ਰੋਗਰਾਮ ਤਹਿਤ ਅਗਲੇ ਵ੍ਹਰੇ (2018) ਵਿੱਚ ਪ੍ਰਕਾਸ਼ਤ ਕੀਤੇ ਜਾਣ ਵਾਲੇ 'ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ' ਬਾਰੇ ਵਿਚਾਰ ਚਰਚਾ ਕੀਤਾ ਗਿਆ। ਇੱਸ ਨਵੇਂ ਕਹਾਣੀ ਸੰਗ੍ਰਹਿ ਦੇ ਸੰਪਾਦਕੀ ਮੰਡਲ ਵਿੱਚ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਾਹਲ ਸ਼ਾਮਲ ਹੋਣਗੇ। ਪ੍ਰੋ. ਹਰਭਜਨ ਸਿੰਘ ਨੇ ਇਸ ਪ੍ਰਯੋਜਨ ਪ੍ਰਤੀ ਹਰ ਤਰ੍ਹਾਂ ਦਾ ਸਹਿਯੋਗ ਅਤੇ ਸੁਝਾ ਦੇਣ ਦੀ ਸਹਿਮਤੀ ਪ੍ਰਗਟਾਈ।

ਕੀਤੇ ਗਏ ਫੈਸਲੇ ਅਨੁਸਾਰ ਇਹ ਕਹਾਣੀ-ਸੰਗ੍ਰਹਿ ਅਮਰੀਕੀ ਪੰਜਾਬੀ ਕਹਾਣੀਆਂ ਦਾ ਹੋਵੇਗਾ। ਸੰਪਾਦਕੀ ਮੰਡਲ ਨੂੰ ਕਹਾਣੀਆਂ ਭੇਜਣ ਦੀ ਆਖਰੀ ਤਰੀਕ 31 ਮਾਰਚ 2018 ਮਿਥੀ ਗਈ ਹੈ। ਲੇਖਕ ਆਪਣੀਆਂ ਕਹਾਣੀਆਂ ਨਿਮਨ ਲਿਖਤ ਸੰਪਾਦਕੀ ਮੰਡਲ ਦੇ ਕਿਸੇ ਵੀ ਮੈਂਬਰ ਨੂੰ ਭੇਜ ਸਕਦੇ ਹਨ।



Surinder Sohal: 15 Remsen Ave. Valley Stream NY 11580 (USA) Ph: 646-220-2586; Email: surindersohal@hotmail.com.
Harjinder Pandher: 3974 Chatsworth cir. Stockton CA 95209 (USA) Ph: 209-610-5055;
Email: pandher@gmail.com.
Harmahinder Chahil: 7305 Sterling Grove Dr. Springfield, VA 22150,USA; Ph: 703-362- 3239;
Email: chahals@yahoo.com.

ਸੰਪਾਦਕੀ ਮੰਡਲ ਵਲੋਂ ਸਮੂਹ ਅਮਰੀਕਨ ਪੰਜਾਬੀ ਕਹਾਣੀਕਾਰਾਂ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਪਹਿਲਿਆਂ ਵਾਂਗ ਇਸ ਕਹਾਣੀ-ਸੰਗ੍ਰਹਿ ਨੂੰ ਵੀ ਅਮਰੀਕਨ ਪੰਜਾਬੀ ਕਹਾਣੀ ਦਾ ਪ੍ਰਤੀਨਿਧ, ਪ੍ਰਮਾਣਿਤ ਅਤੇ ਨਵੇਕਲਾ ਮੀਲ ਪੱਥਰ ਬਣਾਉਣ ਲਈ ਆਪਣੀਆਂ ਸਭ ਤੋਂ ਖੂਬਸੂਰਤ, ਨਵੀਆਂ ਤੇ ਅਣਛਪੀਆਂ ਕਹਾਣੀਆਂ ਭੇਜ ਕੇ ਸਹਿਯੋਗ ਦੇਣ। ਵਿਸ਼ੇ-ਵਸਤੂ ਦੀ ਚੋਣ ਭਾਵੇਂ ਹਰ ਲੇਖਕ ਦੀ ਆਪਣੀ ਹੁੰਦੀ ਹੈ ਪਰ ਫਿਰ ਵੀ ਪਰਵਾਸੀ ਸਰੋਕਾਰ ਅਤੇ ਗਲੋਬਲੀ ਪਰਿਪੇਖ ਵਾਲੀਆਂ ਲੋਕ-ਪੱਖੀ ਅਗਾਂਹ ਵਧੂ ਪਹੁੰਚ ਅਤੇ ਦ੍ਰਿਸ਼ਟੀਕੋਣ ਵਾਲੀਆ ਕਹਾਣੀਆਂ ਨੂੰ ਵਿਸ਼ੇਸ਼ ਪਹਿਲ ਦਿੱਤੀ ਜਾਵੇਗੀ। ਨਿਰੋਲ ਪੰਜਾਬੀ ਜਾਂ ਦੇਸੀ ਲੋਕੇਲ ਵਾਲੀ ਕਹਾਣੀ ਅਸੀਂ ਸਵੀਕਾਰ ਕਰਨ ਤੋਂ ਅਸਮਰਥ ਹੋਵਾਂਗੇ। ਕਿਉਂਕਿ ਸਾਡਾ ਮਕਸਦ ਪਰਵਾਸੀ ਸਮਸਿਆਵਾਂ ਦੇ ਨਾਲ ਨਾਲ ਦੁਨੀਆਂ ਭਰ ਦੇ ਸ਼ੋਸ਼ਿਤ, ਪੀੜਤ ਅਤੇ ਦਲਿਤ ਲੋਕਾਂ ਦੀਆਂ ਸਮਸਿਆਵਾਂ ਉਪਰ ਫੋਕਸ ਕਰਨਾ ਹੈ। ਇਹ ਸ਼ੋਸ਼ਣ ਸਰੀਰਕ-ਮਾਨਸਿਕ-ਲਿੰਗਕ ਹੋਵੇ ਚਾਹੇ ਆਰਥਕ, ਸਮਾਜਕ, ਰਾਜਨੀਤਕ, ਸਭਿਆਚਾਰਕ ਜਾਂ ਸਾਮਰਾਜੀ ਜੰਗਾਂ ਦੀ ਤਬਾਹੀ ਤੇ ਕਾਰਪੋਰੇਟ ਵਿਸ਼ਵੀਕਰਨ ਦੀ ਭਿਆਨਕ ਤਬਾਹੀ ਤੇ ਖਪਤ ਸਭਿਆਚਾਰ ਦਾ ਹਮਲਾ: ਅਸੀਂ ਪਾਠਕ ਦੇ ਮਨ ਵਿੱਚ ਸਿਹਤਮੰਦ ਕਦਰਾਂ ਕੀਮਤਾ ਦੀ ਬਹਾਲੀ ਅਤੇ ਬੇਹਤਰ ਦੁਨੀਆ ਦਾ ਸੁਪਨਾ ਸਜਾਉਣਾ ਚਾਹੁੰਦੇ ਹਾਂ ਅਤੇ ਸਾਡੇ ਇਸ ਮਕਸਦ ਦੀ ਪੂਰਤੀ ਤੁਸੀਂ ਆਪਣੀਆਂ ਦੋ ਦੋ ਸ਼ਾਹਕਾਰ ਰਚਨਾਵਾਂ ਭੇਜ ਕੇ ਕਰ ਸਕਦੇ ਹੋ। ਇਹ ਰਚਨਾਵਾਂ 31 ਮਾਰਚ 2018 ਤੀਕ ਜ਼ਰੂਰ ਪਹੁਚਣੀਆਂ ਚਾਹੀਦੀਆਂ ਹਨ। ਇੱਥੇ ਇਹ ਵੀ ਵਰਣਨ ਯੋਗ ਹੈ ਕਿ ਇਸ ਟੀਮ ਵਲੋਂ ਇਸ ਤੋਂ ਪਹਿਲਾਂ ਪੰਜ ਕਹਾਣੀ ਸੰਗ੍ਰਹਿ: 'ਸੁਪਨੇ ਤੇ ਸੰਤਾਪ', 'ਪੰਖ ਪਿੰਜਰਾ ਤੇ ਪਰਵਾਜ਼', 'ਅਮਰੀਕੀ ਪੰਜਾਬੀ ਕਹਾਣੀ', 'ਪਰਵਾਸ ਤੋਂ ਅਵਾਸ ਵੱਲ' (ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ) ਅਤੇ 'ਦਿਸਹੱਦਿਆਂ ਦੇ ਆਰ ਪਾਰ'(ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ) ਛਪਵਾਏ ਜਾ ਚੁਕੇ ਹਨ।

**ਰਿਪੋਰਟ: ਹਰਜਿੰਦਰ ਪੰਧੇਰ**
**ਫੋਨ; 209-610- 5055**

# ਦੇਸ਼ ਦੁਆਬਾ ਦੇ ਕੰਧ ਚਿੱਤਰ -6 / ਪਿੰਡ ਪੰਡੋਰੀ ਧਾਮ ਜ਼ਿਲ੍ਹਾ ਗੁਰਦਾਰਦਾਸਪੁਰ ਦੇ ਕੰਧ-ਚਿੱਤਰ



ਪ੍ਰਿੰਸੀਪਲ ਦਰਸ਼ਨ ਸਿੰਘ ਦਰਸ਼ਨ
1102 ਫਰੈਂਡਜ਼ ਇੰਨਕਲੇਵ, ਹੁਸ਼ਿਆਰਪੁਰ
singhdarshan1362@gmail.com

**ਸਥਿੱਤੀ :-** ਪੁਰਾਤਨ ਅਤੇ ਨਵੀਨਤਮ ਕਲਾ ਸ਼ੈਲੀਆਂ ਨੂੰ ਪ੍ਰਗਟ ਕਰਦਾ ਇਹ ਮਹਾਨ ਭਗਤੀ ਦਰਬਾਰ ਜਜਸ ਦਾ ਨਾਮ 'ਪੰਡੋਰੀ ਧਾਮ' ਹੈ। ਇਹ ਜ਼ਿਲਾ ਗੁਰਦਾਸਪੁਰ ਵਿੱਚ ਹੈ।ਇੱਥੋਂ ਦੀਆਂ ਕੰਧਾਂ ਉੱਤੇ ਅਨੇਕਾਂ ਤਰ੍ਹਾਂ ਦੇ ਚਿੱਤਰ ਉਲੀਕੇ ਹੋਏ ਹਨ।ਕਲਾ ਦੀਆਂ ਕਈ ਸ਼ੈਲੀਆਂ ਜਿਵੇਂ ਕੰਧ ਚਿੱਤਰ ਕਲਾ, ਮੂਰਤੀ ਕਲਾ,ਇਮਾਰਤਸਾਜੀ ਕਲਾ, ਲੱਕੜ ਉੱਤੇ ਮੀਨਾਕਾਰੀ ਦੀ ਕਲਾ ਆਦਿ ਦਾ ਅਨੂਠਾ ਸੰਗਮ ਇਸ ਧਾਮ ਵਿੱਚ ਦੇਖਣ ਨੂੰ ਮਿਲਦਾ ਹੈ।

**ਵਿਸ਼ੇ :-**ਜਿੱਥੋਂ ਤੱਕ ਇੱਥੋਂ ਦੇ ਕੰਧ ਚਿੱਤਰਾਂ ਦੇ ਵਿਸ਼ਿਆਂ ਦਾ ਸਵਾਲ ਹੈ ,ਕਲਾਕਾਰਾਂ ਨੇ ਅਨੇਕਾਂ ਵਿਸ਼ਿਆਂ ਉੱਤੇ ਚਿੱਤਰ ਉਲੀਕੇ ਹਨ। ਇਨ੍ਹਾਂ ਵਿੱਚ ਪ੍ਰਮੁੱਖ ਵਿਸ਼ੇ ਰਮਾਇਣ, ਮਹਾਂਭਾਰਤ, ਦਰਬਾਰਾਂ, ਗੁਰੂ- ਪੀਰਾਂ, ਘਰੇਲੂ ਜੀਵਨ, ਆਖਾੜੇ, ਯੁੱਧ, ਰਾਗ-ਰਾਗਣੀਆਂ, ਪਰੀਆਂ, ਸੰਗੀਤਕਾਰਾਂ, ਕਰੁਣਾਰਸ ਆਦਿ ਵਿਸ਼ਿਆਂ ਤੋਂ ਇਲਾਵਾ, ਕਈ ਹੋਰ ਵਿਸ਼ੇ ਜਿਨ੍ਹਾਂ ਨੂੰ ਹਾਲੇ ਡੂੰਘਾਈ ਨਾਲ਼ ਸਮਝਣ ਦੀ ਲੋੜ ਹੈ, ਦੇ ਚਿੱਤਰ ਬੜੇ ਸੁਚਿੱਤਰਿਤ ਢੰਗ ਨਾਲ ਤਿਆਰ ਕੀਤੇ ਹੋਏ ਹਨ। ਕਈ ਇੱਕ ਚਿੱਤਰ ਤਾਂ ਮਿੱਟਣ ਦੀ ਕਗਾਰ 'ਤੇ ਚਲੇ ਗਏ ਹਨ ਪਰ ਇਨ੍ਹਾਂ ਦੀ ਸਾਂਭ-ਸੰਭਾਲ਼ ਲਈ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਇਹ ਚਿੱਤਰ ਦਰਬਾਰ ਦੀਆਂ ਕੰਧਾਂ, ਦਰਵਾਜਿਆਂ ਆਦਿ 'ਤੇ ਬਣਾਏ ਹਨ ਅਤੇ ਛੱਤਾਂ ਉੱਤੇ ਅਤੀ ਸੁੰਦਰ ਡਿਜ਼ਾਇਨ ਚਿੱਤਰਿਤ ਕੀਤੇ ਗਾਏ ਹਨ।

ਕੰਧ-ਚਿੱਤਰਾਂ ਵਿੱਚ ਕਲਾਕਾਰਾਂ ਨੇ ਕਿਸੇ ਇੱਕ ਧਰਮ ਦੇ ਪੈਰੋਕਾਰਾਂ ਨੂੰ ਲੈ ਕੇ ਚਿੱਤਰ ਨਹੀ ਚਿੱਤਰੇ ਬਲਕਿ ਸਾਰਿਆਂ ਇਤਹਾਸਕ ਅਤੇ ਮਿਥਹਾਸਕ ਧਰਮਾਂ ਦੇ ਪ੍ਰਮੁੱਖਾਂ ਤੋਂ ਲੈ ਕੇ ਆਮ ਸੇਵਾਦਾਰਾਂ ਤੱਕ ਨੂੰ ਆਪਣੇ ਢੰਗ ਨਾਲ ਚਿੱਤਰਿਆ ਹੈ। ਹਿੰਦੂ ਮਤ ਵਿੱਚ ਸ਼੍ਰੀ ਰਾਮ ਜੀ ਦੇ ਪਰਮ ਭਗਤ ਹਨੂੰਮਾਨ ਜੀ ਨੂੰ ਵੀ ਕਲਾਕਾਰਾਂ ਨੇ ਬੜੀ ਸ਼ਰਧਾ ਨਾ਼ਲ ਸੁਚਿੱਤਰਿਤ ਕੀਤਾ ਹੈ। ਇਹ ਜੋ ਚਿੱਤਰ ਆਪ ਜੀ ਦੇਖ ਰਹੇ ਹੋ ਇਸ ਵਿੱਚ ਹਨੂੰਮਾਨ ਜੀ ਨੂੰ ਬੜੇ ਬਲਸ਼ਾਲੀ ਰੂਪ ਵਿੱਚ ਸ਼੍ਰੀ ਰਾਮ ਜੀ ਤੇ ਉਨ੍ਹਾਂ ਦੇ ਭਰਾਤਾ ਲੱਛਮਣ ਜੀ ਨੂੰ ਮੋਢਿਆਂ 'ਤੇ ਚੱਕ ਕੇ ਹਵਾ ਦੇ ਰਸਤੇ ਸਮੁੰਦਰ ਪਾਰ ਕਰਦੇ, ਵੱਡੀਆ ਵੱਡੀਆਂ ਉਲਾਂਗਾਂ ਭਰਦੇ ਹੋਏ ਦਿਖਾਇਆ ਗਿਆ ਹੈ ਕਿ ਜਿਵੇਂ ਉਹ ਜਮੀਨ ਉੱਤੇ ਦੌੜ ਰਹੇ ਹੋਣ ਪਰ ਚਿੱਤਰਕਾਰ ਨੇ ਪਹਿਲਾਂ ਗੂੜਾ ਨੀਲਾ ਹਰਾ ਅਤੇ ਫਿਰ ਹਲਕਾ ਸਫੈਦ ਨੀਲਾ ਰੰਗ ਵਰਤ ਕੇ ਸਮੁੰਦਰ ਬਣਾਇਆ ਅਤੇ ਹਨੂੰਮਾਨ ਜੀ ਦੇ ਪੈਰਾਂ ਨੇੜੇ ਫੁੱਲ ਚਿੱਤਰਦੇ ਹੋਏ ਹਨ ਜਿਨ੍ਹਾਂ ਨੇ ਇਸ ਨੂੰ ਜਿਆਦਾ ਕੁਦਰਤੀ ਮਨਮੋਹਕ ਅਤੇ ਸ਼ਰਧਾ ਭਾਵ ਵਾਲਾ ਚਿੱਤਰ ਬਣਾ ਦਿੱਤਾ ਹੈ।

ਲਾਲ ਤੇ ਨੀਲੇ ਰੰਗ ਦੀਆਂ ਰੇਖਾਵਾਂ ਨਾ਼ਲ ਘਿਰਿਆ ਹੋਇਆ ਇਸ ਦਾ ਉੱਪਰਾ ਭਾਗ ਮਹਿਰਾਵਾਂ ਦੀ ਸ਼ਕਲ ਦੇ ਬਰਾਬਰ ਦਾ ਬਣਇਆ ਹੋਇਆ ਹੈ ਜਿਸ ਦੀ ਸਪੇਸ ਨੂੰ ਬਹੁਤ ਹੀ ਬਾਰੀਕੀ ਨਾ਼ਲ ਗੂੜੀ ਸਲੇਟੀ ਰੰਗ ਦੀ ਪਿੱਠ ਭੂਮੀ ਨੂੰ ਸਫ਼ੇਦ ਫੁੱਲਾਂ ਨਾਲ ਡੀਜ਼ਾਇੰਦਾਰ ਕੀਤਾ ਗਿਆ ਹੈ। ਆਕਾਸ਼ ਸਫੇਦ ਰੰਗ ਦਾ ਬਣਾਇਆ ਹੈ। ਪਿੱਠ ਭੂਮੀ ਵਿੱਚ ਚਿੱਤਰੇ ਦਰਖਤ ਇਸ ਨੂੰ ਹੋਰ ਵੀ ਕੁਦਰਤੀ ਰੂਪ ਪ੍ਰਦਾਨ ਕਰ ਰਹੇ ਹਨ। ਚਿੱਤਰ ਵਿੱਚ ਵਰਤੇ ਰੰਗਾਂ ਨੂੰ ਹੋਰ ਉਘਾੜਣ ਲਈ ਮੋਟੀ ਗੂੜੇ ਰੰਗ ਦੀ ਬਾਹਰੀ ਰੇਖਾ ਦਾ ਇਸਤੇਮਾਲ ਕੀਤਾ ਗਿਆ ਹੈ। ਜੋ ਫਿਗਰਾਂ ਦੀ ਪਹਿਚਾਣ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦੀ ਹੈ।

ਸ਼੍ਰੀ ਰਾਮ ਜੀ ਦੇ ਸਰੀਰ ਵਿੱਚ ਨੀਲੇ ਰੰਗ, ਲਛਮਣ ਅਤੇ ਹਨੂੰਮਾਨ ਜੀ ਦੇ ਸਰੀਰਾਂ ਵਿੱਚ ਬਾਦਾਮੀ ਰੰਗ ਵਰਤੇ ਹਨ। ਕਲਾਕਾਰ ਨੇ ਸਫ਼ੇਦ ਰੰਗ ਨੂੰ ਫਿਗਰਾਂ ਵਿੱਚ ਲਾਈਟ ਵਾਸਤੇ ਵਰਤਿਆ ਹੈ ਜਦ ਕਿ ਬਾਦਾਮੀ ਰੰਗ ਵਿੱਚ ਭੂਰਾ ਰੰਗ ਮਿਲਾ ਕੇ ਉਸ ਨੂੰ ਥੋੜਾ ਗੂੜਾ ਕਰਕੇ ਸ਼ੇਡ ਵਾਸਤੇ ਵਰਤਿਆ ਹੈ। ਗੂੜੇ ਲਾਲ ਓਤੇ ਨੀਲੇ ਰੰਗ ਨੂੰ ਕੱਪੜਿਆਂ ਵਿੱਚ ਲਾਈਟ ਪਿੱਠ ਭੂਮੀ ਦੇ ਵਿਰੁੱਧ ਵਰਤਿਆ ਗਿਆ ਹੈ। ਇਸ ਰੰਗਾਂ ਦੇ ਵਿਰੋਧੱਭਾਸ ਨਾ਼ਲ ਇਹ ਰਚਨਾ ਜਿਊਂਦੀ ਲੱਗਦੀ ਹੈ। ਪਿਛਾਂਹ ਨੂੰ ਉਡਦੇ ਕੱਪੜੇ ਚਿੱਤਰ ਵਿੱਚ ਮੂਵਮੈਂਟ ਪ੍ਰਗਟ ਕਰਦੇ ਹਨ।

ਪਹਿਲੇ ਸਮਿਆਂ ਵਿੱਚ ਰਾਜੇ ਮਜਾਂਰਾਜੇ ਆਪਣੇ ਦਰਵਾਰਾਂ ਵਿੱਚ ਪਹਿਲਵਾਨਾਂ ਦੇ ਘੋਲ ਬੜੇ ਸ਼ੋਕ ਨਾਲ ਕਰਵਾਇਆ ਕਰਦੇ ਸਨ। ਇਸ ਵਿਸ਼ੇ 'ਤੇ ਇੱਕ ਕੰਧ ਚਿੱਤਰ ਦਰਸਾਇਆ ਜਾ ਰਿਹਾ ਹੈ। ਇਸ ਚਿੱਤਰ ਨੂੰ ਕਲਾਕਾਰ ਨੇ ਦੋ ਭਾਗਾਂ ਵਿੱਚ ਚਿੱਤਰਿਆ ਹੈ। ਮਹਿਰਾਵ ਰੂਪੀ ਬਾਰਡਰ ਵਿੱਚਲੇ ਉੱਪਰਲੇ ਹਿੱਸੇ ਵਿੱਚ ਚੌਕੀਂ ਉੱਤੇ ਬੈਠ ਹੈ ਜਿਸ ਉੱਤੇ ਇੱਕ ਵਿਆਕਤੀ ਬੈਠਾ ਹੈ।। ਉਸ ਦੇ ਦੋਨੋਂ ਪਾਸੇ ਦੋ ਇਸਤਰੀਆਂ (ਇੱਕ ਖੜੀ ਤੇ ਦੂਸਰੀ ਬੈਠੀ) ਚੰਗੀ ਡਰੈੱਸ ਵਿੱਚ ਚਿੱਤਰੀਆਂ ਹਨ।ਇਨ੍ਹਾਂ ਇਸਤਰੀਆਂ ਦੇ ਨਾਲ ਦੋਨੋਂ ਪਾਸੇ ਦੋ ਬੂਟੇ ਵੀ ਚਿੱਤਰੇ ਹਨ ਜੋ ਕੁਦਰਤ ਦਾ ਪ੍ਰਤੀਕ ਮੰਨੇ ਜਾਂਦੇ ਹਨ।ਚਿੱਤਰ ਦਾ ਇਹ ਹਿੱਸਾ ਕਲਾਕਾਰ ਨੇ ਪੀਲੇ ਸੁਨਹਿਰੀ ਰੰਗ ਵਿੱਚ ਰੰਗਿਆ ਹੈ।

ਇਸ ਚਿੱਤਰ ਦੇ ਦੂਜੇ ਹਿੱਸੇ ਵਿੱਚ ਅੱਧ ਚੱਕਰ ਰੂਪ ਵਿੱਚ ਪਹਿਲਵਾਨ ਨੂੰ ਘੁਲਦੇ ਦਿਖਾਇਆ ਹੈ ਅਤੇ ਉਸ ਦੇ ਦੁਆਲੇ ਢੋਲ ਵਜਾਇਆ ਜਾ ਰਿਹਾ ਹੈ ਅਤੇ ਦੂਸਰੇ ਫੈਸਲਾ ਕਰਨ ਵਾਲੇ ਵਿਅਕਤੀ ਵੀ ਅਖਾੜੇ ਵਿੱਚ ਚਿੱਤਰੇ ਹੋਏ ਦਿਖਾਏ ਗਏ ਹਨ।ਅੱਧ ਚੱਕਰ ਦੀ ਅਗਲੀ ਭੂਮੀ ਵਿੱਚ ਪਹਿਲਵਾਨ ਘੁਲਦੇ ਹਨ ਜਦ ਕਿ ਉਨ੍ਹਾਂ ਤੋ ਪਿੱਛੇ ਵਾਲੀ ਜੋੜੀ ਹਾਲੇ ਘੁਲਣ ਲਈ ਤਿਆਰੀ ਕਰ ਰਹੀ ਹੈ।ਇਸ ਪ੍ਰਕਾਰ ਲੋਕ ਕਲਾ ਨੂੰ ਪ੍ਰਗਟ ਕਰਦਾ ਚਿੱਤਰ ਵੀ ਬੜੇ ਦਿਲ ਖਿੱਚਵਾਂ ਹੈ।

ਦੂਸਰੇ ਚਿੱਤਰ ਨੂੰ ਧਿਆਨ ਨਾਲ ਦੇਖਿਆਂ ਜਾਵੇ ਤਾਂ ਉਸ ਸਮੇਂ ਦੀ ਮਕਾਨ ਉਸਾਰੀ, ਦਰਵਾਜਿਆਂ ਉੱਤੇ ਹੋਈ ਮੀਨਾਕਾਰੀ ਤੇ ਉਸ ਦੇ ਦੁਆਲੇ ਚੁਨੇ ਦੀ ਚਣਾਈ ਵਿੱਚ ਕੀਤੀ ਕਲਾਕਾਰੀ ਆਦਿ ਦਾ ਪਰਪੱਕ ਸਬੂਤ ਦਿਖਾਈ ਦਿੰਦਾ ਹੈ।

**ਸ਼ੈਲੀ:-**ਇੱਥੋਂ ਦੇ ਕੰਧ-ਚਿੱਤਰਾਂ ਵਿੱਚ ਮੁਗਲਰਾਜ, ਸਿੱਖ ਰਾਜ, ਪਹਾੜੀ ਰਾਜਾਂ ਦੀ ਕਲਾਂ ਸ਼ੈਲੀਆਂ ਦਾ ਸੁਮੇਲ ਦੇਖਿਆ ਜਾ ਸਕਦਾ ਹੈ। ਇੱਕ ਗੱਲਬਾਤ ਤੋਂ ਪਤਾ ਲੱਗਿਆ ਕਿ ਇੱਥੇ ਦੇ ਮੁੱਖ ਪੁਰਾਣਾ ਮੰਦਿਰ ਦੀ ਇਮਾਰਤ ਹੈ ਉਸ ਮਕਾਨ ਉਸਾਰੀ ਵਿੱਚ ਮੁਗਲ ਇਮਾਰਤ ਸ਼ੈਲੀ ਓਤੇ ਹਿੰਦੂ ਇਮਾਰਤ ਸ਼ੈਲੀ ਦੋਹਾਂ ਦਾ ਸੁਮੇਲ ਹੈ।

**ਪਹਿਰਾਵਾ:-** ਪਹਿਰਾਵੇ ਪੱਖੋ ਕਈ ਆਕ੍ਰਿਤੀਆਂ ਜਿਵੇ ਸਾਧੂ ਜਨ, ਭਗਤ ਜਨ ਆਦਿ ਨੂੰ ਕਲਾਕਾਰਾਂ ਨੇ ਕੇਵਲ ਇੱਕ ਹੀ ਕੱਪੜਾ (ਲੰਗੋਟ) ਆਦਿ ਹੀ ਪਹਿਨਾਇਆ ਹੈ ਬਾਕੀ ਪੂਰੇ ਸਰੀਰ ਵਿੱਚ ਗੂੜੇ ਲਾਲ, ਨੀਲੇ, ਭੂਰੇ ਆਦਿ ਰੰਗ ਵਰਤ ਕੇ ਫਿਗਰ ਪੂਰੀ ਕੀਤੀ ਹੈ। ਕਈ ਚਿੱਤਰਾਂ ਵਿੱਚ ਪਹਿਰਾਵਿਆਂ ਨੂੰ ਕੇਵਲ ਰੇਖਾਵਾਂ ਵਿੱਚ ਹੀ ਦਰਸਾਇਆ ਹੈ। ਦੁਆਰਪਾਲਾਂ ਦੇ ਸਰੀਰਾਂ ਨੂੰ ਮਜਬੂਤ ਤੇ ਬੜੇ ਨਿੱਗਰ ਦਿਖਾਇਆ ਹੈ। ਹੱਥਾਂ ਵਿੱਚ ਬੰਦੂਕਾਂ ਤੇ ਕੁਤਕੇ ਆਦਿ ਫੜਾਏ ਹੋਏ ਹਨ। ਇਨ੍ਹਾਂ ਦੇ ਲਿਬਾਸ ਲੰਬੇ ਅਤੇ ਭਾਰੇ ਮੁਗਲਈ ਢੰਗ ਦੇ ਚਿੱਤਰੇ ਹੋਏ ਹਨ।

ਪਹਿਰਾਵੇ ਦੇ ਪੱਖ ਤੋਂ ਇਹ ਕਲਾਕ੍ਰਿਤੀਆਂ ਕਿਸੇ ਇੱਕ ਖਾਸ ਦਿਖ ਨੂੰ ਪੇਸ਼ ਕਰਦੀਆਂ ਹਨ ਜਿਵੇਂ ਸਿਰ 'ਤੇ ਪਗੜੀ ਬੰਨਣ ਦਾ ਤਰੀਕਾ ਪੰਜਾਬੀ ਅਤੇ ਰਾਜਸਥਾਨੀ ਢੰਗ ਦਾ ਹੈ,ਲੰਬੀ ਨੋਕ ਵਾਲੀ ਦਾਹੜੀ, ਲੰਬਾ ਕੁੜਤਾ, ਚੂੜੀਦਾਰ ਪਜਾਮਾ ਤੇ ਪੈਰਾਂ ਵਿੱਚ ਭਾਰੀ ਪੰਜਾਬੀ ਜੁੱਤੀ ਆਦਿ ਸਪਸ਼ਟ ਤੌਰ ਤੇ ਦੇਖੇ ਜਾਂਦੇ ਹਨ। ਆਕ੍ਰਿਤੀਆਂ ਵਿੱਚ ਪੂਰੇ ਜੁਆਨ ਔਰਤਾਂ ਮਰਦ, ਸਿਅਣੇ ਵਿਆਕਤੀ ਜਿਵੇਂ ਭਗਤ ਤੇ ਸੇਵਾਦਾਰ ਆਦਿ ਕਲਾਰਾਰ ਨੇ ਬੜੀ ਮਿਹਨ ਨਾ਼ਲ ਚਿੱਤਰੇ ਹਨ।

**ਰੰਗ ਯੋਜਨਾ:-** ਇਸ ਸਥਾਨ ਦੀ ਤਿੰਨ ਵਾਰ ਯਾਤਰਾ ਕੀਤੀ ਗਈ ਥਅਤੇ ਇੱਥੋਂ ਦੇ ਚਿੱਤਰਾਂ ਦੀ ਰੰਗ ਵਿਧੀ ਨੂੰ ਵੜੀ ਬਾਰੀਕੀ ਨਾ਼ਲ ਘੋਖਣ ਦੀ ਕੋਸ਼ਿਸ਼ ਕੀਤੀ ਰੰਗਾਂ ਵਿੱਚਲਾ ਕੁਦਰਤੀਪਣ ਜੋ ਦੇਖਿਆ ਗਿਆ ਹੈ, ਉਹ ਕਲਾਕਾਰਾਂ ਨੇ ਆਪ ਤਿਆਰ ਕਰਕੇ ਇਹਨਾਂ ਚਿੱਤਰਾਂ ਵਿੱਚ ਵਰਤੇ ਹਨ। ਇਹ ਰੰਗ ਲਾਲ (ਹਲਕੇ ਤੇ ਗੂੜੇ) ਹਰੇ, ਨੀਲੇ, ਭੂਰੇ, ਜਾਮਣੀ ਅਤੇ ਕਈ ਹੋਰ ਸ਼ੇਡਾਂ ਦੇ ਹਨ। ਇਹ ਰੰਗ ਪ੍ਰਾਇਮਰੀ ਰੰਗਾਂ ਵਿੱਚ ਫਿਰ ਸੈਕੰਡਰੀ ਰੰਗ ਨੂੰ ਮਿਲਾ ਕੇ ਤਿਆਰ ਕੀਤੇ ਹੋਏ ਹਨ।ਇਹ ਰੰਗ ਪੱਧਰੀ ਵਿਧੀ ਨਾ਼ਲ ਭਰੇ ਹੋਏ ਹਨ।ਜਿਸ ਨਾ਼ਲ ਇਨ੍ਹਾਂ ਵਿੱਚ ਦੂਰੀ ਆਦਿ ਨਹੀਂ ਪ੍ਰਗਟ ਹੂੰਦੀ।

ਚਿੱਤਰਾਂ ਵਿੱਚ ਰੰਗ ਭਰਨ ਤੋਂ ਇਲਾਵਾ ਕਲਾਕਾਰਾਂ ਨੇ ਇੱਥੇ ਇਮਾਰਤ ਦੇ ਪੈਨਲਾਂ, ਛੱਤਾਂ ਉੱਤੇ ਫੁੱਲਪੱਤੀ ਦੇ ਡੀਜ਼ਾਇਨ ਵੀ ਬੜੀ ਮਿਹਨਤ ਨਾਲ ਤਿਆਰ ਕੀਤੇ ਹਨ। ਭਾਂਵੇਂ ਇਨ੍ਹਾਂ ਦੀ ਬਣਤਰ ਜਿਉਮੈਟਰੀਕਲ ਹੈ ਪਰ ਫੁੱਲ ਪੱਚੇ ਕੁਸਰਤੀ ਧੰਗ ਨਾ਼ਲ ਤਿਆਰ ਕੀਤੇ ਹਨ। ਫੁੱਲਾਂ ਦੀਆਂ ਡੰਡੀਆਂ ਬੜੀਆਂ ਕੋਮਲ, ਲੱਚਕਦਾਰ ਅਤੇ ਪਤਲੀਆਂ ਚਿੱਤਰੀਆਂ ਹਨ ਜੋ ਕਲਾਕਾਰ ਦੀ ਕਲਾ ਪ੍ਰਤੀ ਸੋਝੀ ਦਾ ਇੱਕ ਅਤੀ ਸੁੰਦਰ ਨਮੂਨਾ ਹੈ। ਪੱਤੇ ਹਰੇ, ਫੁੱਲ ਭੁਰੇ, ਡੋਡੀਆਂ ਸੰਗਤਰੀ ਅਤੇ ਉਹਨਾਂ ਦੀਆਂ ਡੰਡੀਆਂ ਭੂਰੀਆਂ ਹਰੀਆਂ ਚਿੱਤਰੀਆਂ ਹੋਈਆਂ ਹਨ। ਡੀਜ਼ਾਇਨ ਵਿੱਚ ਇੱਕਸਾਰਤਾ ਦਾ ਗੁਣ ਹਰ ਥਾਂ ਦੇਖਣ ਨੂੰ ਮਿਲਦਾ ਹੈ। ਕਲਾ ਦੇ ਪੱਖੋਂ ਇਹ ਡੀਜ਼ਾਇਨਾਂ ਦੇ ਨਮੂਨੇ ਅਤੀ ਸੁੰਦਰ ਹਨ। ਚਿੱਟੀ ਪਿੱਠ ਭੂਮੀ ਉੱਤੇ ਕੋਲਮਾ ਭਰਭੂਰ ਡੰਡੀਆਂ ਇੱਕ ਦੂਜੀ ਨੂੰ ਪਾਰ ਕਰਕੇ ਦੂਸਰੇ ਫੁੱਲਾਂ ਤੱਕ ਪਹੁੰਚਦੀਆ ਦਿਖਾਈਆਂ ਹਨ। ਇਸ ਤਰ੍ਹਾਂ ਇਸ ਵਿੱਚ ਅਨੰਤਤਾ ਦਾ ਭਰਭੂਰ ਗੁਣ ਹੈ ਜੋ ਇਸ ਕਲਾ (ਡੀਜ਼ਾਇਨ) ਦੀ ਜਿੰਦ-ਜਾਨ ਅਖਵਾਉਂਦੀ ਹੈ।

**ਅੰਤ:-** ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇੱਥੇ ਬਹੁਸ਼ੈਲੀ ਕਲਾ ਦਾ ਇੱਕ ਵੱਡਾ ਅਤੇ ਵੱਡਮੁੱਲਾ ਖਜ਼ਾਨਾ ਹੈ। ਚਿੱਤਰਾਂ ਤੋਂ ਲੈ ਕੇ ਡੀਜ਼ਾਇਨਾਂ ਤੱਕ, ਕੰਧਾਂ ਤੋਂ ਲੈ ਕੇ ਉਨ੍ਹਾਂ ਉੱਪਰ ਬਣੇ ਪੈਨਲਾਂ ਅਤੇ ਛੱਤਾਂ ਤਕ, ਕਾਲਾਕਾਰਾਂ ਨੇ ਬੜੀ ਨਿਸ਼ਠਾ ਦੇ ਨਾ਼ਲ ਆਪਣੀ ਕਲਾ ਪ੍ਰਤੀ ਲੱਗਨਤਾ ਦਾ ਸਬੂਤ ਪੇਸ਼ ਕੀਤਾ ਹੈ। ਜਿਸ ਦਾ ਜਿੰਨਾ ਵੀ ਵਰਨਣ ਕੀਤਾ ਜਾਵੇ ਉਨ੍ਹਾਂ ਹੀ ਘੱਟ ਲੱਗਦਾ ਹੈ।



ਪੰਡੋਰੀ ਧਾਮ ਦੀ ਇਮਾਰਤ ਦਾ ਮੁੱਖ ਦਵਾਰ (ਗੁਰਦਾਸਪੁਰ)



ਪਵਨ ਪੁੱਤਰ ਹਨੂੰਮਾਨ ਜੀ (ਗੁਰਦਾਸਪੁਰ)



ਅਖਾੜੇ ਵਿੱਚ ਘੁੱਲਦੇ ਪਹਿਲਵਾਨ



ਧਾਮ ਦੇ ਇੱਕ ਦਰਵਾਜੇ ਵਿੱਚ ਲੇਖਕ ਲੇਖਕਾ ਅਤੇ ਗੁਰੂਜਨ



ਡੀਜ਼ਾਇਨਾਂ ਦੇ ਵੱਖ ਵੱਖ ਨਮੂਨੇ

ਇੱਥੇ ਹਰੇਕ ਤਰ੍ਹਾਂ ਦੀ ਕਲਾ, ਇੱਕ ਉੱਤਮ ਕਲਾ ਦੀ ਜਿਉਂਦੀ-ਜਾਗਦੀ ਮਿਸਾਲ ਹੈ।

# ਡਾ.ਮਨਮੋਹਨ ਸਿੰਘ ਤੀਰ ਦਾ ਸਫ਼ਰਨਾਮਾ 'ਯਾਦਾਂ ਵਾਘਿਓਂ ਪਾਰ ਦੀਆਂ' ਦਾ ਲੋਕ-ਅਰਪਣ ਅਤੇ ਗੋਸ਼ਟੀ

**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਡਾ. ਮਨਮੋਹਨ ਸਿੰਘ ਤੀਰ ਦਾ ਪਾਕਿਸਤਾਨੀ ਸਫ਼ਰਨਾਮਾ 'ਯਾਦਾਂ ਵਾਘਿਓਂ ਪਾਰ ਦੀਆਂ' ਦਾ ਲੋਕ-ਅਰਪਣ ਅਤੇ ਗੋਸ਼ਟੀ ਸਮਾਗਮ ਜ਼ਿਲ੍ਹਾ ਲਾਇਬ੍ਰੇਰੀ ਹੁਸ਼ਿਆਰਪੁਰ ਵਿਚ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀ. ਸਰਕਾਰੀ ਕਾਲਜ ਡਾ. ਪਰਮਜੀਤ ਸਿੰਘ, ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਯੂਨੀਵਰਸਿਟੀ, ਪ੍ਰੋ. ਬਲਦੇਵ ਸਿੰਘ ਬੱਲੀ, ਸ਼ਾਇਰ ਮਦਨ ਵੀਰਾ ਅਤੇ ਡਾ. ਜਸਵੰਤ ਰਾਏ ਨੇ ਕੀਤੀ।ਸ਼ੁਰੂ ਵਿਚ ਜੀ ਆਇਆਂ ਸ਼ਬਦ ਸਭਾ ਦੇ ਸਰਪ੍ਰਸਤ ਸ਼ਾਇਰ ਜਸਬੀਰ ਸਿੰਘ ਧੀਮਾਨ ਨੇ ਆਖੇ।ਪਹਿਲਾ ਪਰਚਾ ਪੇਸ਼ ਕਰਦਿਆਂ ਡਾ. ਲਖਵਿੰਦਰਜੀਤ ਕੌਰ ਮੁਖੀ ਪੰਜਾਬੀ ਵਿਭਾਗ ਐੱਸ.ਪੀ.ਐੱਨ. ਮੁਕੇਰੀਆਂ ਨੇ ਕਿਹਾ ਕਿ ਇਹ ਸਾਹਿਤਕ ਕਿਰਤ ਸਫ਼ਰਨਾਮਾ ਜਗਤ ਵਿਚ ਉਤਮ ਬਿਰਤਾਂਤਕ ਰਚਨਾ ਹੈ। ਪ੍ਰੋ. ਬੱਲੀ ਨੇ ਪੰਜਾਬੀ ਸਫ਼ਰਨਾਮੇ ਦੇ ਇਤਿਹਾਸ ਬਾਰੇ ਦੱਸਦਿਆਂ ਇਸਨੂੰ ਮਾਨਵਵਾਦੀ ਰਚਨਾ ਦਾ ਮੁਜੱਸਮਾ ਕਿਹਾ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਸ਼ਾਇਰ ਮਦਨ ਵੀਰਾ ਨੇ ਇਸਨੂੰ ਸਿਮਰਤੀਆਂ ਦਾ ਖ਼ਜ਼ਾਨਾ ਕਹਿੰਦਿਆਂ ਸਫ਼ਰਨਾਮਾ ਜਗਤ ਵਿਚ ਉਤਮ ਤਜ਼ਰਬਾ ਕਿਹਾ। ਪ੍ਰਿੰਸੀ. ਧਰਮ ਪਾਲ ਸਾਹਿਲ ਨੇ ਇਸਨੂੰ ਪਾਠਕ ਨਾਲ ਦਿਲਚਸਪੀ ਵਾਲੀ ਸਾਂਝ ਪਾਉਣ ਵਾਲੀ ਰਚਨਾ ਦੱਸਿਆ। ਵਿਦਿਆਰਥੀ ਪਰਮਜੀਤ ਸਿੰਘ ਨੇ ਇਸ ਸਫ਼ਰਨਾਮੇ ਦੀਆਂ ਮੁਹੱਬਤੀ ਸਾਝਾਂ ਬਾਰੇ ਗੱਲਾਂ ਕੀਤੀਆਂ। ਪ੍ਰਿੰਸੀ. ਡਾ. ਪਰਮਜੀਤ ਸਿੰਘ ਨੇ ਡਾ. ਤੀਰ ਦੇ ਸਾਹਿਤਕ ਸਫ਼ਰ ਦੀਆਂ ਭਾਵਪੂਰਤ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਫ਼ਰਨਾਮੇ ਬਾਰੇ ਬੜੀਆਂ ਮੁਲਵਾਨ ਗੱਲਾਂ ਕੀਤੀਆਂ। ਡਾ. ਪਰਮਜੀਤ ਕੌਰ ਤੀਰ ਨੇ ਇਸ ਸਫ਼ਰਨਾਮੇ ਦੇ ਸੰਦਰਭ ਵਿਚ 1984 ਦੇ ਮਾਹੌਲ ਬਾਰੇ ਦਿਲ ਦਹਿਲਾਉਣ ਵਾਲੀਆਂ ਟਿੱਪਣੀਆਂ ਕੀਤੀਆਂ।ਅੰਤ ਵਿਚ ਸਾਰੇ ਪ੍ਰੋਗ੍ਰਾਮ ਨੂੰ ਸਮੇਟਦਿਆਂ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਇਹ ਸਫ਼ਰਨਾਮਾ 1947 ਤੇ 1984 ਦੇ ਦੁਖਾਂਤ ਨੂੰ ਬਹੁਤ ਗਹਿਰ ਗੰਭੀਰ ਮੁੱਦਿਆਂ ਸਹਿਤ ਪੇਸ਼ ਕਰਦਾ ਹੈ। ਸਾਰਾ ਸਫ਼ਰਨਾਮਾ ਇੰਨਾ ਦਿਲਚਸਪ ਹੈ ਕਿ ਇੱਕੋ ਬੈਠਕ ਵਿਚ ਪੜ੍ਹਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀਆਂ ਪੁਸਤਕਾਂ ਦੀ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਲੋੜ ਹੈ।



ਪ੍ਰੋਗ੍ਰਾਮ ਦੌਰਾਨ ਧੰਨਵਾਦੀ ਸ਼ਬਦ ਸਭਾ ਦੇ ਮੀਤ ਪ੍ਰਧਾਨ ਸੁਰਿੰਦਰ ਕੰਗਵੀ ਨੇ ਆਖੇ।ਸਾਰੇ ਪ੍ਰੋਗ੍ਰਾਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਆਯੂਸ ਸ਼ਰਮਾ, ਗੁਰਪ੍ਰੀਤ ਕੌਰ, ਡਾ. ਰਵਿੰਦਰ ਕੌਰ, ਪ੍ਰਿੰਸੀ. ਸਤਵੰਤ ਕਲੋਟੀ, ਅਭਿਜੀਤ , ਸੋਮਦੱਤ ਸਿਲਗੀਰ, ਹਰਵਿੰਦਰ ਸਾਹਬੀ, ਵਿਕਰਮ ਚੰਦੇਲ, ਜਤਿੰਦਰ ਕੁਮਾਰ, ਮੈਡਮ ਹਰਦੀਪ ਗਿੱਲ, ਮੈਡਮ ਸੁਰਜੀਤ ਕੌਰ, ਲੈਕ. ਲਵਜਿੰਦਰ ਸਿੰਘ, ਕਰਨੈਲ ਸਿੰਘ ਕੇਨਨਾਮਾ, ਸੁਰਿੰਦਰ ਸਿੰਘ ਨੇਕੀ, ਡਾ. ਸੁਖਦੀਪ ਕੌਰ, ਪ੍ਰੀਤ ਨੀਤ ਪੁਰ, ਰਮਨ ਕੁਮਾਰ, ਤ੍ਰਿਪਤਾ ਕੇ. ਸਿੰਘ, ਸਤੀਸ਼ ਕੁਮਾਰ, ਲਾਲ ਸਿੰਘ ਕਹਾਣੀਕਾਰ, ਅਤੇ ਹੋਰ ਸਾਹਿਤਕ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ**
**(98158-25999)**

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

# ਵਾਤਾਵਰਣ ਬਚਾਓ - ਇੱਕ ਉਪਰਾਲਾ



ਪਰਸ਼ੋਤਮ ਲਾਲ ਸਰੋਏ
91-92175-44348

ਮੱਛਲੀ ਜਲ ਦੀ ਰਾਣੀ ਹੈ, ਪੜਦੇ ਰਹੇ ਵਿੱਚ ਕਿਤਾਬਾਂ,
ਜੀਵਨ ਇਸ ਦਾ ਪਾਣੀ ਹੈ, ਸੁਣਦੇ ਰਹੇ ਵਾਂਗ ਨਵਾਬਾਂ।
ਕੀ ਕਿਸੇ ਨੇ ਇਸ ਗੱਲ ਉੱਤੇ, ਗੌਰ ਕਦੇ ਹੈ ਕੀਤਾ,
ਜਾਂ ਇਹ ਗੱਲ ਦਿਮਾਗ਼ ਦੇ ਵਿੱਚੋਂ, ਲੰਘ ਗਈ ਵਾਂਗ ਖ਼ੁਆਬਾਂ।
ਵਾਤਾਵਰਣ ਸੁਰੱਖਿਅਤ ਦਾ, ਭਾਵੇਂ ਰੌਲਾ ਪਾਈ ਜਾਂਦੇ,
ਮਦਮਸਤ ਮਜ਼ਮੂਨ ਇਹ ਭੁੱਲੇ, ਪੀਤੀਆਂ ਲੱਗਣ ਸ਼ਰਾਬਾਂ।
ਜੀਵ ਵੀ ਹੈ ਮਛਲੀ ਦੇ ਵਾਂਗਰ, ਬਿੰਨ ਪਾਣੀ ਨਾ ਜੀਵੇ,
ਦੁਰਵਰਤੋਂ ਦੇ ਜ਼ਾਇਕੇ ਵਾਲੇ, ਫਸ ਬੈਠਾ ਵਿੱਚ ਲਾਭਾਂ।
ਵਾਤਾਵਰਣ ਅਸੁਰੱਖਿਅਤ ਹੋਵੇ, ਜੀਵਨ ਖ਼ਤਰੇ ਪੈਂਦਾ,
ਸੋਚ-ਸਮਝ ਦਾ ਪੈਂਡਾ ਮੱਲ ਕੇ, ਤੁਰੀਏ ਨਾਲ ਹਿਸਾਬਾਂ।
ਪਾਣੀ ਤੱਕ ਵੀ ਗੰਧਲਾ ਰੋਇਆ, ਹਵਾ ਵੀ ਇਹੀਓ ਰੋਣਾ ਰੋਇਆ,
ਵਾਤਾਵਰਣ ਕਿਉਂ ਹੈ ਜ਼ਹਿਰੀਲਾ, ਸਮਝੀ ਨਾ ਗੱਲ ਨਵਾਬਾਂ।
ਚਾਰੇ ਪਾਸੇ ਸਮੌਗ ਦਾ ਰੌਲਾ, ਸੁਣ-ਸੁਣ ਬੰਦਾ ਹੋ ਰਿਹਾ ਬੋਲਾ,
ਤੋਬਾ ਤੋਬਾ ਹੋ ਗਈ ਸਾਰੇ, ਰੇ ਬਾਬਾ ਰੇ ਬਾਬਾ।
ਮਿੱਟੀ, ਪਾਣੀ, ਤੇ ਜਲਵਾਯੂ, ਸਭ ਕੁਝ ਗੰਧਲਾ ਹੋਇਆ,
ਹਰ ਪਾਸੇ ਪ੍ਰਦੂਸ਼ਣ ਦਾ ਹੀ, ਪੈ ਗਿਆ ਸ਼ੋਰ-ਸ਼ਰਾਬਾ।
ਸ਼ੁੱਧਤਾ ਤਾਂ ਕਿਧਰੇ ਖੋ ਗਈ, ਜ਼ਮੀਰ ਤੱਕ ਵੀ ਕਿਤੇ ਸੌ ਗਈ,
ਮਨਾਂ ਵਿੱਚ ਪ੍ਰਦੂਸ਼ਣ ਭਰਿਆ, ਖੋਲ ਕੇ ਬਹਿ ਗਿਆ ਢਾਬਾ।
ਵਾਤਾਵਰਣ ਗੰਧ ਨਾਲ ਭਰਿਆ, ਸਿਆਸਤ ਗੰਧਲੀ ਹੋ ਨੱਚੇ,
ਜੀਵਨ ਮੌਤ ਕਿਨਾਰੇ ਕੀਤਾ, ਮੱਲੋ-ਮੱਲੀ ਬਣੇ ਜਨਾਬਾਂ।
ਪਰਸ਼ੋਤਮ! ਰਲ ਕਰੀਏ ਉਪਰਾਲਾ, ਨਹੀਂ ਤਾਂ ਹੋ ਜਾਊ ਘਾਲਾਮਾਲਾ,
ਜੀਵਨ ਦੀ ਟੁੱਟ ਡੋਰ ਹੈ ਜਾਣਾ, ਜ਼ਿੰਦ ਬਣਨੀ ਵਾਂਗ ਖੁਆਬਾਂ।
ਸਰੋਏ! ਜੀਵਨ ਵਾਲਾ ਧੂਆਂ, ਭਾਫ਼ ਬਣ ਕੇ ਉੱਡ ਜਾਣਾ,
ਨਿੱਘ ਪੈਰਾਂ ਨੂੰ ਦੇਵਣ ਜੋ, ਫਟ ਜਾਣੀਆਂ ਸਭ ਜ਼ੁਰਾਬਾਂ।
ਵਾਤਾਵਰਣ ਸੁਰੱਖਿਅਤ ਨਾਲ ਹੀ, ਜੀਵਨ ਸੁਰੱਖਿਅਤ ਹੁੰਦਾ,
ਫਰਜ ਜਾਣ ਉਪਰਾਲਾ ਕਰੀਏ, ਨਾ ਕਰੀਏ ਵਿੱਚ ਦਾਬਾਂ।

# ਵੀਰਾ ਆਖ ਬੁਲਾਉਣ ਵਾਲੀਏ

ਵੀਰਾ ਆਖ ਬੁਲਾਉਣ ਵਾਲੀਏ , ਭੈਣੇ ਤੂੰ ਮੁੱਖ ਮੋੜ ਰਹੀ ,
ਸੁੱਤੇ ਅਰਮਾਨ ਜਗਾਕੇ ਤੂੰ, ਵਿਸ਼ਵਾਸ ਮੇਰੇ ਨੂੰ ਤੋੜ ਰਹੀ ।

ਤੂੰ ਸੋਚਿਆ ਹੋਣਾ ਰਿਸਤਾ ,ਤੋੜ ਝੜਾਉਣਾ ਆਉਣਾ ਨਈ ,
ਮੈਨੂੰ ਸਕੇ ਭਰਾਵਾਂ ਵਾਂਗਰ, ਲਾਡ ਲੜਾਉਣਾ ਆਉਣਾ ਨਈ ।

ਇੱਕ ਕੁੱਖੋ ਜਾਏ ਬਿੰਨ ਤੈਨੂੰ , ਕੀ ਭੈਣ ਨਈ ਕਹਿ ਸਕਦਾ ?
ਜਾ ਤੇਰੇ ਮਾਪਿਆ ਦਾ ਮੈ, ਪੁੱਤਰ ਬਣ ਨਈ ਰਹਿ ਸਕਦਾ ?

ਤੈਨੂੰ ਜਾਨੋ ਵੱਧ ਪਿਆਰ ਕਰਾ, ਤੇਰੀ ਹਰ ਰੀਝ ਪੁੰਗਾਉਗਾ,
ਲੜ ਕੇ , ਪੜ ਕੇ ਕੱਠੇ ਨੀ, ਰੋਦੀ ਨੂੰ ਹੱਥੀ ਡੋਲੀ ਪਾਉਗਾ ।

ਧੀਆ- ਭੈਣਾ ਨੂੰ ਮਾਰਨ ਲੋਕੀ , ਮੈ ਲੱਭਦਾ ਫਿਰਦਾ ਸੀ ,
ਤੇਰੇ ਮਿਲਣ ਤੋ ਪਹਿਲਾ, ਦਰ - ਦਰ ਵੱਜਦਾ ਫਿਰਦਾ ਸੀ ।

ਇਸ ਨਿਰਮੋਹੀ ਦੁਨਿਆ ਵਿੱਚ , ਮੈ ਕੱਲਾ ਰਹਿ ਗਿਆ ਸੀ ,
ਪਵਿੱਤਰ ਰਿਸ਼ਤੇ ਦਾ ਚਾਅ, ਸੁੱਪਣਾ ਹੀ ਰਹਿ ਗਿਆ ਸੀ ।

ਮਾਪਿਆ ਤੇ ਇੱਕ ਭੈਣ ਬਿੰਨਾ ,ਹੋਰ ਕੁੱਝ ਨਈ ਮੈਨੂੰ ਚਾਹੀਦਾ,
ਤੇਰੇ ਬਿੰਨ ਮਰਜਾਣੀਏ ਨੀ, ਮੈਥੋ ਬੋਝ ਨਈ ਦਿਲ ਤੋ ਲਾਹੀਦਾ।

ਇੱਕ ਪਲਦਾ ਵੀ ਪਤਾ ਨਹੀ , ਛੱਡ ਦੁਨਿਆ ਨੂੰ ਤੁੱਰ ਜਾਣਾ,
ਇਹ ਜਿੰਦਗੀ ਵਾਗ ਪਤਾਸੇ ਦੇ, ਪਾਣੀ ਦੇ ਵਿੱਚ ਖੁਰ ਜਾਣਾ ।

ਵਿਸ਼ਵਾਸ ਰਿਹਾ ਨਾ ਭਿੰਦਰ ਦਾ, ਕਈ ਕਹਾਣੀਆਂ ਬਣਨਗੀਆ,
ਪਾਕ ਵਾਲੀ ਕੋਈ ਗੱਲ ਰਹੂ ਨਾ, ਆਉਦੀਆ ਨਸਲਾ ਭਰਨ ਗਈਆ ।

- ਭਿੰਦਰ ਸਿੰਘ ਬਰਾੜ

# ਨਾਵਲਕਾਰ 'ਸੜਕਨਾਮਾ' ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਰੂ-ਬ-ਰੂ

**ਹੁਸ਼ਿਆਰਪੁਰ-** ਬੀਤੇ ਦਿਨੀ ਪੰਜਾਬੀ ਸਾਹਿਤ ਸਭਾ (ਰਜਿ.) ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਵਿਚ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪ੍ਰਸਿੱਧ ਨਾਵਲ ਬਲਦੇਵ ਸਿੰਘ ਸੜਕਨਾਮਾ ਰੂ-ਬ-ਰੂ ਹੋਏ।ਸਾਹਿਤ ਸਭਾ ਦੇ ਸਰਪ੍ਰਸਤ ਡਾ. ਕਰਮਜੀਤ ਅਤੇ ਕਿਤੂੰ ਪ੍ਰੰਤੂ ਦਾ ਵਿਸ਼ਾ ਵੀ ਬਣਿਆ ਬਾਰੇ ਭਾਵਪੂਰਤ ਗੋਸ਼ਟੀ ਕੀਤੀ ਗਈ।'ਸੂਰਜ ਦੀ ਅੱਖ' ਦੀ ਉਪਜੀ ਭਖਵੀ ਬਹਿਸ ਸਬੰਧੀ ਸਾਹਿਤ ਸਭਾ ਦੇ ਮੈਂਬਰਾਂ ਵਲੋਂ ਪੁੱਛੇ ਇੱਕ ਦਿਲਚਸਪ ਸਵਾਲ ਦਾ ਜਵਾਬ ਦਿੰਦਿਆਂ ਸੜਕਨਾਮਾ ਨੇ ਕਿਹਾ ਕਿ ਉਹ



ਸਿੰਘ ਅਤੇ ਕੁਲਤਾਰ ਸਿੰਘ ਕੁਲਤਾਰ ਨੇ ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦੇ ਸਾਹਿਤਕ ਸਫਰ ਤੇ ਝਾਤ ਪੁਆਈ।ਸੜਕਨਾਮਾ ਨੇ ਆਪਣੇ ਨਾਵਲਾਂ ਦੀ ਸਿਰਜਨ ਪ੍ਰਕਿਰਿਆ ਬਾਰੇ ਨਿੱਠ ਕੇ ਗੱਲਾਂ ਕਰਦਿਆਂ ਦੱਸਿਆ ਕਿ ਇਤਿਹਾਸਕ ਨਾਵਲਾਂ ਖਾਸ ਕਰਕੇ 'ਢਾਹਾਂ ਦਿੱਲੀ ਦੇ ਕਿੰਗਰੇ' ਲਿਖਦਿਆਂ ਦੁੱਲਾ ਭੱਟੀ ਬਾਰੇ ਇਤਿਹਾਸਕ ਖੋਜ ਲਈ ਮੈਨੂੰ ਕਈ ਵਾਰ ਪਾਕਿਸਤਾਨ ਜਾਣਾ ਪਿਆ।ਇਤਿਹਾਸਕ ਚੀਜ਼ਾਂ ਵੱਧ ਮਿਹਨਤ ਅਤੇ ਫੀਲਡ ਵਰਕ ਦੀ ਮੰਗ ਕਰਦੀਆਂ ਹਨ।ਇਨ੍ਹੀ ਦਿਨੀ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਤੇ ਲਿਖਿਆ ਇਤਿਹਾਸਕ ਨਾਵਲ 'ਸੂਰਜ ਦੀ ਅੱਖ' ਜੋ ਸਾਹਿਤਕ ਹਲਕਿਆਂ ਵਿਚ ਬਹੁਤ ਚਰਚਾ ਭਵਿੱਖ ਵਿਚ ਵੀ ਸਿੱਖ ਇਤਿਹਾਸ ਅਤੇ ਸਿੱਖ ਜਰਨੈਲਾਂ ਬਾਰੇ ਆਪਣੀਆਂ ਖੋਜ ਭਰਪੂਰ ਲਿਖਤਾਂ ਦਾ ਸਫਰ ਬਾ-ਦਸਤੂਰ ਜਾਰੀ ਰੱਖੇਗਾ।ਇਸ ਮੌਕੇ ਪੰਜਾਬੀ ਸਾਹਿਤ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਦੀ ਪੁਸਤਕ ਉਕਥਾਵਾਂ ਬਿਸਤ ਦੁਆਬ ਦੀਆਂ" ਵੀ ਸੜਕਨਾਮਾ ਨੂੰ ਭੇਟ ਕੀਤੀ ਗਈ। ਇਸ ਮੌਕੇ ਡਾ. ਮਨਮੋਹਨ ਸਿੰਘ ਤੀਰ, ਜਸਬੀਰ ਸਿੰਘ ਧੀਮਾਨ, ਪ੍ਰਿੰਸੀ. ਗੁਰਮੇਲ ਸਿੰਘ, ਆਯੂਸ਼ ਸ਼ਰਮਾ, ਪਰਮਜੀਤ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**(9815825999)**

# 'ਅਪਰਾਧ ਨਹੀ ਹੋ ਰਹੇ ਘੱਟ'

ਰਿਸ਼ੀਆਂ-ਮੁਨੀਆਂ ਦੀ ਧਰਤੀ ਤੇ ਹਾਂ ਰਹਿੰਦੇ,
ਜਿਥੇ 'ਮਹਾਂਪੁਰਸ਼ਾਂ' ਬੋਲਿਆ ਬੜਾ ਸੱਚ ਯਾਰੋ!

ਬੇਅੰਤ ਕਿਤਾਬਾਂ, ਗ੍ਰੰਥ ਚੰਗੇ ਸੰਤ-ਬਾਬੇ ,
ਨਿੱਤ ਦਿੰਦੇ ਰਹਿੰਦੇ ਚੰਗੀ ਮੱਤ ਯਾਰੋ!

ਦਿਨ ਰਾਤ ਆਪੋ-ਆਪਣੇ ਸਾਧਨਾ ਤੋਂ
ਸਾਰੇ ਪ੍ਰਚਾਰ ਦੇ ਕੱਢ ਰਹੇ ਵੱਟ ਯਾਰੋ!



ਮੇਜਰ ਫਿਰ ਵੀ ਦਿਨੋਂ-ਦਿਨ ਜਾਣ ਵਧਦੇ,
'ਅਪਰਾਧ' ਨਹੀਂ ਹੋ ਰਹੇ ਘੱਟ ਯਾਰੋ!

**ਮੇਜਰ ਸਿੰਘ 'ਬੁਢਲਾਡਾ'**
94176 42327

# ਬਜ਼ਾਰ ਦੀ ਮਾਰ!



**- ਤਰਲੋਚਨ ਸਿੰਘ 'ਦੁਪਾਲਪੁਰ'**
001-408-915-1268

ਮਮਤਾ ਧੂਹ ਕੇ ਮਾਵਾਂ ਦੇ ਦਿਲਾਂ ਵਿਚੋਂ
ਰਾਹ ਧਨ ਕਮਾਉਣ ਦੇ ਪਾਈਆਂ ਨੇ।

ਆਏ ਸਮਝਦੇ 'ਨੀਵੀਆਂ' ਆਪਣੇ ਤੋਂ
ਦਿੱਤੀ ਇਹ 'ਬਰਾਬਰੀ' ਭਾਈਆਂ ਨੇ।

ਦੇਖ-ਰੇਖ ਵਿਚ ਬੱਚੇ ਨੂੰ ਪਾਲਣਾ ਸੀ
ਉਹ 'ਡਿਊਟੀਆਂ' ਸਭ ਭੁਲਾਈਆਂ ਨੇ।

ਬਾਲ ਜੰਮਦੇ ਤੋਰ ਸਕੂਲ ਦਿੱਤੇ
ਘੂਰ ਘੱਪ ਕੇ ਬੰਨ੍ਹੀਆਂ 'ਟਾਈਆਂ' ਨੇ।

ਮਾਂ ਦੇ ਮੋਹ ਨੂੰ ਤਰਸਦੇ ਰਹਿਣ ਬੱਚੇ
ਨਵੀਂ ਪੀੜ੍ਹੀ 'ਚ 'ਖੁਸ਼ਕੀਆਂ' ਆਈਆਂ ਨੇ।

ਮਾਰ ਪਈ 'ਬਾਜ਼ਾਰ' ਦੀ ਟੱਬਰਾਂ 'ਤੇ
ਪੱਕੇ ਡੇਰੇ ਲਾ ਲਏ ਬੁਰਾਈਆਂ ਨੇ!

# ਬੁਝਾਰਤਾਂ



**ਤਸਵਿੰਦਰ ਸਿੰਘ ਬੜੈਚ**
**98763-22677**

1 ਗਾਂ ਦਾ ਦੁੱਧ ਚੋਣ ਸਮੇਂ ਗਾਂ ਨੂੰ ਹਿੱਲਣ ਤੋਂ ਰੋਕਣ ਲਈ ਉਸ ਦੀਆਂ ਪਿਛਲੀਆਂ ਲੱਤਾਂ ਵਿਚ ਬੰਨ੍ਹੇ ਰੱਸੇ ਨੂੰ ਕੀ ਕਹਿੰਦੇ ਹਨ?
2 ਫਸਲਾਂ ਦੀ ਰਾਖੀ ਲਈ ਫਸਲਾਂ ਦੇ ਵਿਚ ਲੱਕੜ ਦੀਆਂ ਬੱਲੀਆਂ ਗੱਡ ਕੇ ਬਣਾਈ ਉੱਚੀ ਥਾਂ ਨੂੰ ਕੀ ਕਹਿੰਦੇ ਹਨ?
3 ਉਹ ਕਿਹੜਾ ਸੂਆਂ ਹੈ, ਜਿਸ ਵਿਚ ਇਕ ਵੀ ਬੂੰਦ ਪਾਣੀ ਦੀ ਨਹੀਂ ਹੁੰਦੀ?
4 ਭੁੰਨੇ ਹੋਏ ਜੌਆਂ ਨੂੰ ਕੀ ਕਹਿੰਦੇ ਹਨ?
5 ਬਾਂਸ ਦੀ ਪੰਜ-ਛੇ ਕੁ ਫੁੱਟ ਲੰਮੀ ਸੋਟੀ ਨੂੰ ਕੀ ਕਹਿੰਦੇ ਹਨ?
6 ਤੂਤ ਦੇ ਦਾਣੇਦਾਰ ਫਲ ਨੂੰ ਕੀ ਕਹਿੰਦੇ ਹਨ?
7 ਜਾਗੋ ਕੌਣ ਕੱਢਦੀਆਂ ਹੁੰਦੀਆਂ ਹਨ?
8 ਬੱਚਿਆਂ ਦੇ ਤੁਰਨਾ ਸਿੱਖਣ ਵਾਲੀ ਨਿੱਕੀ ਜਿਹੀ ਲੱਕੜ ਦੀ ਗੱਡੀ ਨੂੰ ਕੀ ਕਹਿੰਦੇ ਹਨ?
9 ਭੇਡਾਂ-ਬੱਕਰੀਆਂ ਦੇ ਇਕੱਠ ਨੂੰ ਕੀ ਕਹਿੰਦੇ ਹਨ?
10 ਹਲ ਜੋੜਨ ਸਮੇਂ ਊਠ ਦੀ ਪਿੱਠ ਉੱਪਰ ਲੱਕੜ, ਰੱਸੇ, ਰੱਸੀਆਂ ਤੇ ਨਮਾਰ ਦੇ ਬਣਾ ਕੇ ਪਾਏ ਢਾਂਚੇ ਨੂੰ ਕੀ ਕਹਿੰਦੇ ਹਨ?

ਉੱਤਰ÷(1) ਨਿਆਣਾ,(2) ਮਨ੍ਹਾ,(3) ਬੋਰੀਆਂ ਸੀਣ ਵਾਲਾ ਸੂਆਂ,(4) ਘਾਟ,(5) ਡਾਂਗ,(6) ਤੂਤੀਆਂ,(7) ਨਾਨਕੀਆਂ,(8) ਗਡੀਰਾ,(9) ਇੱਜੜ,(10) ਬੀਂਡੀ।

1 ਅੰਦਰੋਂ ਲਾਲ ਬਾਹਰੋਂ ਕਾਲੀ, ਚੁਗੀ ਜਾਵਾਂ ਵਿਚ ਰੱਖ ਕੇ ਥਾਲੀ।
2 ਨਵਾਂ ਖਜ਼ਾਨਾ ਘਰ ਵਿਚ ਆਇਆ, ਡੱਬੇ ਵਿਚ ਸੰਸਾਰ ਸਮਾਇਆ।
3 ਉਪਰੋਂ ਫਿੱਕਾ ਅੰਦਰੋਂ ਸਹਿਦ, ਖਾਓ ਜਿਸ ਨੂੰ ਕਹਿੰਦੇ ਵੈਦ।
4 ਅੱਧਾ ਜਲ ਵਿਚ, ਅੱਧਾ ਥਲ ਵਿਚ। ਕੀਟ ਪਤੰਗੇ ਮੱਛਰ ਖਾ ਲੈਂਦਾ, ਅੱਜ-ਕੱਲ੍ਹ ਤੁਹਾਡੇ ਪਿੰਡ ਟੋਭੇ ਵਿਚ ਰਹਿੰਦਾ।
5 ਇਕ ਪੀਲੀ ਲਕੀਰ, ਇਕ ਕਾਲੀ ਲਕੀਰ, ਨਾਂਅ ਉਹਦਾ ਗੁਰਚਰਨੀ, ਬੁੱਝਣੀ ਏ ਤਾਂ ਬੁੱਝ, ਨਹੀਂ ਤਾਂ ਅਠਾਨੀ ਪੈ ਜਾਊ ਭਰਨੀ।
6 ਤਾਰੇ ਕਿੰਜ ਟਿਕਾਏ, ਦੇਖਾਂ ਚੰਨ ਤਾਂ ਹੋਵੇ ਅਚੰਭਾ, ਪੂਰੀ ਧਰਤੀ 'ਤੇ ਤਣਿਆ, ਨਾ ਕੋਈ ਸੋਟੀ, ਨਾ ਹੀ ਖੰਭਾ।
7 ਬਾਤ ਪਾਵਾਂ ਬਤੋਲੀ ਪਾਵਾਂ, ਬਾਤ ਨੂੰ ਲਾਵਾਂ ਝਾਂਜਰਾਂ, ਸਾਰਾ ਪਿੰਡ ਸੌਂ ਗਿਆ, ਨੰਗ ਮਾਰੇ ਚਾਂਗਰਾਂ।
8 ਦੋ ਕੁੜੀਆਂ ਕਾਠ ਵਿਚ ਜੜੀਆਂ, ਚੀਕਾਂ ਮਾਰ ਅਸਮਾਨੀ ਚੜ੍ਹੀਆਂ।
9 ਏਨਾ ਲੰਮਾ ਬੰਦਾ, ਨਾਲ ਉਸ ਦੇ ਤਾਰਾਂ ਦਾ ਸਿਕੰਜਾ।
10 ਲੱਗ-ਲੱਗ ਕਹੇ ਨਾ ਲੱਗਦੇ, ਬਿਨ ਆਖੇ ਲੱਗ ਜਾਂਦੇ, ਮਾਮੇ ਨੂੰ ਲੱਗਦੇ, ਤਾਏ ਨੂੰ ਨਹੀਂ ਲੱਗਦੇ।

ਉੱਤਰ÷(1) ਮਸਰਾਂ ਦੀ ਦਾਲ,(2) ਟੈਲੀਵੀਜ਼ਨ,(3) ਗੰਨਾ,(4) ਡੱਡੂ,(5) ਕਾਟੋ, (6) ਆਕਾਸ਼,(7) ਕੁੱਤਾ,(8) ਬੰਦੂਕ,(9) ਬਿਜਲੀ ਦਾ ਖੰਭਾ,(10) ਬੁੱਲ।

# ਸਾਹਿਤਕਾਰ ਤ੍ਰਿਪਤ ਭੱਟੀ ਦਾ ਰੂਬਰੂ ਅਤੇ ਸਨਮਾਨ

**ਪਟਿਆਲਾ-** ਮਿਤੀ 10 ਨਵੰਬਰ ਨੂੰ ਭਾਈ ਵੀਰ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਾਹਿਤਕਾਰ ਤ੍ਰਿਪਤ ਭੱਟੀ ਦਾ ਰੂਬਰੂ ਅਤੇ ਸਨਮਾਨ ਸਮਾਗਮ ਕੀਤਾ ਗਿਆ। ਇਸ ਸਮਾਗਮ ਦੇ ਸ਼ੁਰੂਆਤੀ ਦੌਰ ਵਿਚ ਚੇਅਰ ਦੇ ਮੁਖੀ ਡਾ. ਗੁਰਨਾਇਬ ਸਿੰਘ ਵੱਲੋਂ ਤ੍ਰਿਪਤ ਭੱਟੀ ਲਈ 'ਜੀ ਆਇਆਂ' ਦੀ ਰਸਮ ਅਦਾ ਕੀਤੀ ਗਈ। ਜੀ ਆਇਆਂ ਦੀ ਰਸਮ ਉਪਰੰਤ ਡਾ. ਮੋਹਨ ਤਿਆਗੀ ਵੱਲੋਂ ਤ੍ਰਿਪਤ ਭੱਟੀ ਦੀ ਸਖ਼ਸ਼ੀਅਤ ਅਤੇ ਰਚਨਾਕਾਰੀ ਬਾਰੇ ਜਾਣ-ਪਛਾਣ ਕਰਵਾਈ ਗਈ। ਇਸ ਰਸਮ ਉਪਰੰਤ ਡਾ. ਭੁਪਿੰਦਰ ਖਹਿਰਾ, ਡਾ. ਸੁਰਜੀਤ ਭੱਟੀ, ਡਾ. ਭੀਮ ਇੰਦਰ ਸਿੰਘ ਅਤੇ ਡਾ. ਪਰਮੀਤ ਕੌਰ ਦੁਆਰਾ ਡਾ. ਭੱਟੀ ਦੀ ਸਖ਼ਸ਼ੀਅਤ ਅਤੇ ਰਚਨਾਕਾਰੀ ਬਾਰੇ ਬੜੇ ਮੁਲੱਵਾਨ ਵਿਚਾਰ ਪੇਸ਼ ਕੀਤੇ ਗਏ। ਇਸ ਤੋਂ ਬਾਅਦ ਡਾ. ਭੱਟੀ ਹਾਜ਼ਰ ਅਧਿਆਪਕਾਂ, ਵਿਦਵਾਨਾਂ ਅਤੇ ਵਿਦਿਆਰਥੀਆਂ ਦੇ ਰੂਬਰੂ ਹੋਏ, ਜਿਸ ਵਿਚ ਉਹਨਾਂ ਨੇ ਆਪਣੇ ਨਿੱਜੀ ਜੀਵਨ ਅਤੇ ਸਾਹਿਤਕਾਰੀ ਦੇ ਸਫ਼ਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇੱਥੇ ਇਹ ਗੱਲ



ਜ਼ਿਕਰਯੋਗ ਹੈ ਕਿ ਡਾ. ਭੱਟੀ ਨੇ ਮਿੰਨੀ ਕਹਾਣੀ ਅਤੇ ਅਨੁਵਾਦ ਦੇ ਖੇਤਰ ਵਿਚ ਆਪਣਾ ਭਰਵਾਂ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਸਰਪ੍ਰਸਤੀ ਵਿਚ ਸਾਹਿਤਕ ਪਰਚੇ 'ਛਿਣ' ਦੀ ਨਿਰੰਤਰ ਸੰਪਾਦਨਾ ਹੋ ਰਹੀ ਹੈ। ਇਸ ਤੋਂ ਬਾਅਦ ਚੇਅਰ ਵਲੋਂ ਡਾ. ਭੱਟੀ ਦੇ ਸਨਮਾਨ ਦੀ ਰਸਮ ਅਦਾ ਕੀਤੀ ਗਈ ਜਿਸ ਵਿਚ ਉਨ੍ਹਾਂ ਨੂੰ ਚੇਅਰ ਵੱਲੋਂ ਇਕ ਸਨਮਾਨ ਚਿੰਨ੍ਹ ਅਤੇ ਦੁਸ਼ਾਲਾ ਭੇਟ ਕੀਤਾ ਗਿਆ। ਇਸ ਮੌਕੇ ਡਾ. ਪਰਮੀਤ ਕੌਰ ਵੱਲੋਂ ਡਾ. ਤ੍ਰਿਪਤ ਭੱਟੀ ਦਾ ਸਨਮਾਨ ਪੱਤਰ ਪੜ੍ਹਿਆ ਗਿਆ।

ਇਸ ਰਸਮ ਵਿਚ ਉਚੇਚੇ ਤੌਰ ਤੇ ਡਾ. ਬਲਜੀਤ ਸੇਖੋਂ. ਡਾ. ਪਰਮਿੰਦਰ ਕੌਰ, ਡਾ. ਪਰਮਜੀਤ ਕੌਰ ਵਰਮਾ, ਡਾ. ਰਜਿੰਦਰ ਲਹਿਰੀ, ਡਾ. ਮੋਹਨ ਤਿਆਗੀ, ਡਾ. ਦੇਵਿੰਦਰ ਸਿੰਘ ਅਤੇ ਡਾ. ਅਨਵਰ ਚਿਰਾਗ ਸ਼ਾਮਿਲ ਹੋਏ। ਇਸ ਸਮਾਗਮ ਵਿਚ ਧੰਨਵਾਦ ਦੀ ਰਸਮ ਡਾ. ਹਰਯੋਧ ਸਿੰਘ ਦੁਆਰਾ ਅਦਾ ਕੀਤੀ ਗਈ ਅਤੇ ਇਸ ਸਮਾਗਮ ਦਾ ਮੰਚ ਸੰਚਾਲਨ ਡਾ. ਮੋਹਨ ਤਿਆਗੀ ਦੁਆਰਾ ਕੀਤਾ ਗਿਆ।


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
WE HANDLE DOT AUDITS
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh


TANDOOR
Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532


L.A. MERCHANDISE
Whole Sale +Retail
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।
LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।
500 N. Palora Ave. Yuba City, CA 95991
Baksho Kaur Bisla Hardev Singh Bisla
530-671-0439, Fax 530-822-0439 Cell- 530-844-3250

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS




## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com